@Qpatrika | @qaumipatrika punjabi | instagram.com/qaumipatrika

Largest Circulated

C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 28 January 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 28 ਜਨਵਰੀ 2026, 15 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 84, qpatrika@gmail.com ਫੋਨ : 9971359517 www.qaumipatrika.org

## ਦੁਨੀਆ ਦਾ ਸਭ ਤੋਂ ਵੱਡਾ ਤੇਲ ਰਿਫਾਈਨ ਕਰਨ ਵਾਲਾ ਦੇਸ਼ ਬਣੇਗਾ ਭਾਰਤ ! EU ਨਾਲ FTA ਮਗਰੋਂ PM ਮੋਦੀ ਨੇ ਕੀਤਾ ਐਲਾਨ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ



ਨਵੀਂ ਦਿੱਲੀ, 27 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ ਦਾ ਊਰਜਾ ਖੇਤਰ 500 ਅਰਬ ਅਮਰੀਕੀ ਡਾਲਰ ਦੇ ਨਿਵੇਸ਼ ਦੇ ਮੌਕੇ ਪ੍ਰਦਾਨ ਕਰਦਾ ਹੈ। ਨਾਲ ਹੀ ਉਨ੍ਹਾਂ ਨੇ ਗਲੋਬਲ ਨਿਵੇਸ਼ਕਾਂ ਨੂੰ ਦੇਸ਼ 'ਚ ਨਿਵੇਸ਼ ਕਰਨ ਦੀ ਅਪੀਲ ਕੀਤੀ। 'ਭਾਰਤ ਊਰਜਾ ਹਫ਼ਤੇ' 2026 ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ,''ਭਾਰਤ ਊਰਜਾ ਖੇਤਰ ਲਈ ਮੌਕਿਆਂ ਦੀ ਧਰਤੀ ਹੈ, ਕਿਉਂਕਿ ਮੰਗ ਲਗਾਤਾਰ ਵਧ ਰਹੀ ਹੈ... ਭਾਰਤ ਜਲਦ ਹੀ ਦੁਨੀਆ ਦਾ ਸਭ ਤੋਂ ਵੱਡਾ ਤੇਲ ਸੋਧ ਕੇਂਦਰ ਵੀ ਬਣ ਜਾਵੇਗਾ।'' ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦਾ ਟੀਚਾ 2030 ਤੱਕ ਤੇਲ ਅਤੇ ਗੈਸ ਖੇਤਰ 'ਚ 100 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਕਰਨਾ ਹੈ। ਤੇਲ ਸੋਧ ਸਮਰੱਥਾ ਨੂੰ 26 ਕਰੋੜ ਟਨ ਪ੍ਰਤੀ ਸਾਲ ਤੋਂ ਵਧਾ ਕੇ 30 ਕਰੋੜ ਮਿਲੀਅਨ ਟਨ ਪ੍ਰਤੀ ਸਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਤੇਜ਼ੀ ਨਾਲ ਸਾਰੇ ਖੇਤਰਾਂ 'ਚ ਸੁਧਾਰ ਕਰ ਰਿਹਾ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਭਾਰਤ-ਯੂਰਪੀ ਸੰਘ ਮੁਕਤ ਵਪਾਰ ਸਮਝੌਤਾ, ਭਾਰਤ-ਬ੍ਰਿਟੇਨ ਵਪਾਰ ਸਮਝੌਤੇ ਦਾ ਪੂਰਕ ਹੈ, ਕਿਉਂਕਿ ਇਸ ਨਾਲ ਨਿਰਮਾਣ ਖੇਤਰ ਨੂੰ ਉਤਸ਼ਾਹ ਮਿਲੇਗਾ ਅਤੇ ਸੇਵਾਵਾਂ ਨੂੰ ਸਮਰਥਨ ਮਿਲੇਗਾ। ਉਨ੍ਹਾਂ ਕਿਹਾ ਕਿ ਲੋਕ, ਭਾਰਤ-ਯੂਰਪੀ ਸੰਘ ਵਪਾਰ ਸਮਝੌਤੇ ਨੂੰ 'ਮਦਰ ਆਲ ਆਫ਼ ਦਿ ਡੀਲਸ' (ਸਭ ਤੋਂ ਅਹਿਮ ਸਮਝੌਤਾ) ਦੱਸ ਰਹੇ ਹਨ। ਇਸ ਸਮਝੌਤੇ ਨੇ 140 ਕਰੋੜ ਭਾਰਤੀਆਂ ਦੇ ਨਾਲ-ਨਾਲ ਯੂਰਪੀ ਲੋਕਾਂ ਲਈ ਵੀ ਕਈ ਮੌਕੇ ਪੈਦਾ ਕੀਤੇ ਹਨ। ਉਨ੍ਹਾਂ ਅਨੁਸਾਰ, ਇਹ 2 ਅਰਥਵਿਵਸਥਾਵਾਂ ਵਿਚਾਲੇ ਤਾਲਮੇਲ ਦਾ ਇਕ ਸ਼ਾਨਦਾਰ ਉਦਾਹਰਣ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਇਹ ਸਮਝੌਤਾ ਗਲੋਬਲ ਜੀਡੀਪੀ ਦਾ 25 ਫੀਸਦੀ ਅਤੇ ਗਲੋਬਲ ਵਪਾਰ ਦਾ ਇਕ ਤਿਹਾਈ ਹਿੱਸਾ ਹੈ। 'ਭਾਰਤ ਊਰਜਾ ਹਫ਼ਤਾ' 2026 ਊਰਜਾ ਸੁਰੱਖਿਆ, ਸਥਿਰਤਾ ਅਤੇ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹ ਦੇਣ ਲਈ ਨੀਤੀ-ਨਿਰਮਾਤਾਵਾਂ, ਉਦਯੋਗਪਤੀਆਂ ਅਤੇ ਨਵੀਨਤਾਕਾਰਾਂ ਨੂੰ ਇਕਜੁਟ ਕਰਨ ਵਾਲਾ ਇਕ ਮੁੱਖ ਗਲੋਬਲ ਮੰਚ ਹੈ।

### ਪੂਰੀ ਹੋਈ ਬਜਟ ਦੀ ਤਿਆਰੀ, 'ਹਲਵਾ ਸੈਰੇਮਨੀ' 'ਚ ਸ਼ਾਮਲ ਹੋਈ ਵਿੱਤ ਮੰਤਰੀ ਨਿਰਮਲਾ ਸੀਤਾਰਮਨ

ਨਵੀਂ ਦਿੱਲੀ, 27 ਜਨਵਰੀ : ਕੇਂਦਰੀ ਬਜਟ 2026-27 ਦੀਆਂ ਤਿਆਰੀਆਂ ਹੁਣ ਆਪਣੇ ਅੰਤਿਮ ਪੜਾਅ 'ਚ ਦਾਖਲ ਹੋ ਗਈਆਂ ਹਨ। ਬੁੱਧਵਾਰ ਨੂੰ ਨਵੀਂ ਦਿੱਲੀ ਦੇ ਨਾਰਥ ਬਲਾਕ ਸਥਿਤ ਬਜਟ ਪ੍ਰੈੱਸ 'ਚ ਰਵਾਇਤੀ 'ਹਲਵਾ ਸੈਰੇਮਨੀ' ਨਿਭਾਈ ਗਈ। ਇਸ ਰਸਮ ਦੇ ਨਾਲ ਹੀ 1 ਫਰਵਰੀ ਨੂੰ ਵਿੱਤ ਮੰਤਰੀ ਵੱਲੋਂ ਸੰਸਦ 'ਚ ਬਜਟ ਪੇਸ਼ ਕੀਤੇ ਜਾਣ ਤੋਂ ਪਹਿਲਾਂ ਤਿਆਰੀਆਂ ਦਾ ਆਖਰੀ ਦੌਰ ਸ਼ੁਰੂ ਹੋ ਗਿਆ ਹੈ। ਇਸ ਮੌਕੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਵਿੱਤ ਰਾਜ ਮੰਤਰੀ ਪੰਕਜ ਚੌਧਰੀ ਅਤੇ ਵਿੱਤ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮਾਗਮ ਦੌਰਾਨ ਵਿੱਤ ਮੰਤਰੀ ਨੇ ਬਜਟ ਤਿਆਰ ਕਰਨ 'ਚ ਜੁਟੇ ਅਧਿਕਾਰੀਆਂ ਦੇ ਕੰਮ ਦੀ ਸਮੀਖਿਆ ਕੀਤੀ ਅਤੇ ਉਨ੍ਹਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

## ਯੋਗੀ ਦੇ ਸਮਰਥਨ 'ਚ GST ਡਿਪਟੀ ਕਮਿਸ਼ਨਰ ਨੇ ਦਿੱਤਾ ਅਸਤੀਫ਼ਾ, ਕਿਹਾ- CM ਦਾ ਅਪਮਾਨ ਬਰਦਾਸ਼ਤ ਨਹੀਂ



ਅਯੁੱਧਿਆ/ਲਖਨਊ, 27 ਜਨਵਰੀ : ਉੱਤਰ ਪ੍ਰਦੇਸ਼ ਦੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਅਯੁੱਧਿਆ ਵਿੱਚ ਤਾਇਨਾਤ ਰਾਜ ਕਰ ਵਿਭਾਗ ਦੇ ਜੀ.ਐੱਸ.ਟੀ. ਡਿਪਟੀ ਕਮਿਸ਼ਨਰ ਪ੍ਰਸ਼ਾਂਤ ਕੁਮਾਰ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਪ੍ਰਸ਼ਾਂਤ ਸਿੰਘ ਨੇ ਇਹ ਕਦਮ ਸ਼ੰਕਰਾਚਾਰੀਆ ਵੱਲੋਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵਿਰੁੱਧ ਕੀਤੀ ਗਈ ਕਥਿਤ ਟਿੱਪਣੀ ਦੇ ਵਿਰੋਧ ਵਿੱਚ ਅਤੇ ਮੁੱਖ ਮੰਤਰੀ ਦੇ ਸਮਰਥਨ ਵਿੱਚ ਚੁੱਕਿਆ ਹੈ। ਪ੍ਰਸ਼ਾਂਤ ਕੁਮਾਰ ਸਿੰਘ ਨੇ ਆਪਣਾ ਦੋ ਪੰਨਿਆਂ ਦਾ ਅਸਤੀਫ਼ਾ ਰਾਜਪਾਲ ਨੂੰ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਸਮਰਥਨ ਵਿੱਚ ਇਹ ਫੈਸਲਾ ਲੈਣ ਦੀ ਗੱਲ ਕਹੀ ਹੈ। ਉਨ੍ਹਾਂ ਨੇ ਲਿਖਿਆ ਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਲੋਕਤੰਤਰਿਕ ਤਰੀਕੇ ਨਾਲ ਚੁਣੇ ਗਏ ਮੁਖੀ ਹਨ ਅਤੇ ਉਨ੍ਹਾਂ ਦਾ ਅਪਮਾਨ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅਧਿਕਾਰੀ ਅਨੁਸਾਰ, ਉਹ ਪਿਛਲੇ ਤਿੰਨ ਦਿਨਾਂ ਤੋਂ ਸ਼ੰਕਰਾਚਾਰੀਆ ਦੀ ਟਿੱਪਣੀ ਕਾਰਨ ਮਾਨਸਿਕ ਤੌਰ 'ਤੇ ਆਹਤ ਸਨ। ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਸ਼ਾਂਤ ਸਿੰਘ ਨੇ ਕਿਹਾ ਕਿ ਜਿਸ ਪ੍ਰਦੇਸ਼ ਤੋਂ ਉਹ ਵੇਤਨ ਲੈਂਦੇ ਹਨ, ਉਨ੍ਹਾਂ ਦਾ ਫਰਜ਼ ਹੈ ਕਿ ਉਹ ਉਸ ਪ੍ਰਦੇਸ਼ ਦੀ ਲੀਡਰਸ਼ਿਪ ਨਾਲ ਖੜ੍ਹੇ ਹੋਣ। ਉਨ੍ਹਾਂ ਕਿਹਾ, ਮੈਂ ਕੋਈ ਰੋਬੋਟ ਜਾਂ ਯਾਂਤਰਿਕ ਵਿਅਕਤੀ ਨਹੀਂ ਹਾਂ ਕਿ ਚੁੱਪਚਾਪ ਸਰਕਾਰ ਅਤੇ ਮੁੱਖ ਮੰਤਰੀ ਖਿਲਾਫ ਗਲਤ ਗੱਲਾਂ ਸੁਣਦਾ ਰਹਾਂ। ਮੇਰੇ ਅੰਦਰ ਵੀ ਇੱਕ ਦਿਲ ਹੈ ਜੋ ਧੜਕਦਾ ਹੈ, । ਉਨ੍ਹਾਂ ਦਾਅਵਾ ਕੀਤਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਰਾਜਪੱਤਰਿਤ ਅਧਿਕਾਰੀ ਨੇ ਸਰਕਾਰ ਦੇ ਸਮਰਥਨ ਵਿੱਚ ਅਸਤੀਫ਼ਾ ਦਿੱਤਾ ਹੋਵੇ। ਸਾਲ 2023 ਤੋਂ ਅਯੁੱਧਿਆ ਵਿੱਚ ਤਾਇਨਾਤ ਪ੍ਰਸ਼ਾਂਤ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਇਹ ਫੈਸਲਾ ਬਿਨਾਂ ਕਿਸੇ ਦਬਾਅ ਦੇ ਸਵੈ-ਇੱਛਾ ਨਾਲ ਲਿਆ ਹੈ। ਉਨ੍ਹਾਂ ਕਿਹਾ ਕਿ ਅਸਤੀਫ਼ਾ ਸਵੀਕਾਰ ਹੋਣ ਤੋਂ ਬਾਅਦ ਉਹ ਆਪਣੇ ਨਿੱਜੀ ਸਾਧਨਾਂ ਨਾਲ ਸਮਾਜਿਕ ਕਾਰਜਾਂ ਵਿੱਚ ਯੋਗਦਾਨ ਪਾਉਣਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬਰੇਲੀ ਦੇ ਸਿਟੀ ਮੈਜਿਸਟ?ਰੇਟ ਅਲੰਕਾਰ ਅਗਨੀਹੋਤਰੀ ਨੇ ਵੀ ਅਸਤੀਫ਼ਾ ਦਿੱਤਾ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

## ਮਹਿਲਾਵਾਂ ਦੀ ਉੱਨਤੀ ਤੋਂ ਬਿਨਾਂ ਦੇਸ਼ ਦੀ ਤਰੱਕੀ ਅਸੰਭਵ : CM ਐੱਮ.ਕੇ. ਸਟਾਲਿਨ



ਨੈਸ਼ਨਲ ਡੈਸਕ, 27 ਜਨਵਰੀ : ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨੇ ਚੇਨਈ ਵਿਖੇ ਆਯੋਜਿਤ 'ਵਿਸ਼ਵ ਮਹਿਲਾ ਸਿਖਰ ਸੰਮੇਲਨ' ਦੌਰਾਨ ਔਰਤਾਂ ਦੀ ਆਰਥਿਕ ਅਤੇ ਸਮਾਜਿਕ ਆਜ਼ਾਦੀ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਅਜਿਹਾ ਬੁਨਿਆਦੀ ਢਾਂਚਾ ਤਿਆਰ ਕਰਨਾ ਜਾਰੀ ਰੱਖੇਗੀ ਜਿਸ ਨਾਲ ਹਰ ਮਹਿਲਾ ਨਿਡਰ ਹੋ ਕੇ ਪੜ੍ਹ ਸਕੇ, ਆਤਮ-ਨਿਰਭਰ ਬਣ ਸਕੇ ਅਤੇ ਉੱਦਮੀ ਵਜੋਂ ਆਪਣੀ ਪਛਾਣ ਬਣਾ ਸਕੇ। ਸਟਾਲਿਨ ਨੇ ਕਿਹਾ ਕਿ ਤਾਮਿਲਨਾਡੂ ਨੂੰ ਇੱਕ ਹਜ਼ਾਰ ਅਰਬ ਡਾਲਰ ਦੀ ਅਰਥਵਿਵਸਥਾ ਬਣਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਔਰਤਾਂ ਦੀ ਭੂਮਿਕਾ ਸਭ ਤੋਂ ਅਹਿਮ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਤਮਿਲਨਾਡੂ ਵਿੱਚ ਦੇਸ਼ ਦਾ ਸਭ ਤੋਂ ਵੱਡਾ ਮਹਿਲਾ ਵਰਕਫੋਰਸ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਨਿਵੇਸ਼ ਕਰਨ ਵਾਲੀਆਂ ਨਿੱਜੀ ਕੰਪਨੀਆਂ ਹੁਣ ਔਰਤਾਂ ਲਈ ਨੌਕਰੀਆਂ ਰਾਖਵੀਆਂ ਕਰ ਰਹੀਆਂ ਹਨ।

## ਦਿੱਲੀ: ਰਾਜਘਾਟ ਜਾਣਗੇ ਯੂਰਪੀਅਨ ਸੰਘ ਦੇ ਨੇਤਾ, ਕਈ ਰੂਟਾਂ 'ਤੇ ਆਵਾਜਾਈ ਹੋਵੇਗੀ ਪ੍ਰਭਾਵਿਤ

ਨਵੀਂ ਦਿੱਲੀ, 27 ਜਨਵਰੀ : ਯੂਰਪੀ ਸੰਘ ਦੇ ਆਗੂਆਂ ਵੱਲੋਂ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਦੇ ਪ੍ਰੋਗਰਾਮ ਦੇ ਮੱਦੇਨਜ਼ਰ ਰਾਸ਼ਟਰੀ ਰਾਜਧਾਨੀ ਦੇ ਰਾਜਘਾਟ ਅਤੇ ਆਸ-ਪਾਸ ਦੇ ਇਲਾਕਿਆਂ 'ਚ ਮੰਗਲਵਾਰ ਸਵੇਰੇ ਕੁਝ ਘੰਟਿਆਂ ਲਈ ਆਵਾਜਾਈ 'ਤੇ ਪਾਬੰਦੀ ਰਹੇਗੀ। ਯੂਰਪੀਅਨ ਯੂਨੀਅਨ ਦਾ ਵਫ਼ਦ ਅਤੇ ਹੋਰ ਪਤਵੰਤੇ ਮਹਾਤਮਾ ਗਾਂਧੀ ਮੈਮੋਰੀਅਲ ਵਿਖੇ ਆਯੋਜਿਤ ਅਧਿਕਾਰਤ ਸਮਾਗਮ ਵਿੱਚ ਸ਼ਾਮਲ ਹੋਣਗੇ। ਇਹ ਪ੍ਰੋਗਰਾਮ ਸਵੇਰੇ 9.15 ਵਜੇ ਤੋਂ ਸ਼ੁਰੂ ਹੋ ਕੇ ਦੁਪਹਿਰ 12.30 ਵਜੇ ਤੱਕ ਚੱਲੇਗਾ। ਦਿੱਲੀ ਪੁਲਸ ਵੱਲੋਂ ਜਾਰੀ ਟ?ਰੈਫਿਕ ਐਡਵਾਈਜ਼ਰੀ ਅਨੁਸਾਰ ਇਸ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਟ?ਰੈਫਿਕ ਪ੍ਰਬੰਧ ਕੀਤੇ ਜਾਣਗੇ। ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਜੇਕਰ ਲੋੜ ਪਈ ਤਾਂ ਮੁੱਖ ਚੌਰਾਹਿਆਂ 'ਤੇ ਰੂਟ ਮੋੜ ਦਿੱਤੇ ਜਾਣਗੇ, ਜਿਨ੍ਹਾਂ 'ਚ ਆਈਟੀਓ ਚੌਕ, ਦਿੱਲੀ ਗੇਟ, ਗੁਰੂ ਨਾਨਕ ਚੌਕ, ਸ਼ਾਂਤੀਵਨ ਚੌਕ, ਰਾਜਘਾਟ ਡੀਟੀਸੀ ਡਿਪੂ ਅਤੇ ਆਈਪੀ ਫਲਾਈਓਵਰ ਸ਼ਾਮਲ ਹਨ। ਵੀਆਈਪੀਜ਼ ਦੇ ਕਾਫ਼ਲਿਆਂ ਦੀ ਆਵਾਜਾਈ ਅਤੇ ਸੁਰੱਖਿਆ ਪ੍ਰਬੰਧਾਂ ਕਾਰਨ ਬਹਾਦਰ ਸ਼ਾਹ ਜ਼ਫ਼ਰ ਮਾਰਗ, ਆਈਟੀਓ ਚੌਕ, ਦਿੱਲੀ ਗੇਟ, ਸ਼ਾਂਤੀਵਨ ਚੌਕ, ਆਈਪੀ ਫਲਾਈਓਵਰ ਅਤੇ ਆਸਫ਼ ਅਲੀ ਰੋਡ 'ਤੇ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ਤੋਂ ਇਲਾਵਾ ਸ਼ਾਂਤੀਵਨ ਚੌਕ ਤੋਂ ਨਿਸ਼ਾਦ ਰਾਜ ਮਾਰਗ, ਗੁਰੂ ਨਾਨਕ ਚੌਕ ਤੋਂ ਰਣਜੀਤ ਸਿੰਘ ਫਲਾਈਓਵਰ ਅਤੇ ਰਾਜਘਾਟ ਡੀਟੀਸੀ ਡਿਪੂ ਤੋਂ ਰਿੰਗ ਰੋਡ ਬਾਈਪਾਸ ਤੱਕ ਦੇ ਰਸਤਿਆਂ 'ਤੇ ਵੀ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਅਧਿਕਾਰੀਆਂ ਮੁਤਾਬਕ ਮੁੱਖ ਚੌਰਾਹਿਆਂ 'ਤੇ ਪੁਲਸ ਕਰਮਚਾਰੀ ਟਰੈਫਿਕ ਨੂੰ ਕੰਟਰੋਲ ਕਰਨ ਅਤੇ ਲੋਕਾਂ ਦੀ ਮਦਦ ਲਈ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਯਾਤਰੀਆਂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਵੀ ਪਰੇਸ਼ਾਨੀ ਤੋਂ ਬਚਣ ਲਈ ਆਪਣੀ ਯਾਤਰਾ ਦੀ ਪਹਿਲਾਂ ਤੋਂ ਯੋਜਨਾ ਬਣਾਉਣ ਅਤੇ ਉਕਤ ਰੂਟਾਂ ਦੀ ਵਰਤੋਂ ਕਰਨ ਤੋਂ ਬਚਣ, ਖਾਸ ਕਰਕੇ ਉਸ ਸਮੇਂ ਦੌਰਾਨ ਜਦੋਂ ਪਾਬੰਦੀਆਂ ਲਾਗੂ ਹੁੰਦੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਵਾਹਨ ਚਾਲਕਾਂ ਨੂੰ ਟਰੈਫਿਕ ਪੁਲਸ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਬਦਲਵੇਂ ਰਸਤਿਆਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ।




ਯਾਤਾਯਾਤ ਨਿਰਦੇਸ਼ਿਕਾ

ਦਿੱਲੀ ਪੁਲਿਸ
ਸ਼ਾਂਤੀ ਸੇਵਾ ਨਿਆਂ

ਬਿਟਿੰਗ ਰਿਟਰੀਟ ਸਮਾਰੋਹ

29 ਜਨਵਰੀ, 2026




ਗਣਤੰਤਰ ਦਿਵਸ ਸਮਾਰੋਹ, 2026 ਦੇ ਅੰਤਰਗਤ, ਬੀਟਿੰਗ ਰੀਟਰੀਟ ਸਮਾਰੋਹ 29.01.2026 ਨੂੰ ਵਿਜੇ ਚੌਕ ਤੇ ਆਯੋਜਿਤ ਕੀਤਾ ਜਾਵੇਗਾ। ਦਿੱਲੀ ਟ੍ਰੈਫਿਕ ਪੁਲਿਸ ਨੇ ਬੀਟਿੰਗ ਰੀਟਰੀਟ ਸਮਾਰੋਹ ਅਤੇ ਰਾਸ਼ਟਰਪਤੀ ਭਵਨ, ਨਾਰਥ ਬਲਾਕ, ਸਾਊਥ ਬਲਾਕ ਅਤੇ ਸੰਸਦ ਭਵਨ ਦੀ ਰੋਸ਼ਨੀ ਦੇਖਣ ਲਈ ਵਿਸਤ੍ਰਿਤ ਯਾਤਾਯਾਤ ਵਿਵਸਥਾ ਕੀਤੀ ਹੈ।

ਯਾਤਾਯਾਤ ਪ੍ਰਤਿਬੰਧ

GO

ਹੇਠ ਲਿਖੀਆਂ ਯਾਤਾਯਾਤ ਪਾਬੰਦੀਆਂ 29.01.2026 ਨੂੰ 1400 ਵਜੇ ਤੋਂ 2130 ਵਜੇ ਤੱਕ ਲਗਾਈਆਂ ਜਾਣਗੀਆਂ।
1. ਵਿਜੇ ਚੌਕ ਆਮ ਯਾਤਾਯਾਤ ਲਈ ਬੰਦ ਰਹੇਗਾ।
2. ਹੇਠਲਿਖਤ ਸੜਕਾਂ 'ਤੇ ਯਾਤਾਯਾਤ ਦੀ ਇਜਾਜਤ ਨਹੀਂ ਹੋਵੇਗੀ:-
(ਏ) ਆਰ/ਏ ਸੁਨੇਹਰੀ ਮਸਜਿਦ ਅਤੇ ਆਰ/ਏ ਕ੍ਰਿਸ਼ੀ ਭਵਨ ਦੇ ਵਿਚਕਾਰ ਰਫੀ ਮਾਰਗ।
(ਬੀ) ਰਾਇਸੀਨਾ ਰੋਡ ਆਰ/ਏ ਕ੍ਰਿਸ਼ੀ ਭਵਨ ਤੋਂ ਵਿਜੇ ਚੌਕ ਵੱਲ।
(ਸੀ) ਆਰ/ਏ ਦਾਰਾ ਸ਼ਿਕੋਹ ਰੋਡ, ਆਰ/ਏ ਕ੍ਰਿਸ਼ਨਾ ਮੇਨਨ ਮਾਰਗ ਅਤੇ ਆਰ/ਏ ਸੁਨੇਹਰੀ ਮਸਜਿਦ ਤੋ ਅੱਗੇ ਵਿਜੇ ਚੌਕ ਵੱਲ।
(ਡੀ) ਵਿਜੇ ਚੌਕ ਅਤੇ "ਸੀ" ਹੈਕਸਾਗਨ ਦੇ ਵਿਚਕਾਰ ਡਿਊਟੀ ਲੇਨ।
ਆਮ ਲੋਕਾਂ/ਮੋਟਰ ਚਾਲਕਾਂ ਨੂੰ ਵਿਕਲਪਿਕ ਮਾਰਗ ਜਿਵੇਂ ਕਿ ਰਿੰਗ ਰੋਡ, ਰਿਜ ਰੋਡ, ਅਰਬਿੰਦੋ ਮਾਰਗ, ਮਦਰਸਾ ਟੀ-ਪੁਆਇੰਟ, ਸਫਦਰਜੰਗ ਰੋਡ-ਕਮਲ ਅਤਾਤੁਰਕ ਮਾਰਗ, ਰਾਣੀ ਝਾਂਸੀ ਰੋਡ, ਮਿੰਟੋ ਰੋਡ ਆਦਿ ਲੇਨ ਦੀ ਸਲਾਹ ਦਿੱਤੀ ਜਾਂਦੀ ਹੈ।

ਬਸਾਂ ਲਈ ਮਾਰਗ ਪਰਿਵਰਤਨ

ਆਮੰਤ੍ਰਿਤ ਲੋਕਾਂ ਅਤੇ ਦਰਸ਼ਕਾਂ ਦੇ ਵਾਹਨਾਂ ਦੀ ਸਹੂਲਤ ਲਈ ਅਤੇ ਸਮਾਰੂਹ ਸਥਲ ਅਤੇ ਇੰਡੀਆ ਗੇਟ ਦੇ ਆਲੇ-ਦੁਆਲੇ ਦੀਆਂ ਸੜਕਾਂ 'ਤੇ ਯਾਤਾਯਾ ਦੀ ਭੀੜ ਤੋਂ ਬਚਣ ਲਈ, 29.01.2026 ਨੂੰ 1400 ਵਜੇ ਤੋਂ 2130 ਵਜੇ ਤੱਕ ਡੀਟੀਸੀ ਅਤੇ ਹੋਰ ਸਿਟੀ ਬੱਸਾਂ ਨੂੰ ਉਨਾਂ ਦੇ ਸਧਾਰਣ ਮਾਰਗਾਂ ਤੋਂ ਮਾਰਗ ਪਰਿਵਰਤਨ ਕਿਤਾ ਜਾਵੇਗਾ। ਬੱਸਾਂ ਦਾ ਮਾਰਗ ਪਰਿਵਰਤਨ ਇਸ ਪ੍ਰਕਾਰ ਰਹੇਗਾ:-
1. ਸ਼ਾਂਤੀ ਮਾਰਗ-ਵਿਨੈ ਮਾਰਗ-ਸਰਦਾਰ ਪਟੇਲ ਮਾਰਗ ਤੋਂ ਕੇਂਦਰੀ ਸਕੱਤਰੇਤ ਅਤੇ ਕਨਾਟ ਪਲੇਸ ਨੂੰ ਜਾਣ ਵਾਲੀਆਂ ਬੱਸਾਂ ਪੰਚਸ਼ੀਲ ਮਾਰਗ-ਸਾਈਮਨ ਬੋਲੀਵਰ ਮਾਰਗ-ਵੰਦੇ ਮਾਤਰਮ ਮਾਰਗ-ਆਰ/ਏ ਸ਼ਕਰ ਰੋਡ-ਸ਼ੇਖ ਮੁਜੀਬੁਰ ਰਹਿਮਾਨ ਰੋਡ ਤੋਂ ਹੋ ਕੇ ਜਾਣਗੀਆਂ।
2. ਕੇਂਦਰੀ ਸਕੱਤਰੇਤ ਨੂੰ ਜਾਣ ਵਾਲੀਆਂ ਬੱਸਾਂ ਉਡਾਨ ਮਾਰਗ 'ਤੇ ਸਮਾਪਤ ਹੋਣਗੀਆਂ ਅਤੇ ਕਾਲੀ ਬਾੜੀ ਮਾਰਗ-ਮੰਦਰ ਮਾਰਗ-ਸ਼ੰਕਰ ਰੋਡ ਰਾਹੀਂ ਵਾਪਸ ਆਉਣਗੀਆਂ।
3. ਕਨਾਟ ਪਲੇਸ ਨੂੰ ਜਾਣ ਵਾਲੀਆਂ ਬੱਸਾਂ ਮੰਦਰ ਮਾਰਗ-ਕਾਲੀਬਾੜੀ ਮਾਰਗ-ਜੀ.ਪੀ.ਓ.-ਬਾਬਾ ਖੜਕ ਸਿੰਘ ਮਾਰਗ ਤੋਂ ਹੁੰਦਾ ਹੋਇਆ ਕਨਾਟ ਪਲੇਸ ਪਹੁੰਚਨਗਿਆਂ ਅਤੇ ਭਗਤ ਸਿੰਘ ਮਾਰਗ-ਪੇਸ਼ਵਾ ਰੋਡ-ਮੰਦਰ ਮਾਰਗ-ਸ਼ਕਰ ਰੋਡ ਅਤੇ ਵੰਦੇ ਮਾਤਰਮ ਮਾਰਗ ਤੋਂ ਹੋਕੇ ਵਾਪਸ ਆਉਨਗਿਆਂ।
4. ਦੱਖਣੀ ਦਿੱਲੀ ਤੋਂ ਤੁਗਲਕ ਰੋਡ 'ਤੇ ਆਉਣ ਵਾਲੀਆਂ ਅਤੇ ਕਨਾਟ ਪਲੇਸ/ਕੇਂਦਰੀ ਸਕੱਤਰੇਤ ਜਾਣ ਵਾਲੀਆਂ ਬੱਸਾਂ ਨੂੰ ਅਰਬਿੰਦੋ ਚੌਕ ਤੋਂ ਸਫਦਰਜੰਗ ਰੋਡ-ਕਮਾਲ ਅਤਾਤੁਰਕ ਮਾਰਗ, ਪੰਚਸ਼ੀਲ ਮਾਰਗ, ਸਾਈਮਨ ਬੋਲੀਵਰ ਮਾਰਗ ਵੱਲ ਮੋੜ ਦਿੱਤਾ ਜਾਵੇਗਾ ਅਤੇ ਕ੍ਰਮ ਸੰਖਿਆ 1 ਵਿੱਚ ਦੱਸੇ ਗਏ ਰੂਟ ਦਾ ਪਾਲਨ ਕਿਤਾ ਜਾਵੇਗਾ।
5. ਮੰਡੀ ਹਾਊਸ ਅਤੇ ਫਿਰੋਜਸ਼ਾਹ ਰੋਡ ਤੋਂ ਆਉਣ ਵਾਲੀ ਅਤੇ ਬਾਰਾਖੰਬਾ ਰੋਡ ਤੋਂ ਕਨਾਟ ਪਲੇਸ ਸਥਾਨਾਂ ਵਾਲੀਆਂ ਬੱਸਾਂ ਸ਼ਿਵਾਜੀ ਸਟੇਡੀਅਮ ਵਿਖੇ ਸਮਾਪਤ ਹੋਣਗੀਆਂ ਅਤੇ ਕਸਤੂਰਬਾ ਗਾਂਧੀ ਮਾਰਗ/ਬਾਰਾਖੰਬਾ ਰੋਡ ਰਾਹੀਂ ਵਾਪਸ ਆਉਣਗੀਆਂ।
6. ਸ਼ਾਹਜਹਾਂ ਰੋਡ 'ਤੇ ਆਉਣ ਵਾਲੀਆਂ ਕਨਾਟ ਪਲੇਸ ਵਾਲੀਆਂ ਬੱਸਾਂ ਅਰਬਿੰਦੋ ਚੌਕ-ਸਫਦਰਜੰਗ ਰੋਡ-ਕਮਲ ਅਤਾਤੁਰਕ ਮਾਰਗ-ਪੰਚਸ਼ੀਲ ਮਾਰਗ ਅਤੇ ਉਸ ਤੋਂ ਅੱਗੇ ਸ਼ਿਵਾਜੀ ਸਟੇਡੀਅਮ ਤੱਕ ਜਾਣਗੀਆਂ।
7. ਦੱਖਣ ਤੋਂ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ, ਲਾਲ ਕਿਲ੍ਹੇ ਅਤੇ ਆਈਐਸਬੀਟੀ ਕਸ਼ਮੀਰੀ ਗੇਟ ਵੱਲ ਆਉਣ ਵਾਲੀਆਂ ਬੱਸਾਂ ਤੋਂ ਰਿੰਗ ਰੋਡ ਰਾਹੀਂ ਧੌਲਾ ਕੁਆਂ ਅਤੇ ਫਿਰ ਰਿਜ ਰੋਡ, ਰਾਣੀ ਝਾਂਸੀ ਰੋਡ ਵੱਲ ਜਾਣਗੀਆਂ।
8. ਆਸ਼ਰਮ ਵਾਲੇ ਪਾਸੇ ਤੋਂ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ, ਲਾਲ ਕਿਲ੍ਹੇ ਅਤੇ ਆਈਐਸਬੀਟੀ ਕਸ਼ਮੀਰੀ ਗੇਟ ਨੂੰ ਆਉਣ ਵਾਲੀਆਂ ਬੱਸਾਂ ਆਸ਼ਰਮ ਚੌਕ-ਰਿੰਗ ਰੋਡ ਤੋਂ ਰਾਜਘਾਟ ਰਾਹੀਂ ਸਰਾਏ ਕਾਲੇ ਖਾਨ ਤੱਕ ਜਾਣਗੀਆਂ।
9. ਪੁਰਾਣੀ ਦਿੱਲੀ ਰੇਲਵੇ ਸਟੇਸ਼ਨ, ਲਾਲ ਕਿਲਾ, ਕਸ਼ਮੀਰੀ ਗੇਟ ਤੋਂ ਆਉਣ ਵਾਲੀਆਂ ਅਤੇ ਦੱਖਣ ਅਤੇ ਦੱਖਣ ਪੂਰਬ ਵੱਲ ਜਾਣ ਵਾਲੀਆਂ ਬੱਸਾਂ ਦਿੱਲੀ ਗੇਟ-ਜਵਾਹਰ ਲਾਲ ਨਹਿਰੂ ਮਾਰਗ-ਰਾਜਘਾਟ ਰਿੰਗ ਰੋਡ ਸਰਾਏ ਕਾਲੇ ਖਾਨ ਆਸ਼ਰਮ ਚੌਕ ਤੋਂ ਚੱਲਣਗੀਆਂ।
10. ਵਿਕਾਸ ਮਾਰਗ ਤੋਂ ਆਉਣ ਵਾਲੀਆਂ ਅਤੇ ਦੱਖਣ ਵੱਲ ਜਾਣ ਵਾਲੀਆਂ ਬੱਸਾਂ ਰਿੰਗ ਰੋਡ-ਸਰਾਏ ਕਾਲੇ ਖਾਂ-ਆਸ਼ਰਮ ਚੌਕ ਤੋਂ ਚੱਲਣਗੀਆਂ।
11. ਕਨਾਟ ਪਲੇਸ ਤੋਂ ਕਸਤੂਰਬਾ ਗਾਂਧੀ ਮਾਰਗ ਰਾਹੀਂ ਇੰਡੀਆ ਗੇਟ ਵੱਲ ਆਉਣ ਵਾਲੀਆਂ ਬੱਸਾਂ ਮਿੰਟੋ ਰੋਡ-ਡੀਡੀਯੂ ਮਾਰਗ-ਆਈ.ਪੀ. ਫਲਾਈਓਵਰ-ਰਿੰਗ ਰੋਡ-ਸਰਾਏ ਕਾਲੇ ਖਾਂ ਤੋਂ ਚੱਲਣਗੀਆਂ।

ਆਮ ਜਨਤਾ ਦੇ ਲਈ ਨਿਰਦੇਸ਼

ਕਿਸੇ ਅਣਪਛਾਤੀ ਚੀਜ ਜਾਂ ਸ਼ੱਕੀ ਵਿਅਕਤੀ ਦੇ ਨਜਰ ਆਉਣ ਦੀ ਸੂਰਤ ਵਿੱਚ ਡਿਊਟੀ 'ਤੇ ਮੌਜੂਦ ਨਜਦੀਕੀ ਪੁਲਿਸ ਮੁਲਾਜਮ ਨੂੰ ਸੂਚਨਾ ਦਿੱਤੀ ਜਾਵੇ। ਆਮ ਲੋਕਾਂ ਅਤੇ ਵਾਹਨ ਚਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਬਰ ਰੱਖਣ ਅਤੇ ਅਸੁਵਿਧਾ ਤੋਂ ਬਚਣ ਲਈ ਉਸ ਅਨੁਸਾਰ ਸਫਰ ਕਰਨ। ਟ੍ਰੈਫਿਕ ਨਿਯਮਾਂ ਅਤੇ ਸੜਕ ਅਨੁਸ਼ਾਸਨ ਅਤੇ ਟ੍ਰੈਫਿਕ ਕਰਮਚਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰੋ ਅਤੇ ਟ੍ਰੈਫਿਕ ਪੁਲਿਸ ਦੇ ਸੋਸ਼ਲ ਮਿਡੀਆ ਹੈਂਡਲ ਅਤੇ ਹੈਲਪਲਾਈਨ ਨੰਬਰ ਤੇ ਰਾਹੀਂ ਅਪਡੇਟ ਰਹੋ। ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਯਾਤਰਾ ਦੀ ਪਹਿਲਾਂ ਤੋਂ ਚੰਗੀ ਤਰ੍ਹਾਂ ਯੋਜਨਾ ਬਣਾਉ ਅਤੇ ਸੰਭਵ ਦੇਰੀ ਤੋਂ ਬਚਣ ਲਈ ਆਪਣੀ ਮੰਜਿਲ 'ਤੇ ਪਹੁੰਚਣ ਲਈ ਲੋੜੀਂਦਾ ਵਾਧੂ ਸਮਾਂ ਲੈਕੇ ਚੱਲਨ।

ਆਮ ਜਨਤਾ ਅਤੇ ਵਾਹਨ ਚਾਲਕ ਦਿੱਲੀ ਯਾਤਾਯਾਤ ਪੁਲਿਸ ਦੀ
ਵੇਬਸਾਈਟ https://traffic.delhipolice.gov.in
ਫੇਸਬੁਕ ਪੇਜ https://www.facebook.com/dtptraffic
ਏਕਸ ਹੈਂਡਲ https://twitter.com/dtptraffic
ਇੰਸਟਾਗ੍ਰਾਮ ਪੇਜ https://www.instagram.com/dtptraffic
ਦੇ ਰਾਹੀਂ ਅਪਡੇਟ ਰਹ ਸਕਦੇ ਹਨ।
ਵਟਸਅਪ ਨੰਬਰ 8750871493
ਹੇਲਪਲਾਈਨ ਨੰਬਰ 1095/011-25844444

ਪਾਰਕਿੰਗ

ਰਫੀ ਮਾਰਗ ਅਤੇ "ਸੀ" ਹੈਕਸਾਗਨ ਦੇ ਵਿਚਕਾਰ ਜਲ ਚੈਨਲਾਂ ਦੇ ਪਿੱਛੇ ਵਿਜੇ ਚੌਕ 'ਤੇ ਰੋਸ਼ਨੀ ਦੇਖਣ ਲਈ ਦਰਸ਼ਕਾਂ ਲਈ ਪਾਰਕਿੰਗ ਉਪਲਬਧ ਹੋਵੇਗੀ (ਸ਼ਾਮ 7.00 ਵਜੇ ਤੋਂ ਬਾਅਦ)

ਯਾਤਾਯਾਤ ਨਿਰਦੇਸ਼ਿਕਾ ਲਈ ਕੋਡ ਸਕੈਨ ਕਰੋ

DP/9847/2026

ਟ੍ਰੈਫਿਕ ਪ੍ਰਹਰੀ ਬਣੋ | Google play | App Store ਤੋਂ ਐਪ ਡਾਊਨਲੋਡ ਕਰੋ | 24 ਘੰਟੇ ਟ੍ਰੈਫਿਕ ਹੇਲਪਲਾਈਨ: 011-25844444/1095 | ਜਾਨਕਾਰੀ ਸਾਝਾ ਕਰਨ ਲਈ 14547 ਤੇ ਕਾਲ ਕਰੋ | ਤੁਰੰਤ ਪੁਲਿਸ ਸਹਾਇਤਾ ਲੈਣ ਦੇ ਲਈ 112 'ਤੇ ਕੱਲ ਕਰੋ

# ਵਿਧਾਇਕ ਮਾਈਸਰਖਾਨਾ ਮਾਮਲੇ 'ਚ ਘਿਰੀ 'ਆਪ', ਖਹਿਰਾ ਨੇ ਕਿਹਾ ਭ੍ਰਿਸ਼ਟਾਚਾਰ ਵਿਰੋਧੀ ਦਾਅਵਿਆ ਦੀ ਖੁੱਲ੍ਹੀ ਪੋਲ



ਵੈੱਬ ਡੈਸਕ, 27 ਜਨਵਰੀ : ਗਣਤੰਤਰ ਦਿਵਸ ਦੇ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ 'ਤੇ ਲੱਗੇ 30 ਲੱਖ ਰੁਪਏ ਦੀ ਰਿਸ਼ਵਤ ਦੇ ਗੰਭੀਰ ਦੋਸ਼ਾਂ ਨੇ ਸਿਆਸੀ ਹਲਕਿਆਂ 'ਚ ਤਰਥੱਲੀ ਮਚਾ ਦਿੱਤੀ ਹੈ। ਇਸ ਮਾਮਲੇ 'ਚ ਹੁਣ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੋਸ਼ਲ ਮੀਡੀਆ ਰਾਹੀਂ ਇੱਕ ਵੀਡੀਓ ਦਾ ਹਵਾਲਾ ਦਿੰਦਿਆਂ ਆਮ ਆਦਮੀ ਪਾਰਟੀ ਦੇ ਮੌੜ ਤੋਂ ਵਿਧਾਇਕ 'ਤੇ ਗੰਭੀਰ ਦੋਸ਼ ਲਗਾਏ ਹਨ। ਸੁਖਪਾਲ ਖਹਿਰਾ ਨੇ ਦਾਅਵਾ ਕੀਤਾ ਹੈ ਕਿ ਨਗਰ ਕੌਂਸਲ ਮੌੜ ਦੇ ਪ੍ਰਧਾਨ ਕਰਨੈਲ ਸਿੰਘ ਨੇ ਕੈਮਰੇ ਦੇ ਸਾਹਮਣੇ ਇਹ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਆਪਣੀ ਪ੍ਰਧਾਨਗੀ ਦੀ ਕੁਰਸੀ ਬਚਾਉਣ ਲਈ ਮੌੜ ਦੇ 'ਆਪ' ਵਿਧਾਇਕ ਨੂੰ 30 ਲੱਖ ਰੁਪਏ ਦੀ ਰਿਸ਼ਵਤ ਦਿੱਤੀ ਸੀ। ਖਹਿਰਾ ਅਨੁਸਾਰ ਇਸ ਖੁਲਾਸੇ ਨੇ ਸੂਬਾ ਸਰਕਾਰ ਦੇ ਭ੍ਰਿਸ਼ਟਾਚਾਰ ਵਿਰੁੱਧ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਇਸ ਸਬੰਧੀ ਖਹਿਰਾ ਨੇ ਟਵੀਟ ਕਰਦਿਆਂ ਕਿਹਾ ਕਿ ਇਸ ਘਟਨਾ ਨੇ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ-ਟੋਲਰੈਂਸ' ਦੇ ਨਾਅਰੇ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਹੁਣ ਸਰਕਾਰ ਆਪਣੇ ਹੀ ਵਿਧਾਇਕ ਖ਼?ਲਾਫ਼ ਕਾਰਵਾਈ ਕਰੇਗੀ? ਇਸ ਦੌਰਾਨ ਸੁਖਪਾਲ ਖਹਿਰਾ ਨੇ ਪੰਜਾਬ ਪੁਲਸ ਦੇ ਡੀਜੀਪੀ (DGP) ਤੇ ਵਿਜੀਲੈਂਸ ਬਿਊਰੋ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਇੱਕ 'ਲਿਟਮਸ ਟੈਸਟ' ਹੈ। ਉਨ੍ਹਾਂ ਪੁੱਛਿਆ ਕਿ ਕੀ ਉਨ੍ਹਾਂ ਕੋਲ ਇਸ ਭ੍ਰਿਸ਼ਟ ਵਿਧਾਇਕ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਨ ਅਤੇ ਉਸ ਨੂੰ ਗ੍ਰਿਫਤਾਰ ਕਰਨ ਦੀ ਹਿੰਮਤ ਹੈ, ਜਾਂ ਫਿਰ ਉਹ ਸਿਰਫ਼ 'ਆਪ' ਦੇ ਸਿਆਸੀ ਵਿਰੋਧੀਆਂ ਨੂੰ ਹੀ ਨਿਸ਼ਾਨਾ ਬਣਾਉਣਾ ਜਾਣਦੇ ਹਨ। ਇਸ ਮਾਮਲੇ ਤੋਂ ਬਾਅਦ ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਘੇਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਜਦਕਿ ਸੱਤਾਧਾਰੀ ਧਿਰ ਵੱਲੋਂ ਅਜੇ ਤੱਕ ਇਸ 'ਤੇ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ। ਜ਼ਿਕਰਯੋਗ ਹੈ ਕਿ ਗਣਤੰਤਰਤ ਦਿਵਸ ਮੌਕੇ ਹਲਕਾ ਮੌੜ ਦੇ ਡਿਵੀਜ਼ਨ ਪੱਧਰੀ ਰੱਖੇ ਗਏ ਪ੍ਰੋਗਰਾਮ ਮੌਕੇ ਹਲਕਾ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਅਤੇ ਨਗਰ ਕੌਂਸਲ ਪ੍ਰਧਾਨ ਕਰਨੈਲ ਸਿੰਘ ਵਿਚਕਾਰ ਝੜਪ ਹੋ ਗਈ। ਜਾਣਕਾਰੀ ਮੁਤਾਬਕ ਝੰਡੇ ਦੀ ਰਸਮ ਨਿਭਾਉਣ ਮਗਰੋਂ ਨਗਰ ਕੌਂਸਲ ਪ੍ਰਧਾਨ ਦੀ ਸੀਟ 'ਤੇ ਕੋਈ ਹੋਰ ਵਿਅਕਤੀ ਬੈਠ ਗਿਆ ਸੀ। ਪ੍ਰਧਾਨ ਨੇ ਜਦ ਉਸ ਵਿਅਕਤੀ ਨੂੰ ਸੀਟ ਤੋਂ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਉਥੇ ਮੌਜੂਦ ਹਲਕਾ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਨਾਲ ਨਗਰ ਕੌਂਸਲ ਪ੍ਰਧਾਨ ਦੀ ਝੜਪ ਹੋ ਗਈ। ਇਸ ਦੌਰਾਨ ਪ੍ਰਧਾਨ ਅਤੇ ਪੁੱਤਰ ਨੂੰ ਵਿਧਾਇਕ ਵੱਲੋਂ ਧੱਕੇ ਮਾਰੇ ਗਏ, ਜਿਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ। ਮੌਕੇ 'ਤੇ ਮੌਜੂਦ ਡੀ. ਐੱਸ. ਪੀ. ਮੌੜ ਕੁਲਦੀਪ ਸਿੰਘ ਬਰਾੜ ਨੇ ਸਾਰੀ ਸਥਿਤੀ ਨੂੰ ਸੰਭਾਲਿਆ ਅਤੇ ਮਾਹੌਲ ਨੂੰ ਵਿਗੜਨ ਤੋਂ ਰੋਕਿਆ। ਨਗਰ ਕੌਂਸਲ ਦੇ ਪ੍ਰਧਾਨ ਕਰਨੈਲ ਸਿੰਘ ਨੇ ਵਿਧਾਇਕ 'ਤੇ ਜਾਣ ਬੁਝ ਕੇ ਉਸ ਦੀ ਬੇਇੱਜ਼ਤੀ ਕਰਨ ਦੇ ਗੰਭੀਰ ਇਲਜ਼ਾਮ ਲਗਾਏ। ਸਮਾਗਮ ਦੌਰਾਨ ਵਿਧਾਇਕ ਮਾਈਸਰਖਾਨਾ ਅਤੇ ਇਕ ਸਥਾਨਕ ਪ੍ਰਧਾਨ ਵਿਚਾਲੇ ਜ਼ਬਰਦਸਤ ਹੰਗਾਮਾ ਹੋਇਆ, ਜਿਸ ਵਿੱਚ ਵਿਧਾਇਕ 'ਤੇ 30 ਲੱਖ ਰੁਪਏ ਵਿੱਚ ਵਿਕਣ ਦੇ ਗੰਭੀਰ ਦੋਸ਼ ਲਗਾਏ। ਸਮਾਗਮ ਦੌਰਾਨ ਪ੍ਰਧਾਨ ਨੇ ਸ਼ਰੇਆਮ ਇਲਜ਼ਾਮ ਲਗਾਇਆ ਕਿ ਵਿਧਾਇਕ 30 ਲੱਖ ਰੁਪਏ ਵਿੱਚ ਵਿਕਿਆ ਹੋਇਆ ਹੈ।

# 'ਆਪ' ਨੇ ਗਣਤੰਤਰ ਦਿਵਸ ਸਮਾਗਮ ਦਾ ਕੀਤਾ ਬਾਈਕਾਟ, ਮੰਤਰੀ ਦੇ ਪੀ. ਏ. ਨੂੰ ਕੁਰਸੀ ਨਾ ਮਿਲਣ 'ਤੇ ਪਿਆ ਰੌਲਾ



ਖੰਨਾ, 27 ਜਨਵਰੀ : ਖੰਨਾ ਵਿਚ 26 ਜਨਵਰੀ ਨੂੰ ਹੋਏ ਗਣਤੰਤਰ ਦਿਵਸ ਸਮਾਰੋਹ ਦੌਰਾਨ ਉਸ ਸਮੇਂ ਇਕ ਵਿਵਾਦ ਖੜ੍ਹਾ ਹੋ ਗਿਆ ਜਦੋਂ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੇ ਸਮਾਰੋਹ ਦਾ ਬਾਈਕਾਟ ਕੀਤਾ। ਪਾਰਟੀ ਆਗੂਆਂ ਦਾ ਮੁੱਖ ਦੋਸ਼ ਇਹ ਸੀ ਕਿ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦੇ ਪੀ. ਏ. ਮਹੇਸ਼ ਕੁਮਾਰ ਅਤੇ ਹੋਰ ਆਗੂਆਂ ਲਈ ਕੁਰਸੀਆਂ ਮੁਹੱਈਆ ਨਹੀਂ ਕਰਵਾਈਆਂ ਗਈਆਂ, ਜੋ ਪ੍ਰਸ਼ਾਸਨ ਦੀ ਗੰਭੀਰ ਲਾਪਰਵਾਹੀ ਨੂੰ ਦਰਸਾਉਂਦਾ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਦੱਸਿਆ ਕਿ ਉਹ ਪ੍ਰਸ਼ਾਸਨ ਦੇ ਸੱਦੇ 'ਤੇ ਇਕ ਸਰਕਾਰੀ ਸਮਾਗਮ ਵਿੱਚ ਸ਼ਾਮਲ ਹੋਏ ਸਨ ਪਰ ਸਮਾਗਮ ਸਥਾਨ 'ਤੇ ਪਹੁੰਚਣ 'ਤੇ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੰਤਰੀ ਦੇ ਪੀ. ਏ. ਮਹੇਸ਼ ਕੁਮਾਰ, ਜੋਕਿ ਇਕ ਮਹੱਤਵਪੂਰਨ ਸਰਕਾਰੀ ਅਹੁਦਾ ਸੰਭਾਲਦੇ ਹਨ, ਨੂੰ ਵੀ ਖੜ੍ਹੇ ਹੋਣ ਲਈ ਮਜਬੂਰ ਕੀਤਾ ਗਿਆ। ਇਸ ਨੂੰ ਨਾ ਸਿਰਫ਼ ਪ੍ਰੋਟੋਕੋਲ ਦੀ ਉਲੰਘਣਾ ਮੰਨਿਆ ਗਿਆ ਸਗੋਂ ਸਰਕਾਰ ਅਤੇ ਜਨਤਕ ਪ੍ਰਤੀਨਿਧੀਆਂ ਦਾ ਅਪਮਾਨ ਵੀ ਮੰਨਿਆ ਗਿਆ। ਪਾਰਟੀ ਆਗੂਆਂ ਅਨੁਸਾਰ ਮੰਤਰੀ ਦੇ ਪੀ. ਏ. ਦੇ ਇਲਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਵਤਾਰ ਸਿੰਘ ਦਹੇੜੂ, ਕੌਂਸਲਰ ਸੁਖਮਨਜੀਤ ਸਿੰਘ ਸਮੇਤ ਕਈ ਹੋਰ ਆਗੂਆਂ ਲਈ ਵੀ ਕੁਰਸੀਆਂ ਦੀ ਕੋਈ ਵਿਵਸਥਾ ਨਹੀਂ ਸੀ। ਇਹ ਦੋਸ਼ ਲਗਾਇਆ ਗਿਆ ਕਿ ਹਾਲਾਤ ਇੰਨੇ ਖ਼ਰਾਬ ਸਨ ਕਿ ਬੀ. ਡੀ. ਪੀ. ਓ (ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ) ਵਰਗੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਕੁਰਸੀਆਂ ਨਹੀਂ ਦਿੱਤੀਆਂ ਗਈਆਂ। ਇਸ ਤੋਂ ਸਾਫ਼ ਹੁੰਦਾ ਹੈ ਕਿ ਰਾਸ਼ਟਰੀ ਤਿਉਹਾਰ ਵਰਗੇ ਮੌਕੇ 'ਤੇ ਵੀ ਆਯੋਜਨ ਨੂੰ ਲੈ ਕੇ ਪ੍ਰਸ਼ਾਸਨ ਨੇ ਕੋਈ ਗੰਭੀਰਤਾ ਨਹੀਂ ਵਿਖਾਈ। ਆਮ ਆਦਮੀ ਪਾਰਟੀ ਦੇ ਕੌਂਸਲਰ ਸੁਖਮਨਜੀਤ ਸਿੰਘ ਨੇ ਕਿਹਾ ਕਿ ਗਣਤੰਤਰ ਦਿਵਸ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਅਤੇ ਸਤਿਕਾਰ ਦਾ ਪ੍ਰਤੀਕ ਹੈ। ਅਜਿਹੇ ਸਮਾਰੋਹ ਵਿਚ ਮੰਤਰੀ ਦੇ ਪੀ.ਏ. ਵਰਗੇ ਸਰਕਾਰੀ ਪ੍ਰਤੀਨਿਧੀ ਨੂੰ ਕੁਰਸੀ ਨਾ ਮਿਲਣਾ ਬੇਹੱਦ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਜਦੋਂ ਬੁਨਿਆਦੀ ਸਨਮਾਨ ਵੀ ਨਹੀਂ ਦਿੱਤਾ ਗਿਆ ਤਾਂ ਉਨ੍ਹਾਂ ਦੇ ਕੋਲ ਸਮਾਰੋਹ ਤੋਂ ਬਾਹਰ ਆਉਣ ਤੋਂ ਇਲਾਵਾ ਕੋਈ ਬਦਲ ਨਹੀਂ ਬਚਿਆ। ਇਸ ਨਿਰਾਦਰ ਭਰੇ ਵਿਵਹਾਰ ਨਾਲ ਦੁਖੀ ਹੋ ਕੇ ਆਮ ਆਦਮੀ ਪਾਰਟੀ ਦੇ ਸਾਰੇ ਨੇਤਾ ਇਕਜੁੱਟ ਹੋ ਕੇ ਸਮਾਰੋਹ ਸਥਾਨ ਤੋਂ ਬਾਹਰ ਚਲੇ ਗਏ।

## ਨਾਭਾ 'ਚ ਹੈੱਡ ਕਾਂਸਟੇਬਲ ਦਾ ਸਰੇ ਬਾਜ਼ਾਰ ਕਿਰਚਾਂ ਮਾਰ ਕੇ ਕਤਲ

ਨਾਭਾ, 27 ਜਨਵਰੀ : ਨਾਭਾ ਸ਼ਹਿਰ 'ਚ ਹੈੱਡ ਕਾਂਸਟੇਬਲ ਅਮਨਦੀਪ ਸਿੰਘ ਦਾ 5-6 ਅਣਪਛਾਤੇ ਵਿਅਕਤੀਆਂ ਨੇ ਕਤਲ ਕਰ ਦਿੱਤਾ, ਜਦਕਿ ਉਸ ਦਾ ਭਰਾ ਕੀਤਾ ਗੰਭੀਰ ਜ਼ਖ਼ਮੀ ਹੋ ਗਿਆ। ਅਮਨਦੀਪ ਸਿੰਘ ਨਾਭਾ ਦੇ ਪੁੱਡਾ ਕਾਲੋਨੀ ਦਾ ਰਹਿਣ ਵਾਲਾ ਸੀ, ਜੋ ਕਿ ਪਟਿਆਲਾ ਸਿਵਲ ਲਾਈਨ ਥਾਣੇ ਵਿਖੇ ਹੈੱਡ ਕਾਂਸਟੇਬਲ ਸੀ। ਸਰੇ ਬਾਜ਼ਾਰ ਉਸ ਨੂੰ ਕਿਰਚਾਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦੇ ਭਰਾ ਨਵਦੀਪ ਸਿੰਘ ਦੇ ਵੀ ਸਿਰ 'ਤੇ ਕਿਰਚ ਨਾਲ ਵਾਰ ਕੀਤਾ, ਨਾਭਾ ਦੇ ਸਰਕਾਰੀ ਹਸਪਤਾਲ 'ਚ ਜ਼ੇਰੇ ਇਲਾਜ ਹੈ। ਘਟਨਾ ਤੋਂ ਬਾਅਦ ਪੁਲਸ ਜਾਂਚ 'ਚ ਜੁੱਟ ਗਈ ਹੈ। ਸਰਕਾਰੀ ਹਸਪਤਾਲ ਦੇ ਡਾਕਟਰਾਂ ਨੇ ਦੱਸਿਆ ਕਿ ਅਮਨਦੀਪ ਸਿੰਘ ਦੀ ਡੈੱਡ ਹੀ ਸਾਡੇ ਕੋਲ ਆਇਆ, ਜਦਕਿ ਇਸ ਦੇ ਭਰਾ ਨਵਦੀਪ ਸਿੰਘ ਦੇ ਸਿਰ 'ਤੇ 6 ਟਾਂਕੇ ਲੱਗੇ ਹਨ। ਇਸ ਮੌਕੇ ਐੱਸ. ਐੱਚ. ਓ. ਸੌਰਵ ਸਭਰਵਾਲ ਨੇ ਕਿਹਾ ਕਿ ਪੁਲਸ ਮੁਲਾਜ਼ਮ ਅਮਨਦੀਪ ਸਿੰਘ ਦਾ ਕਤਲ ਹੋਇਆ ਹੈ।

## ਹਿਸਾਰ ਤੋਂ ਹਜ਼ੂਰ ਸਾਹਿਬ ਲਈ ਪਹਿਲੀ ਫਲਾਈਟ ਸ਼ੁਰੂ, ਹਰਿਆਣਾ ਦੀਆਂ ਸੰਗਤਾਂ ਨੇ ਕੀਤਾ ਪ੍ਰਧਾਨ ਝੀਂਡਾ ਦਾ ਸਨਮਾਨ

ਅੰਮ੍ਰਿਤਸਰ, 27 ਜਨਵਰੀ : ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੇ ਯਤਨਾਂ ਸਦਕਾ ਅੱਜ ਹਰਿਆਣਾ ਦੇ ਜ਼ਿਲ੍ਹਾ ਹਿਸਾਰ ਤੋਂ ਹਜ਼ੂਰ ਸਾਹਿਬ ਨੂੰ ਫਲਾਈਟ ਸ਼ੁਰੂ ਹੋਣ ਲੱਗੀ ਹੈ। ਹਰਿਆਣਾ ਦੀਆਂ ਸਿੱਖ ਸੰਗਤਾਂ ਵਲੋਂ ਇਸ ਫਲਾਈਟ ਦੇ ਸ਼ੁਰੂ ਹੋਣ 'ਤੇ ਜਿੱਥੇ ਹਰਿਆਣਾ ਸਰਕਾਰ ਦਾ ਧੰਨਵਾਦ ਕੀਤਾ ਗਿਆ, ਉੱਥੇ ਹੀ



ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦਾ ਵੀ ਸੰਗਤਾਂ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਓਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਕਿਹਾ ਕਿ ਇਸ ਵਿਸ਼ੇਸ਼ ਉਪਰਾਲੇ ਨਾਲ ਹਰਿਆਣਾ ਅਤੇ ਹੋਰ ਵੱਖ-ਵੱਖ ਸੂਬਿਆਂ ਤੋਂ ਵੀ ਇਸ ਫਲਾਈਟ ਦੇ ਸ਼ੁਰੂ ਹੋਣ ਕਾਰਨ ਸੰਗਤਾਂ ਇਸ ਦਾ ਲਾਭ ਲੈ ਸਕਣਗੀਆਂ। ਇਸੇ ਦੌਰਾਨ ਜਗਦੀਸ਼ ਸਿੰਘ ਝੀਂਡਾ ਨੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਸੰਗਤਾਂ ਦੀ ਮੰਗ ਅਨੁਸਾਰ ਹਰਿਆਣਾ ਦੇ ਜ਼ਿਲ੍ਹਾ ਕਰਨਾਲ ਤੋਂ ਵੀ ਇਹ ਫਲਾਈਟ ਚੱਲਣੀ ਚਾਹੀਦੀ ਹੈ ਅਤੇ ਇਸ ਤੋਂ ਇਲਾਵਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੂੰ ਵੀ ਫਲਾਈਟ ਸ਼ੁਰੂ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਉਹ ਇਸ ਬਾਰੇ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਕੋਲ? ਇਹ ਮੰਗ ਰੱਖਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਸਬੀਰ ਸਿੰਘ ਮਸਾਨਾਂ, ਇੰਦਰਜੀਤ ਸਿੰਘ, ਹਰਮਨਪ੍ਰੀਤ ਸਿੰਘ ,ਬਲਵਿੰਦਰ ਸਿੰਘ ਭਿੰਡਰ, ਮੇਜਰ ਸਿੰਘ ਅਤੇ ਡਿਪਟੀ ਕਮਿਸ਼ਨਰ ਮਹਿੰਦਰਪਾਲ ਸਿੰਘ ਹਿਸਾਰ, ਅਵਨੀਤ ਪੀ. ਕੌਰ ਆਈ. ਏ. ਐੱਸ. ਪ੍ਰਿੰਸੀਪਲ ਸਕੱਤਰ ਹਵਾਬਾਜ਼ੀ ਵੀ ਹਾਜ਼ਰ ਸਨ।

## ਪੰਜਾਬ ਦੇ 18 ਜ਼ਿਲ੍ਹਿਆਂ 'ਚ ਮੀਂਹ ਦਾ ਅਲਰਟ ਜਾਰੀ

ਚੰਡੀਗੜ੍ਹ, 27 ਜਨਵਰੀ : ਪੰਜਾਬ 'ਚ ਕੜਾਕੇ ਦੀ ਠੰਡ ਥੋੜ੍ਹੀ ਜਿਹੀ ਘੱਟ ਗਈ ਹੈ ਅਤੇ ਹੁਣ ਮੌਸਮ 'ਚ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਸੂਬੇ ਦੇ ਕਈ ਜ਼ਿਲ੍ਹਿਆਂ 'ਚ ਮੰਗਲਵਾਰ ਨੂੰ ਮੀਂਹ ਪੈਣਾ ਸ਼ੁਰੂ ਹੋ ਗਿਆ ਅਤੇ ਕਈ ਇਲਾਕਿਆਂ 'ਚ ਕਾਲੇ ਬੱਦਲਾਂ ਦੇ ਨਾਲ ਤੇਜ਼ ਹਵਾਵਾਂ ਚੱਲ ਰਹੀਆਂ ਹਨ। ਮੌਸਮ ਵਿਭਾਗ ਵਲੋਂ 27 ਤਾਰੀਖ਼ ਤੋਂ 1 ਫਰਵਰੀ ਤੱਕ ਮੀਂਹ ਪੈਣ ਦਾ ਅਲਰਟ ਜਾਰੀ ਕੀਤਾ ਹੈ।

ਮੌਸਮ ਵਿਭਾਗ ਨੇ ਸੀਤ ਲਹਿਰ ਦੇ ਨਾਲ-ਨਾਲ ਬਿਜਲੀ ਚਮਕਣ, ਗਰਜ ਦੇ ਨਾਲ 40-50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਦੇ ਨਾਲ ਹੀ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਲੁਧਿਆਣਾ, ਬਰਨਾਲਾ, ਸੰਗਰੂਰ, ਫਤਿਹਗੜ੍ਹ ਸਾਹਿਬ, ਰੂਪਨਗਰ, ਪਟਿਆਲਾ, ਐੱਸ. ਏ. ਐੱਸ. ਨਗਰ, ਫਿਰੋਜ਼ਪੁਰ, ਫਾਜ਼ਿਲਕਾ, ਫ਼ਰੀਦਕੋਟ 'ਚ ਹਲਕੀ ਤੋਂ ਮੱਧਮ ਬਾਰਸ਼ ਦਾ ਅਲਰਟ ਜਾਰੀ ਕੀਤਾ ਹੈ। ਇਸ ਦੇ ਨਾਲ ਹੀ 28 ਜਨਵਰੀ ਨੂੰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ ਅਤੇ ਐੱਸ. ਏ. ਐੱਸ. ਨਗਰ 'ਚ ਮੀਂਹ ਪੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਅਗਲੇ 2 ਦਿਨਾਂ ਦੌਰਾਨ ਘੱਟੋ-ਘੱਟ ਤਾਪਮਾਨ 'ਚ 3 ਤੋਂ 5 ਡਿਗਰੀ ਦਾ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਵਿਚ ਕੁੱਝ ਜ਼ਿਲ੍ਹਿਆਂ ਨੂੰ ਛੱਡ ਕੇ ਸੂਬੇ ਵਿਚ ਸੀਤ ਲਹਿਰ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਉਥੇ ਹੀ ਮੌਸਮ ਵਿਭਾਗ ਨੇ ਮੀਂਹ ਦੌਰਾਨ ਲੋਕਾਂ ਨੂੰ ਦਰੱਖ਼ਤਾਂ, ਬਿਜਲੀ ਦੇ ਖੰਭਿਆਂ ਅਤੇ ਅਣ-ਨਿਰਮਾਣ ਢਾਂਚੇ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ।

## ਗੋਲਡੀ ਬਰਾੜ ਦੇ ਮਾਤਾ-ਪਿਤਾ ਨੂੰ ਅੱਜ ਅਦਾਲਤ 'ਚ ਕੀਤਾ ਜਾਵੇਗਾ ਪੇਸ਼

ਸ੍ਰੀ ਮੁਕਤਸਰ ਸਾਹਿਬ, 27 ਜਨਵੀ : ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਮਾਪਿਆਂ ਨੂੰ ਮੁਕਤਸਰ ਜ਼ਿਲ੍ਹਾ ਪੁਲਸ ਨੇ ਗ੍ਰਿਫ਼ਤਾਰ ਕਰਨ ਤੋਂ ਬਾਅਦ ਅੱਜ ਡਿਊਟੀ ਮੈਜਿਸਟ?ਰੇਟ ਦੇ ਸਾਹਮਣੇ ਘਰ ÷ਚ ਪੇਸ਼ ਕੀਤਾ ਗਿਆ, ਜਿਥੇ ਉਨ੍ਹਾਂ ਨੂੰ ਇਕ ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ ਸੀ, ਅੱਜ ਦੁਪਹਿਰ ਨੂੰ ਮੁੜ ਦੋਵਾਂ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਜਬਰਨ ਵਸੂਲੀ ਦੇ 2024 ਦੇ ਇਕ ਮਾਮਲੇ ਵਿਚ ਸੋਮਵਾਰ ਨੂੰ ਕੀਤੀ ਗਈ ਸੀ। ਪੁਲਸ ਸੂਤਰਾਂ ਮੁਤਾਬਕ ਗੋਲਡੀ ਬਰਾੜ ਦੇ ਮਾਤਾ ਅਤੇ ਪਿਤਾ ਨੂੰ ਅੰਮ੍ਰਿਤਸਰ ਤੋਂ ਉਦੇਕਰਨ ਪਿੰਡ ਦੇ ਇਕ ਵਸਨੀਕ ਦੇ ਬਿਆਨਾਂ 'ਤੇ ਦਰਜ ਜਬਰਨ ਵਸੂਲੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗੋਲਡੀ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰੀਤਪਾਲ ਕੌਰ ਇੱਥੇ ਕੋਟਕਪੂਰਾ ਰੋਡ ਸਥਿਤ ਆਦੇਸ਼ ਨਗਰ ਦੇ ਰਹਿਣ ਵਾਲੇ ਹਨ ਅਤੇ ਇਹ ਪਰਿਵਾਰ ਅਸਲ ਵਿਚ ਫ਼ਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਹੈ। ਪੁਲਸ ਵਿਚ



ਸਾਬਕਾ ਸਹਾਇਕ ਸਬ-ਇੰਸਪੈਕਟਰ (ਏਐਸਆਈ) ਰਹੇ ਸ਼ਮਸ਼ੇਰ ਸਿੰਘ ਨੂੰ ਮੁਕਤਸਰ ਜ਼ਿਲ੍ਹੇ ਵਿਚ ਇਕ ਕਤਲ ਦੇ ਕੇਸ ਵਿਚ ਕਥਿਤ ਸ਼ਮੂਲੀਅਤ ਸਾਹਮਣੇ ਆਉਣ ਤੋਂ ਬਾਅਦ 2021 ਵਿਚ ਸੇਵਾਮੁਕਤ ਕਰ ਦਿੱਤਾ ਗਿਆ ਸੀ। ਐਲਾਨਿਆ ਗਿਆ ਹੈ, 2022 ਵਿਚ ਮਾਨਸਾ ਜ਼ਿਲ੍ਹੇ ਵਿਚ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਮੁਲਜ਼ਮਾਂ ਵਿਚੋਂ ਇੱਕ ਹੈ। ਕੌਮੀ ਜਾਂਚ ਏਜੰਸੀ (ਐੱਨਆਈਏ) ਵੱਲੋਂ 2024 ਵਿਚ ਜਾਰੀ ਕੀਤੇ ਗਏ ਇਕ ਜਨਤਕ ਨੋਟਿਸ ਅਨੁਸਾਰ ਗੋਲਡੀ ਦੇ ਕੈਨੇਡਾ ਜਾਂ ਸੰਯੁਕਤ ਰਾਜ ਅਮਰੀਕਾ ਵਿਚ ਹੋਣ ਦਾ ਸ਼ੱਕ ਹੈ ਅਤੇ ਉਹ 2017 ਵਿਚ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਗਿਆ ਸੀ।

### ਮੋਗਾ 'ਚ ਪਰੇਡ ਦੌਰਾਨ ਬੇਹੋਸ਼ ਹੋਈਆਂ ਵਿਦਿਆਰਥਣਾਂ

ਮੋਗਾ, 27 ਜਨਵਰੀ : ਸਥਾਨਕ ਅਨਾਜ ਮੰਡੀ 'ਚ ਸੋਮਵਾਰ ਨੂੰ ਗਣਤੰਤਰ ਦਿਵਸ ਦੀ ਪਰੇਡ ਦੌਰਾਨ ਐੱਨ. ਸੀ. ਸੀ. 'ਚ ਹਿੱਸਾ ਲੈ ਰਹੀਆਂ ਦੋ ਵਿਦਿਆਰਥਣਾਂ ਅਚਾਨਕ ਬੇਹੋਸ਼ ਹੋ ਗਈਆਂ। ਉਨ੍ਹਾਂ ਨੂੰ ਤੁਰੰਤ ਇਲਾਜ ਲਈ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਲਿਜਾਇਆ ਗਿਆ। ਸਿਵਲ ਹਸਪਤਾਲ ਤੋਂ ਮਿਲੀ ਜਾਣਕਾਰੀ ਮੁਤਾਬਕ ਕਸਬਾ ਕੋਟ ਈਸੇ ਖਾਂ ਦੇ ਸ੍ਰੀ ਹੇਮਕੁੰਡ ਸਕੂਲ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਨਵਜੋਤ ਕੌਰ ਨਿਵਾਸੀ ਗਗੜਾ ਅਤੇ ਨਵਦੀਪ ਕੌਰ ਨਿਵਾਸੀ ਖੋਸਾ ਕੋਟਲਾ ਅਨਾਜ ਮੰਡੀ 'ਚ ਐੱਨ. ਸੀ. ਸੀ. ਦੀ ਪਰੇਡ 'ਚ ਹਿੱਸਾ ਲੈਣ ਲਈ ਆਈਆਂ ਸਨ। ਜਦੋਂ ਮੰਤਰੀ ਸੰਬੋਧਨ ਕਰ ਰਹੇ ਸਨ, ਉਸ ਸਮੇਂ ਪਰੇਡ ਦੇ ਇੰਤਜ਼ਾਰ 'ਚ ਖੜ੍ਹੀਆਂ ਦੋਵੇਂ ਵਿਦਿਆਰਥਣਾਂ ਅਚਾਨਕ ਬੇਹੋਸ਼ ਹੋ ਕੇ ਜ਼ਮੀਨ 'ਤੇ ਡਿੱਗ ਪਈਆਂ।

## ਸਿਲੰਡਰ ਤੋਂ ਲੀਕ ਹੋਈ ਗੈਸ ਨੇ ਮਚਾਈ ਤਬਾਹੀ

ਲੁਧਿਆਣਾ, 27 ਜਨਵਰੀ : ਸਥਾਨਕ ਜਵਾਹਰ ਨਗਰ ਕੈਂਪ ਦੀ ਗਲੀ ਨੰਬਰ-4 'ਚ ਬੀਤੀ ਰਾਤ ਉਸ ਵੇਲੇ ਹਾਹਾਕਾਰ ਮਚ ਗਈ, ਜਦੋਂ ਸਿਲੰਡਰ ਦੀ ਪਾਈਪ ਤੋਂ ਗੈਸ ਲੀਕ ਹੋਣ ਕਾਰਨ ਅੱਗ ਦੇ ਭਾਂਬੜ ਮਚ ਗਏ।

ਹਾਲਾਂਕਿ ਇਸ ਹਾਦਸੇ ਦੌਰਾਨ ਪਰਿਵਾਰ ਦਾ ਵਾਲ-ਵਾਲ ਬਚਾਅ ਹੋ ਗਿਆ। ਇਹ ਮੰਜ਼ਰ ਇੰਨਾ ਭਿਆਨਕ ਸੀ ਕਿ ਘਰ 'ਚੋਂ ਉੱਠਦੀਆਂ ਅੱਗ ਦੀਆਂ ਉੱਚੀਆਂ ਲਪਟਾਂ ਨੂੰ ਦੇਖ ਕੇ ਪੂਰੇ ਮੁਹੱਲੇ 'ਚ ਦਹਿਸ਼ਤ ਫੈਲ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਘਰਾਂ ਤੋਂ ਬਾਹਰ ਗਲੀਆਂ 'ਚ ਨਿਕਲ ਆਏ। ਸਮਾਂ ਰਹਿੰਦੇ ਘਰ ਅੰਦਰੋਂ ਮਾਸੂਮ ਬੱਚਿਆਂ ਅਤੇ ਪਰਿਵਾਰ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ, ਜਿਸ ਕਾਰਨ ਇਕ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਜਾਣਕਾਰੀ ਮੁਤਾਬਕ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਪਰਿਵਾਰ ਰਾਤ ਦੇ ਖਾਣੇ ਦੀ ਤਿਆਰੀ ਕਰ ਰਿਹਾ ਸੀ। ਅਚਾਨਕ ਸਿਲੰਡਰ ਦੀ ਪਾਈਪ ਤੋਂ ਗੈਸ ਲੀਕ ਹੋਣ ਲੱਗੀ ਅਤੇ ਦੇਖਦੇ ਹੀ ਦੇਖਦੇ ਅੱਗ ਲੱਗ ਗਈ। ਅੱਗ ਨੇ ਪੂਰੀ ਰਸੋਈ ਨੂੰ ਆਪਣੀ ਲਪੇਟ 'ਚ ਲੈ ਲਿਆ। ਪਰਿਵਾਰ ਨੇ ਬਹਾਦਰੀ ਦਿਖਾਉਂਦੇ ਹੋਏ ਅੱਗ 'ਤੇ ਕਾਬੂ ਪਾਉਣ ਲਈ ਗਿੱਲੇ ਗੱਦੇ ਵੀ ਪਾਏ ਪਰ ਅੱਗ ਦੀਆਂ ਲਪਟਾਂ ਬੇਕਾਬੂ ਸਨ ਅਤੇ ਸਭ ਕੁੱਝ ਨਾਕਾਮ ਸਾਬਿਤ ਹੋਇਆ।

## ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਨੇ ਲਾਏ ਅਣਦੇਖੀ ਦੇ ਦੋਸ਼

ਲੁਧਿਆਣਾ, 27 ਜਨਵਰੀ : ਲੁਧਿਆਣਾ ਨਗਰ ਨਿਗਮ ਦੇ ਗਣਤੰਤਰ ਦਿਵਸ ਸਮਾਗਮ ਵਿਚ ਵਿਵਾਦਾਂ ਦਾ ਸਾਇਆ ਵੇਖਣ ਨੂੰ ਮਿਲਿਆ, ਜਿੱਥੇ ਪਹਿਲਾਂ ਨਵੀਂ ਕਮਿਸ਼ਨਰ ਨੀਰੂ ਕਤਿਆਲ ਦੇ ਸ਼ਾਮਲ ਨਾ ਹੋਣ ਨੂੰ ਲੈ ਕੇ ਚਰਚਾ ਹੋ ਰਹੀ ਹੈ, ਉੱਥੇ ਹੀ ਮੇਅਰ ਤੇ ਜ਼ੋਨਲ ਕਮਿਸ਼ਨਰ 'ਤੇ ਅਣਦੇਖੀ ਦਾ ਦੋਸ਼ ਲਗਾ ਕੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਵੱਲੋਂ ਵੀ ਪ੍ਰੋਗਰਾਮ ਦਾ ਬਾਇਕਾਟ ਕਰਨ ਦੀ ਗੱਲ ਸਾਹਮਣੇ ਆਈ ਹੈ। ਇਸ ਸਬੰਧੀ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਦਾ ਕਹਿਣਾ ਹੈ ਕਿ ਨਗਰ ਨਿਗਮ ਵੱਲੋਂ ਕਈ ਸਾਲਾਂ ਤੋਂ ਲਗਾਤਾਰ ਕਿਸੇ ਵੀ ਸਮਾਗਮ ਲਈ ਬਾਕਾਇਦਾ ਕਾਰਡ ਜਾਰੀ ਕੀਤਾ ਜਾਂਦਾ ਹੈ, ਪਰ ਇਸ ਵਾਰ ਗਣਤੰਤਰ ਦਿਵਸ ਸਮਾਗਮ ਨੂੰ ਲੈ ਕੇ ਅਜਿਹੀ ਕੋਈ ਸੂਚਨਾ ਨਹੀਂ ਦਿੱਤੀ ਗਈ। ਇਸ ਦੇ ਬਾਵਜੂਦ ਵੀ ਉਹ ਡਿਪਟੀ ਮੇਅਰ ਪ੍ਰਿੰਸ ਜੌਹਰ ਦੇ ਨਾਲ ਜ਼ੋਨ ਡੀ ਆਫ਼?ਸ ਸਰਾਭਾ ਨਗਰ ਵਿਚ ਪਹੁੰਚ ਗਏ, ਪਰ ਉਸ ਵੇਲੇ ਤਕ ਮੇਅਰ ਨਹੀਂ ਆਈ ਸੀ ਤਾਂ ਜ਼ੋਨਲ ਕਮਿਸ਼ਨਰ ਸੇਖੋਂ ਨੇ ਉਨ੍ਹਾਂ ਨੂੰ ਅੰਦਰ ਦਫ਼ਤਰ ਵਿਚ ਬਿਠਾ ਦਿੱਤਾ। ਇਸ ਮਗਰੋਂ ਮੇਅਰ ਦੇ ਆਉਣ ਤੋਂ ਬਾਅਦ ਕੌਮੀ ਝੰਡਾ ਫ਼ਹਿਰਾ ਦਿੱਤਾ ਗਿਆ ਤੇ ਉਨ੍ਹਾਂ ਨੂੰ ਸੂਚਨਾ ਤਕ ਨਹੀਂ ਦਿੱਤੀ ਗਈ। ਇਸ 'ਤੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਸਮਾਗਮ ਵਿਚ ਸ਼ਾਮਲ ਹੋਣ ਦੀ ਬਜਾਏ ਵਾਪਸ ਆ ਗਏ।

## ਸਿਲੰਡਰ ਤੋਂ ਲੀਕ ਹੋਈ ਗੈਸ ਨੇ ਮਚਾਈ ਤਬਾਹੀ, ਘਰ ਛੱਡ ਗਲੀਆਂ ਵੱਲ ਦੌੜੇ ਲੋਕ

ਲੁਧਿਆਣਾ, 27 ਜਨਵਰੀ : ਸਥਾਨਕ ਜਵਾਹਰ ਨਗਰ ਕੈਂਪ ਦੀ ਗਲੀ ਨੰਬਰ-4 'ਚ ਬੀਤੀ ਰਾਤ ਉਸ ਵੇਲੇ ਹਾਹਾਕਾਰ ਮਚ ਗਈ, ਜਦੋਂ ਸਿਲੰਡਰ ਦੀ ਪਾਈਪ ਤੋਂ ਗੈਸ ਲੀਕ ਹੋਣ ਕਾਰਨ ਅੱਗ ਦੇ ਭਾਂਬੜ ਮਚ ਗਏ। ਹਾਲਾਂਕਿ ਇਸ ਹਾਦਸੇ ਦੌਰਾਨ ਪਰਿਵਾਰ ਦਾ ਵਾਲ-ਵਾਲ ਬਚਾਅ ਹੋ ਗਿਆ। ਇਹ ਮੰਜ਼ਰ ਇੰਨਾ ਭਿਆਨਕ ਸੀ ਕਿ ਘਰ 'ਚੋਂ ਉੱਠਦੀਆਂ ਅੱਗ ਦੀਆਂ ਉੱਚੀਆਂ ਲਪਟਾਂ ਨੂੰ ਦੇਖ ਕੇ ਪੂਰੇ ਮੁਹੱਲੇ 'ਚ ਦਹਿਸ਼ਤ ਫੈਲ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਘਰਾਂ ਤੋਂ ਬਾਹਰ ਗਲੀਆਂ 'ਚ ਨਿਕਲ ਆਏ। ਸਮਾਂ ਰਹਿੰਦੇ ਘਰ ਅੰਦਰੋਂ ਮਾਸੂਮ ਬੱਚਿਆਂ ਅਤੇ ਪਰਿਵਾਰ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ, ਜਿਸ ਕਾਰਨ ਇਕ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਜਾਣਕਾਰੀ ਮੁਤਾਬਕ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਪਰਿਵਾਰ ਰਾਤ ਦੇ ਖਾਣੇ ਦੀ ਤਿਆਰੀ ਕਰ ਰਿਹਾ ਸੀ। ਅਚਾਨਕ ਸਿਲੰਡਰ ਦੀ ਪਾਈਪ ਤੋਂ ਗੈਸ ਲੀਕ ਹੋਣ ਲੱਗੀ ਅਤੇ ਦੇਖਦੇ ਹੀ ਦੇਖਦੇ ਅੱਗ ਲੱਗ ਗਈ। ਅੱਗ ਨੇ ਪੂਰੀ ਰਸੋਈ ਨੂੰ ਆਪਣੀ ਲਪੇਟ 'ਚ ਲੈ ਲਿਆ। ਪਰਿਵਾਰ ਨੇ ਬਹਾਦਰੀ ਦਿਖਾਉਂਦੇ ਹੋਏ ਅੱਗ 'ਤੇ ਕਾਬੂ ਪਾਉਣ ਲਈ ਗਿੱਲੇ ਗੱਦੇ ਵੀ ਪਾਏ ਪਰ ਅੱਗ ਦੀਆਂ ਲਪਟਾਂ ਬੇਕਾਬੂ ਸਨ ਅਤੇ ਸਭ ਕੁੱਝ ਨਾਕਾਮ ਸਾਬਿਤ ਹੋਇਆ। ਘਰ ਅੰਦਰ ਧੂੰਏਂ ਅਤੇ ਅੱਗ ਵਿਚਕਾਰ ਫਸੇ ਬੱਚਿਆਂ ਨੇ ਰੌਲਾ ਪਾਇਆ ਤਾਂ ਗੁਆਂਢੀਆਂ ਨੇ ਉਨ੍ਹਾਂ ਨੂੰ ਬਾਹਰ ਕੱਢਿਆ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਦੀਆਂ ਗੱਡੀਆਂ ਮੌਕੇ 'ਤੇ ਪੁੱਜੀਆਂ। ਇਲਾਕਾ ਕਾਫੀ ਤੰਗ ਅਤੇ ਗਲੀਆਂ ਭੀੜੀਆਂ ਹੋਣ ਕਾਰਨ ਫਾਇਰ ਮੁਲਾਜ਼ਮਾਂ ਨੂੰ ਘਰ ਤੱਕ ਪੁੱਜਣ 'ਚ ਭਾਰੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਿਆ।

## ਗਣਤੰਤਰ ਦਿਵਸ ਸਮਾਗਮ 'ਚ ਨਹੀਂ ਪਹੁੰਚੀ ਨਿਗਮ ਕਮਿਸ਼ਨਰ ਨੀਰੂ ਕਤਿਆਲ, ਬਦਲੀ ਮਗਰੋਂ ਨਹੀਂ ਸੰਭਾਲਿਆ ਅਹੁਦਾ

ਲੁਧਿਆਣਾ, 27 ਜਨਵਰੀ : ਪੰਜਾਬ ਸਰਕਾਰ ਵੱਲੋਂ 21 ਜਨਵਰੀ ਨੂੰ 26 IAS ਅਤੇ PCS ਅਧਿਕਾਰੀਆਂ ਦੀ ਟ?ਰਾਂਸਫਰ ਕੀਤੀ ਗਈ ਸੀ। ਇਨ੍ਹਾਂ ਵਿਚ ਲੁਧਿਆਣਾ ਨਗਰ ਨਿਗਮ ਦੇ ਕਮਿਸ਼ਨਰ ਨੂੰ ਵੀ ਬਦਲ ਦਿੱਤਾ ਗਿਆ ਸੀ। ਇਸ ਦੇ ਤਹਿਤ ਲੁਧਿਆਣਾ ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਨੂੰ 43 ਰੋਪੜ ਲਗਾਇਆ ਗਿਆ ਸੀ ਅਤੇ ਉਨ੍ਹਾਂ ਦੀ ਜਗ?ਹਾ ਪੁੱਡਾ ਦੀ ਚੀਫ਼ ਨੀਰੂ ਕਤਿਆਲ ਨੂੰ ਲੁਧਿਆਣਾ ਨਗਰ ਨਿਗਮ ਦਾ ਨਵਾਂ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਲੁਧਿਆਣਾ ਨਗਰ ਨਿਗਮ ਦੇ ਪਿਛਲੇ ਕਮਿਸ਼ਨਰ ਅਦਿੱਤਿਆ ਵੱਲੋਂ 23 ਜਨਵਰੀ ਨੂੰ ਚਾਰਜ ਛੱਡ ਦਿੱਤਾ ਗਿਆ ਸੀ ਅਤੇ 43 ਰੋਪੜ ਦੇ ਰੂਪ 'ਚ 24 ਜਨਵਰੀ ਨੂੰ ਜੁਆਇਨ ਕਰ ਲਿਆ ਸੀ। ਪਰ ਨਗਰ ਨਿਗਮ ਲੁਧਿਆਣਾ ਦੀ ਨਵੀਂ ਕਮਿਸ਼ਨਰ ਨੀਰੂ ਕਤਿਆਲ ਵੱਲੋਂ 24-25 ਜਨਵਰੀ ਨੂੰ ਜੁਆਇਨ ਨਹੀਂ ਕੀਤਾ ਗਿਆ ਅਤੇ ਨਾ ਹੀ ਉਹ 26 ਜਨਵਰੀ ਨੂੰ ਨਗਰ ਨਿਗਮ ਲੁਧਿਆਣਾ ਵਿਚ ਹੋਣ ਵਾਲੇ ਗਣਤੰਤਰ ਦਿਵਸ ਪ੍ਰੋਗਰਾਮ ਦੇ ਵਿਚ ਪਹੁੰਚੀ। ਇਹ ਸ਼ਾਇਦ ਪਹਿਲੀ ਵਾਰ ਹੋਵੇਗਾ ਕਿ ਨਗਰ ਨਿਗਮ ਲੁਧਿਆਣਾ ਦੇ ਗਣਤੰਤਰ ਦਿਵਸ ਪ੍ਰੋਗਰਾਮ ਦੌਰਾਨ ਕਮਿਸ਼ਨਰ ਮੌਜੂਦ ਨਹੀਂ ਸੀ, ਜਿਸ ਦੇ ਚਲਦੇ ਮੇਅਰ ਦੇ ਨਾਲ ਐਡੀਸ਼ਨਲ ਕਮਿਸ਼ਨਰ ਪਰਮਦੀਪ ਸਿੰਘ ਨੇ ਕਮਿਸ਼ਨਰ ਦੇ ਰੂਪ ਵਿਚ ਜ਼ਿੰਮੇਵਾਰੀ ਨਿਭਾਈ। ਇਸ ਤੋਂ ਪਹਿਲਾਂ ਇਹ ਹੁੰਦਾ ਹੈ ਕਿ ਕਮਿਸ਼ਨਰ ਨਗਰ ਨਿਗਮ ਲੁਧਿਆਣਾ ਦੇ ਵਿਚ ਹੋਣ ਵਾਲੇ ਪ੍ਰੋਗਰਾਮ ਦੇ ਵਿਚ ਹਿੱਸਾ ਲੈਣ ਤੋਂ ਬਾਅਦ ਜੋ ਡਿਸਟ੍ਰਿਕਟ ਐਡਮਿਨਿਸਟ?ਰੇਸ਼ਨ ਦਾ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਹੁੰਦਾ ਹੈ, ਉਸ ਦੇ ਵਿਚ ਸ਼ਾਮਲ ਹੋਣ ਜਾਂਦੇ ਹਨ। ਪਰ ਇਸ ਵਾਰ ਸ਼ਾਇਦ ਅਜਿਹਾ ਵੀ ਨਹੀਂ ਹੋਵੇਗਾ ਕਿਉਂਕਿ ਨਵੀਂ ਨਗਰ ਨਿਗਮ ਕਮਿਸ਼ਨਰ ਨੀਰੂ ਕਤਿਆਲ ਨੇ ਟਰਾਂਸਫਰ ਹੋਣ ਤੋਂ ਪੰਜ ਦਿਨ ਬਾਅਦ ਵੀ ਹਾਲੇ ਤੱਕ ਜੁਆਇਨ ਨਹੀਂ ਕੀਤਾ। ਦੱਸਿਆ ਜਾ ਰਿਹਾ ਹੈ ਕਿ ਨਗਰ ਨਿਗਮ ਲੁਧਿਆਣਾ ਦੀ ਨਵੀਂ ਕਮਿਸ਼ਨਰ ਨੀਰੂ ਕਤਿਆਲ ਵੱਲੋਂ ਮੰਗਲਵਾਰ ਯਾਨੀ 27 ਜਨਵਰੀ ਨੂੰ ਜੁਆਇਨ ਕੀਤਾ ਜਾਵੇਗਾ।

### ਰੇਲ ਗੱਡੀ ਥੱਲੇ ਆਉਣ ਕਾਰਨ ਦੋ ਲੜਕਿਆਂ ਦੀ ਮੌਤ

ਜ਼ੀਰਕਪੁਰ, 27 ਜਨਵਰੀ : ਜ਼ੀਰਕਪੁਰ ਦੀ ਹਰਮਿਲਾਪ ਨਗਰ ਕਾਲੋਨੀ 'ਚ ਪਤੰਗ ਲੁੱਟਣ ਦੇ ਚੱਕਰ 'ਚ 2 ਮਾਸੂਮ ਬੱਚਿਆਂ ਦੀ ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੌਤ ਹੋ ਗਈ। ਇਹ ਦਰਦਨਾਕ ਘਟਨਾ ਸ਼ਾਮ ਕਰੀਬ 6 ਵਜੇ ਹਰਮਿਲਾਪ ਨਗਰ ਕਾਲੋਨੀ ਨੇੜੇ ਰੇਲਵੇ ਟਰੈਕ 'ਤੇ ਵਾਪਰੀ, ਜਿੱਥੇ ਅੰਬਾਲਾ ਤੋਂ ਚੰਡੀਗੜ੍ਹ ਵੱਲ ਜਾ ਰਹੀ ਰੇਲ ਗੱਡੀ ਨੇ ਦੋਵਾਂ ਨੂੰ ਕੁਚਲ ਦਿੱਤਾ। ਹਰਮਿਲਾਪ ਨਗਰ ਦੇ ਵਸਨੀਕ ਤੇ ਸਮਾਜਸੇਵੀ ਸੁਰਿੰਦਰ ਵਰਮਾ ਨੇ ਦੱਸਿਆ ਕਿ ਦੋਵੇਂ ਬੱਚੇ ਸ਼ਾਮ ਸਮੇਂ ਪਤੰਗ ਲੁੱਟ ਰਹੇ ਸਨ। ਇਸ ਦੌਰਾਨ ਪਤੰਗ ਰੇਲਵੇ ਲਾਈਨ ਵੱਲ ਚਲਿਆ ਗਿਆ ਤੇ ਬੱਚੇ ਉਸ ਦੇ ਪਿੱਛੇ ਟਰੈਕ ਨੇੜੇ ਪਹੁੰਚ ਗਏ।

## ਧੀ ਦਾ ਜਨਮ ਦਿਨ ਮਨਾਉਂਦੇ ਟੱਬਰ ਨੂੰ ਪੈ ਗਏ ਭੜਥੂ ! ਪਿਓ ਨੂੰ ਪਿਆ ਜਾਨ ਦਾ ਖੌਅ

ਲੁਧਿਆਣਾ, 27 ਜਨਵਰੀ : ਖ਼ੁਸ਼ੀਆਂ ਕਦੋਂ ਮਾਤਮ ਵਿਚ ਬਦਲ ਜਾਣ, ਕੁਝ ਕਿਹਾ ਨਹੀਂ ਜਾ ਸਕਦਾ। ਅਜਿਹਾ ਹੀ ਇਕ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ 5 ਸਾਲ ਦੀ ਮਾਸੂਮ ਬੱਚੀ ਦੇ ਜਨਮ ਦਿਨ ਦਾ ਜਸ਼ਨ ਉਸ ਵੇਲੇ ਖ਼ੂਨੀ ਖੇਡ ਵਿਚ ਬਦਲ ਗਿਆ, ਜਦੋਂ ਸ਼ਰਾਬ ਦੇ ਨਸ਼ੇ ਵਿਚ ਚੂਰ ਕੁਝ ਨੌਜਵਾਨਾਂ ਨੇ ਨਾ ਸਿਰਫ਼ ਪਰਿਵਾਰ ਦੇ ਨਾਲ ਕੁੱਟਮਾਰ ਕੀਤੀ, ਸਗੋਂ ਉਨ੍ਹਾਂ 'ਤੇ ਪਿਸਤੌਲ ਵੀ ਤਾਨ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦੇਣ ਲੱਗ ਪਏ।



ਇਸ ਮਾਮਲੇ ਵਿਚ ਥਾਣਾ ਡਾਬਾ ਦੀ ਪੁਲਸ ਨੇ ਮੁਲਜ਼ਮ ਵਿਨੀਤ ਕੁਮਾਰ, ਰਵੀ ਖੱਚਰ, ਮਨੀ ਖੱਚਰ ਤੇ ਰਣਵੀਰ ਕਪੂਰ ਹੈ। ਅਜੇ ਕੁਮਾਰ ਨੇ ਦੱਸਿਆ ਕਿ ਉਹ ਨਿਊ ਆਜ਼ਾਦ ਨਗਰ ਵਿਚ ਰਹਿੰਦਾ ਹੈ। 25 ਜਨਵਰੀ ਦੀ ਰਾਤ ਉਹ ਆਪਣੇ ਘਰ ਦੇ ਬਾਹਰ 5 ਸਾਲਾ ਬੱਚੀ ਮਾਨਸੀ ਦਾ ਜਨਮਦਿਨ ਮਨਾ ਰਹੇ ਸਨ। ਡੀ. ਜੇ. ਵੱਜ ਰਿਹਾ ਸੀ ਤੇ ਪਰਿਵਾਰ ਬਹੁਤ ਖ਼ੁਸ਼ ਸੀ।

ਉਦੋਂ ਹੀ ਤਕਰੀਬਨ ਪੌਣੇ 11 ਵਜੇ ਵਿਨੀਤ ਕੁਮਾਰ ਨਾਂ ਦਾ ਵਿਅਕਤੀ, ਜੋ ਪੂਰੀ ਤਰ੍ਹਾਂ ਨਸ਼ਾ ਵਿਚ ਟੱਲੀ ਸੀ, ਉੱਥੇ ਪਹੁੰਚਿਆ। ਵਿਵਾਦ ਗਲੀ ਵਿਚ ਮੀਟ ਦੀ ਰੇਹੜੀ ਲਗਾਉਣ ਨੂੰ ਲੈ ਕੇ ਸ਼ੁਰੂ ਹੋਇਆ। ਵੇਖਦੇ ਹੀ ਵੇਖਦੇ ਵਨੀਤ ਨੇ ਆਪਣੇ ਹੋਰ ਸਾਥੀਆਂ ਨੂੰ ਬੁਲਾ ਲਿਆ। ਮੁਲਜ਼ਮਾਂ ਦੀ ਬਦਮਾਸ਼ੀ ਇੱਥੇ ਹੀ ਨਹੀਂ ਰੁਕੀ। ਉਨ੍ਹਾਂ ਨੇ ਪੀੜਤ ਨੂੰ ਘਰ ਤੋਂ ਬਾਹਰ ਘੜੀਸ ਲਿਆ ਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸੇ ਵਿਚਾਲੇ ਰਵੀ ਖੱਚਰ ਤੇ ਮਨੀ ਖੱਚਰ ਨੇ ਆਪਣੀਆਂ ਪਿਸਤੌਲਾਂ ਕੱਢ ਲਈਆਂ ਤੇ ਪੀੜਤ ਤੇ ਉਸ ਦੇ ਰਿਸ਼ਤੇਦਾਰਾਂ 'ਤੇ ਸਿੱਧਾ ਫ਼ਾਇਰ ਕਰਨ ਦੀ ਕੋਸ਼ਿਸ਼ ਕੀਤੀ।

## ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਮੌਤ; ਪਿੰਡ ਪਹੁੰਚੀ ਲਾਸ਼, ਮਾਪਿਆਂ ਨੇ ਸਿਹਰਾ ਬੰਨ੍ਹ ਤੋਰਿਆ ਜਵਾਨ ਪੁੱਤ

ਮਹਿਲ ਕਲਾਂ, 27 ਜਨਵਰੀ : ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਗੁਰਮ ਦੇ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ 24 ਸਾਲਾ ਨੌਜਵਾਨ ਰਾਜਪ੍ਰੀਤ ਸਿੰਘ ਦੀ ਕਨੇਡਾ ਵਿੱਚ ਅਚਾਨਕ ਮੌਤ ਤੋਂ ਬਾਅਦ ਜਦੋਂ ਉਸ ਦੀ ਮ੍ਰਿਤਕ ਦੇਹ ਪਿੰਡ ਗੁਰਮ ਪੁੱਜੀ ਤਾਂ ਪੂਰਾ ਪਿੰਡ ਗਮ ਵਿੱਚ ਡੁੱਬ ਗਿਆ। ਅੱਠ ਦਿਨਾਂ ਬਾਅਦ ਨੌਜਵਾਨ ਦੀ ਲਾਸ਼ ਪਿੰਡ ਪਹੁੰਚਣ 'ਤੇ ਹਰ ਅੱਖ ਨਮ ਸੀ ਅਤੇ ਪਿੰਡ ਵਿੱਚ ਸੋਗ ਦਾ ਮਾਹੌਲ ਬਣਿਆ ਰਿਹਾ। ਮ੍ਰਿਤਕ ਦੇ ਪਿਤਾ ਕੁਲਵੰਤ ਸਿੰਘ ਅਤੇ ਮਾਤਾ ਬਲਜਿੰਦਰ ਕੌਰ ਨੇ ਦੱਸਿਆ ਕਿ ਉਹ ਇਕ ਛੋਟੇ ਕਿਸਾਨੀ ਪਰਿਵਾਰ ਨਾਲ ਸਬੰਧਤ ਹਨ। ਆਪਣੇ ਇਕਲੌਤੇ ਪੁੱਤਰ ਦੇ ਸੁਨਹਿਰੇ ਭਵਿੱਖ ਦੀ ਆਸ ਵਿਚ ਉਨ੍ਹਾਂ ਨੇ ਲਗਭਗ 18 ਲੱਖ ਰੁਪਏ ਦਾ ਕਰਜ਼ਾ ਚੁੱਕ ਕੇ ਅਪ੍ਰੈਲ 2024 ਵਿਚ ਰਾਜਪ੍ਰੀਤ ਸਿੰਘ ਨੂੰ ਸਟੱਡੀ ਵੀਜ਼ਾ 'ਤੇ ਕੈਨੇਡਾ ਭੇਜਿਆ ਸੀ। ਰਾਜਪ੍ਰੀਤ ਬਰੈਂਪਟਨ ਵਿਚ ਪੜ੍ਹਾਈ ਕਰਦਾ ਸੀ ਅਤੇ ਸਰੀ ਸ਼ਹਿਰ ਵਿਚ ਰਹਿ ਰਿਹਾ ਸੀ। 17 ਜਨਵਰੀ ਨੂੰ ਵਿਦੇਸ਼ ਤੋਂ ਰਿਸ਼ਤੇਦਾਰਾਂ ਰਾਹੀਂ ਉਸ ਦੀ ਮੌਤ ਦੀ ਦੁਖਦਾਈ ਖ਼ਬਰ ਮਿਲੀ, ਜਿਸ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਇਸ ਦੌਰਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਡਿਪਟੀ ਕਮਿਸ਼ਨਰ ਟੀ. ਬੈਨਿਥ ਅਤੇ ਸਮਾਜ ਸੇਵੀ ਗੁਰਮੀਤ ਸਿੰਘ ਜੰਗੀਆਣਾ ਦੇ ਉਪਰਾਲਿਆਂ ਸਦਕਾ ਕਾਗਜ਼ੀ ਕਾਰਵਾਈ ਪੂਰੀ ਕਰਵਾਈ ਗਈ, ਜਿਸ ਉਪਰੰਤ ਪਰਿਵਾਰ ਵੱਲੋਂ ਆਪਣੇ ਖ਼ਰਚ 'ਤੇ ਨੌਜਵਾਨ ਦੀ ਮ੍ਰਿਤਕ ਦੇਹ ਕਨੇਡਾ ਦੇ ਬਰੈਂਪਟਨ ਤੋਂ ਪਿੰਡ ਗੁਰਮ ਲਿਆਂਦੀ ਗਈ। ਪਿੰਡ ਗੁਰਮ ਵਿਚ ਮ੍ਰਿਤਕ ਦੇਹ ਪੁੱਜਣ 'ਤੇ ਹਲਕਾ ਬਰਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੇ ਸਪੁੱਤਰ ਅਤੇ ਯੂਥ ਕਾਂਗਰਸ ਪੰਜਾਬ ਦੇ ਸੀਨੀਅਰ ਆਗੂ ਅਰਣ ਪ੍ਰਤਾਪ ਸਿੰਘ ਢਿੱਲੋਂ, ਐਸ.ਸੀ. ਡਿਪਾਰਟਮੈਂਟ ਦੇ ਜ਼ਿਲ੍ਹਾ ਚੇਅਰਮੈਨ ਜਸਮੇਲ ਸਿੰਘ ਡੇਅਰੀ ਵਾਲਾ, ਸੀਨੀਅਰ ਕਾਂਗਰਸੀ ਆਗੂ ਇੰਸਪੈਕਟਰ ਪਿਆਰਾ ਸਿੰਘ ਮਹਾਮਦਪੁਰ, ਗੁਰਮੀਤ ਸਿੰਘ ਮੌੜ ਅਤੇ ਕਮਲਜੀਤ ਸਿੰਘ ਚੱਕ ਨੇ ਮ੍ਰਿਤਕ ਨੌਜਵਾਨ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਰੋਜ਼ੀ-ਰੋਟੀ ਅਤੇ ਭਵਿੱਖ ਸੰਵਾਰਨ ਦੀ ਆਸ ਵਿਚ ਵਿਦੇਸ਼ਾਂ ਨੂੰ ਜਾ ਰਹੇ ਪੰਜਾਬੀ ਨੌਜਵਾਨਾਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਆਖਿਆ ਕਿ ਕਿਸਾਨ ਪਰਿਵਾਰ ਦੇ ਇਕਲੌਤੇ ਪੁੱਤਰ ਰਾਜਪ੍ਰੀਤ ਸਿੰਘ ਦੀ ਮੌਤ ਨਾਲ ਪਰਿਵਾਰ ਹੀ ਨਹੀਂ ਸਗੋਂ ਸਮੁੱਚੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਕਾਂਗਰਸ ਪਾਰਟੀ ਦੁੱਖ ਦੀ ਇਸ ਘੜੀ ਵਿਚ ਪਰਿਵਾਰ ਨਾਲ ਖੜੀ ਹੈ। ਇਸ ਮੌਕੇ ਸਰਪੰਚ ਮਨਜੀਤ ਕੌਰ ਗੁਰਮ, ਸਾਬਕਾ ਸਰਪੰਚ ਰਾਜਵਿੰਦਰ ਸਿੰਘ ਧਾਲੀਵਾਲ, ਸਾਬਕਾ ਸਰਪੰਚ ਮਹਿੰਦਰ ਸਿੰਘ ਗੁਰਮ, ਸਮਾਜ ਸੇਵੀ ਬਾਬਾ ਅਕਲੂ ਦਾਸ, ਬੀਕੇਯੂ ਉਗਰਾਹਾਂ ਦੇ ਬਲਾਕ ਆਗੂ ਮਾਨ ਸਿੰਘ ਗੁਰਮ, ਮੇਜਰ ਸਿੰਘ, ਕੁਲਦੀਪ ਬਾਵਾ, ਨੰਬਰਦਾਰ ਭਗਵੰਤ ਸਿੰਘ, ਲੀਲਾ ਸਿੰਘ, ਬੀਰਬਲ ਦਾਸ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਡੋਰੀ ਗਰੁੱਪ ਦੇ ਬਲਾਕ ਸਕੱਤਰ ਡਾ. ਹਰਬੰਸ ਸਿੰਘ ਗੁਰਮ, ਬਚਿੱਤਰ ਸਿੰਘ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ, ਬਲਦੇਵ ਸਿੰਘ ਡੇਅਰੀ ਵਾਲਾ, ਮਾਸਟਰ ਹਰਵੰਸ ਲਾਲ, ਰਣਜੀਤ ਸਿੰਘ, ਸੁਰਤਰਾਮ ਸਿੰਘ, ਮਜ਼ਦੂਰ ਆਗੂ ਮਾਨ ਸਿੰਘ, ਕਰਮ ਸਿੰਘ, ਬੂਟਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀ ਅਤੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।ਮ੍ਰਿਤਕ ਨੌਜਵਾਨ ਰਾਜਪ੍ਰੀਤ ਸਿੰਘ ਦਾ ਅੰਤਿਮ ਸੰਸਕਾਰ ਪਿੰਡ ਗੁਰਮ ਦੇ ਸ਼ਮਸ਼ਾਨ ਘਾਟ ਵਿਖੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਦੀ ਭਾਰੀ ਹਾਜ਼ਰੀ ਵਿਚ ਗਮਗੀਨ ਮਾਹੌਲ ਦੌਰਾਨ ਕੀਤਾ ਗਿਆ।

## ਪਿੰਡ ਧੋਗੜੀ ਜਲੰਧਰ ਤੋਂ ਲਾਪਤਾ ਹੋਏ 3 ਨਾਬਾਲਗ ਬੱਚਿਆਂ ਦੇ ਮਾਮਲੇ 'ਚ ਆਇਆ ਨਵਾਂ ਮੋੜ

ਟਾਂਡਾ ਉੜਮੁੜ/ਜਲੰਧਰ, 27 ਜਨਵਰੀ : ਜ਼ਿਲ੍ਹਾ ਜਲੰਧਰ ਦੇ ਪਿੰਡ ਧੋਗੜੀ ਤੋਂ ਬੀਤੀ 25 ਜਨਵਰੀ ਨੂੰ ਲਾਪਤਾ ਹੋਏ 3 ਨਾਬਾਲਗ ਬੱਚਿਆਂ ਦੇ ਅਗਵਾ ਹੋਣ ਦੀ ਘਟਨਾ ਵਿੱਚ ਉਸ ਸਮੇਂ ਨਵਾਂ ਮੋੜ ਆਇਆ, ਜਦੋਂ ਬੱਚਿਆਂ ਨੇ ਪੁਲਸ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਨੂੰ ਅਗਵਾ ਨਹੀਂ ਕੀਤਾ ਗਿਆ, ਸਗੋਂ ਉਹ ਖੁਦ ਆਪਣੀ ਮਰਜ਼ੀ ਨਾਲ ਘਰੋਂ ਭੱਜੇ ਸਨ। ਜ਼ਿਕਰਯੋਗ ਹੈ ਕਿ ਕਾਰਤਿਕ (10) ਪੁੱਤਰ ਦੀਪਕ ਕੁਮਾਰ, ਵੰਸ਼ (12) ਪੁੱਤਰ ਆਕਾਸ਼ ਨਾਹਰ ਅਤੇ ਸੈਮਅਲ (10) ਪੁੱਤਰ ਵਿਨੋਦ ਨਾਹਰ ਨਿਵਾਸੀ ਪਿੰਡ ਧੋਗੜੀ ਬੀਤੀ 25 ਜਨਵਰੀ ਨੂੰ ਪਤੰਗ ਲੁੱਟਣ ਤੇ ਚੜ੍ਹਾਉਣ ਸਮੇਂ ਘਰੋਂ ਪਲੈਨਿੰਗ ਕਰਕੇ ਭੱਜ ਗਏ ਸਨ ਅਤੇ ਕਿਸੇ ਤਰੀਕੇ ਨਾਲ ਪਠਾਨਕੋਟ ਪਹੁੰਚ ਗਏ ਅਤੇ ਰਸਤੇ ਵਿੱਚ ਹੀ ਉਨ੍ਹਾਂ ਨੇ ਇਸੇ ਜਗ?ਹਾ ਤੋਂ ਸਾਈਕਲ ਚੁੱਕ ਕੇ ਵਾਪਸੀ ਸਮੇਂ ਖੁੱਡੇ ਰੁਕੇ। ਪਿੰਡ ਖੁੱਡਾ ਦੇ ਸਰਪੰਚ ਅਤੇ ਨਗਰ ਨਿਵਾਸੀਆਂ ਨੇ ਜਦੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਤਾਂ ਉਹਨਾਂ ਨੇ ਅਗਵਾ ਹੋਣ ਦੀ ਮਨਘੜਤ ਘਟਨਾ ਦੱਸੀ ਜਿਸ ਉਪਰੰਤ ਟਾਂਡਾ ਪੁਲਸ ਨੂੰ ਸੂਚਨਾ ਦਿੱਤੇ ਜਾਣ ਉਪਰੰਤ ਧੋਗੜੀ ਨਾਲ ਸੰਬੰਧਿਤ ਜੰਡੂ ਸਿੰਘਾ ਪੁਲਸ ਚੌਕੀ ਨਾਲ ਸੰਪਰਕ ਕੀਤਾ ਗਿਆ। ਇਸ ਉਪਰੰਤ ਜੰਡੂ ਸਿੰਘਾ ਪੁਲਿਸ ਚੌਂਕੀ ਦੇ ਇੰਚਾਰਜ ਕੁਲਦੀਪ ਸਿੰਘ ਕੁਲਦੀਪ ਸਿੰਘ ਨੇ ਪਿੰਡ ਖੁੱਡਾ ਦੇ ਸਰਪੰਚ ਹਰਬੰਸ ਸਿੰਘ ਅਤੇ ਮਾਪਿਆਂ ਦੀ ਮੌਜੂਦਗੀ ਵਿੱਚ ਜਦੋਂ ਬੱਚਿਆਂ ਤੋਂ ਸਖਤੀ ਨਾਲ ਪੁੱਛਗਿਛ ਕੀਤੀ ਤਾਂ ਉਹਨਾਂ ਦੱਸਿਆ ਕਿ ਉਹ ਘਰੋਂ ਕਿਸੇ ਕਾਰਨ ਯੋਜਨਾ ਬਣਾ ਕੇ ਭੱਜੇ ਹੋਏ ਸਨ। ਇਸ ਸਬੰਧੀ ਏ. ਐੱਸ. ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਬੱਚਿਆਂ ਦੇ ਮਾਪਿਆਂ ਵੱਲੋਂ ਚੌਕੀ ਵਿੱਚ ਲਾਪਤਾ ਹੋਣ ਦੀ ਸ਼ਿਕਾਇਤ ਵੀ ਦਿੱਤੀ ਗਈ ਸੀ। ਇਸ ਮੌਕੇ ਸਰਪੰਚ ਹਰਬੰਸ ਸਿੰਘ ਖੁੱਡਾ ਉਹਨਾਂ ਪਿੰਡ ਵਾਸੀਆਂ ਦਾ ਬੱਚਿਆਂ ਦੇ ਮਾਪਿਆਂ ਅਤੇ ਚੌਕੀ ਇੰਚਾਰਜ ਏ. ਐਸ. ਆਈ ਕੁਲਦੀਪ ਸਿੰਘ ਨੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਅਤੇ ਉਹਨਾਂ ਦੀ ਦੇਖਭਾਲ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਚੌਕੀ ਇੰਚਾਰਜ ਏ. ਐੱਸ. ਆਈ. ਕੁਲਦੀਪ ਸਿੰਘ, ਸਰਪੰਚ ਹਰਬੰਸ ਸਿੰਘ, ਗੁਰਪ੍ਰੀਤ ਸਿੰਘ ਖਾਲਸਾ, ਜਸਵਿੰਦਰ ਸਿੰਘ ਜੱਸੀ ਤੇ ਹੋਰ ਪਿੰਡ ਵਾਸੀਆਂ ਨੇ ਨਾਬਾਲਗ ਬੱਚਿਆਂ ਨੂੰ ਅੱਗੋਂ ਤੋਂ ਅਜਿਹੀ ਗਲਤੀ ਨਾ ਕਰਨ ਲਈ ਪ੍ਰੇਰਿਤ ਕੀਤਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

उत्तराखण्ड शासन

देवभूमि रजत उत्सव



# समान नागरिक संहिता
## उत्तराखण्ड, 2024



“21वीं सदी के विकसित भारत के निर्माण के दो प्रमुख स्तंभ हैं। पहला, अपनी विरासत पर गर्व और दूसरा, विकास के लिए हरसंभव प्रयास। आज उत्तराखण्ड, इन दोनों ही स्तंभों को मजबूत कर रहा है। ये दशक उत्तराखण्ड का दशक है।”

**नरेन्द्र मोदी**
प्रधानमंत्री

“समान नागरिक संहिता हर नागरिक को समान अधिकार, सम्मान और सुरक्षा देने की हमारी प्रतिबद्धता का प्रतीक है।”

**पुष्कर सिंह धामी**
मुख्यमंत्री, उत्तराखण्ड

## देश का पहला राज्य उत्तराखण्ड
### जहाँ हर नागरिक के लिए एक कानून
**एक अधिकार | एक सम्मान**

**संपत्ति अधिकार**
01 सभी धर्म-समुदायों के सभी वर्गों के लिए बेटा-बेटी को संपत्ति में समान अधिकार।

**वैवाहिक आयु निर्धारित**
02 सभी धर्मों में विवाह की न्यूनतम उम्र लड़कों के लिए 21 वर्ष और लड़कियों के लिए 18 वर्ष निर्धारित।

**वैवाहिक पंजीकरण**
03 विवाह के तय समय के भीतर विवाह पंजीकरण करवाना अनिवार्य। एक पति-पत्नी नियम समान रुप से लागू।

**समान अधिकार**
04 पत्नी को पति जैसा समान अधिकार, सभी धर्म और सम्प्रदायों के महिला-पुरुषों को समान अधिकार।

**माता-पिता हेतु**
05 किसी व्यक्ति की मृत्यु के पश्चात उसकी सम्पत्ति में माता-पिता का भी समान अधिकार होगा।

**अनुसूचित जनजाति**
06 अनुसूचित जनजाति को समान नागरिक संहिता (यूसीसी) के दायरे से बाहर रखा गया है।

**लिव-इन रिलेशन**
07 लिव-इन रिलेशन में जन्मे बच्चों को जैविक संतान के समान सभी विधिक अधिकार

## UCC - 1 साल

### ऑनलाइन पंजीकरण
* लगभग 5 लाख विवाह पंजीकरण
* लगभग 100% ऑनलाइन प्रक्रिया
* औसतन 1400 पंजीकरण प्रतिदिन
* पहले जहाँ प्रतिदिन केवल 67 पंजीकरण होते थे
* अब औसतन 5 दिन में प्रमाणपत्र जारी

### UCC - सिर्फ कानून नहीं, व्यवस्था में परिवर्तन
* सोच बदली
* प्रक्रिया बदली
* व्यवस्था बदली
* उत्तराखण्ड बना मॉडल राज्य

### महिला और बाल अधिकारों की सुरक्षा
* विवाह और तलाक में समान नियम
* महिलाओं को कानूनी सुरक्षा और सम्मान
* बच्चों के अधिकारों को मजबूती
* कुप्रथाओं पर प्रभावी नियंत्रण

### न्याय की नई परिभाषा
* कानून से आगे बढ़कर सुशासन
* समानता को व्यवहार में उतारने का उदाहरण
* नागरिकों का विश्वास मजबूत
* संविधान की भावना का सशक्त क्रियान्वयन

### डिजिटल सुविधा | पारदर्शी व्यवस्था
* घर बैठे ऑनलाइन आवेदन
* वीडियो बयान की सुविधा
* दंपति व गवाह कहीं से भी प्रक्रिया पूरी कर सकते हैं
* सब-रजिस्ट्रार कार्यालय जाने की बाध्यता समाप्त
* समय, श्रम और खर्च की बचत
* AI के माध्यम से 22 अधिसूचित भारतीय भाषाओं में पंजीकरण सुविधा।



**रजिस्ट्रेशन करने हेतु लॉग इन करें....ucc.uk.gov.in**

सूचना एवं लोक सम्पर्क विभाग, उत्तराखण्ड द्वारा जनहित में जारी।

www.uttarainformation.gov.in | uttarakhandDIPR | DIPR_UK | uttarakhand DIPR

# 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

## ਜ਼ਿਲ੍ਹੇ 'ਚ ਨਸ਼ਾ ਮੁਕਤੀ, ਸਿਹਤ ਤੇ ਸਿੱਖਿਆ ਸੁਧਾਰਾਂ ਸਮੇਤ ਵਿਕਾਸ ਪ੍ਰਾਜੈਕਟਾਂ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣਾ ਵੀ ਤਰਜੀਹਾਂ 'ਚ ਸ਼ਾਮਲ

**ਪਟਿਆਲਾ, 27 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




2018 ਬੈਚ ਦੇ ਨੌਜਵਾਨ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਡਾ. ਪ੍ਰੀਤੀ ਯਾਦਵ ਦੀ ਜਗ੍ਹਾ ਇਹ ਅਹੁਦਾ ਸੰਭਾਲਿਆ ਹੈ, ਜਿਨ੍ਹਾਂ ਦੀ ਬਦਲੀ ਐਮ.ਡੀ. ਮਾਰਕਫੈਡ ਵਜੋਂ ਹੋਈ ਹੈ।

ਵਰਜੀਤ ਵਾਲੀਆ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ, ਉਨ੍ਹਾਂ ਦੀ ਇਹ ਮੁੱਖ ਤਰਜੀਹ ਰਹੇਗੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹਾਇਆ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਫਲੈਗਸ਼ਿਪ ਸਕੀਮਾਂ ਦਾ ਲਾਭ ਲੋਕਾਂ ਲਈ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾਵੇ।

ਵਰਜੀਤ ਵਾਲੀਆ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਤੇ ਰੰਗਲਾ ਪੰਜਾਬ ਸਿਰਜਣ ਦੇ ਸੁਪਨੇ ਨੂੰ ਸਾਕਾਰ ਕਰਨ ਸਮੇਤ ਸਿਹਤ ਤੇ ਸਿੱਖਿਆ ਖੇਤਰਾਂ 'ਚ ਹੋਰ ਸੁਧਾਰ ਕਰਨਾ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਘਰ-ਘਰ ਤੱਕ ਪੁੱਜਦਾ ਕਰਨਾ ਵੀ ਉਨ੍ਹਾਂ ਦੀਆਂ ਤਰਜੀਹਾਂ 'ਚ ਸ਼ਾਮਲ ਹੈ। ਜਦਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕਰਵਾਉਣ ਲਈ ਵੀ ਉਹ ਉਚੇਚੇ ਯਤਨ ਕਰਨਗੇ।

ਜਿਕਰਯੋਗ ਹੈ ਕਿ 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ, ਆਈ.ਆਈ.ਟੀ. ਦਿੱਲੀ ਤੋਂ ਕੈਮੀਕਲ ਇੰਜੀਨੀਅਰਿੰਗ 'ਚ ਗ੍ਰੈਜੂਏਟ ਹਨ। ਇਸ ਤੋਂ ਪਹਿਲਾਂ ਰੂਪਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ, ਏ.ਡੀ.ਸੀ. ਸੰਗਰੂਰ ਤੇ ਐਸ.ਡੀ.ਐਮ. ਬਰਨਾਲਾ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਅਹੁਦਾ ਸੰਭਾਲਣ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸੁਪਤਨੀ ਤੇ ਆਈ.ਆਰ.ਐਸ. ਅਧਿਕਾਰੀ ਤਾਨੀਆ ਬੈਂਸ ਤੇ ਸਪੁੱਤਰ ਵਰਤਾਜ ਵਾਲੀਆ ਵੀ ਮੌਜੂਦ ਸਨ। ਡੀ.ਸੀ. ਵਜੋਂ ਆਪਣਾ ਅਹੁਦਾ ਸੰਭਾਲਣ ਤੋਂ ਉਪਰੰਤ ਵਰਜੀਤ ਵਾਲੀਆ ਨੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਅਤੇ ਮੰਦਿਰ ਮਾਤਾ ਸ੍ਰੀ ਕਾਲੀ ਦੇਵੀ ਵਿਖੇ ਵੀ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਵਰਜੀਤ ਵਾਲੀਆ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲੇ ਜਾਣ ਮੌਕੇ ਐਸ.ਪੀ ਵੈਭਵ ਚੌਧਰੀ, ਏ.ਡੀ.ਸੀਜ ਦਮਨਜੀਤ ਸਿੰਘ ਮਾਨ, ਸਿਮਰਪ੍ਰੀਤ ਕੌਰ ਤੇ ਡਾ ਇਸਮਤ ਵਿਜੇ ਸਿੰਘ, ਐਸ.ਪੀ ਪਲਵਿੰਦਰ ਸਿੰਘ ਚੀਮਾ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਜ਼ਿਲ੍ਹਾ ਮਾਲ ਅਫ਼ਸਰ ਅੰਕਿਤਾ ਅਗਰਵਾਲ ਸਮੇਤ ਡੀ.ਸੀ. ਦਫ਼ਤਰ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਨਵੇਂ ਡਿਪਟੀ ਕਮਿਸ਼ਨਰ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕੀਤਾ। ਇਸ ਤੋਂ ਪਹਿਲਾਂ ਨਵੇਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜਣ 'ਤੇ ਪਟਿਆਲਾ ਪੁਲਿਸ ਦੀ ਟੁਕੜੀ ਨੇ 'ਗਾਰਡ ਆਫ਼ ਆਨਰ' ਪੇਸ਼ ਕਰਕੇ ਸਲਾਮੀ ਦਿੱਤੀ।

# ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਨੇ ਨੌਰਥ ਜ਼ੋਨ ਇੰਟਰ-ਯੂਨੀਵਰਸਿਟੀ ਬਾਸਕਟਬਾਲ ਚੈਂਪੀਅਨਸ਼ਿਪ ਕਰਵਾਈ



**ਪਟਿਆਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਅਤੇ ਕੰਟਰੋਲਰ ਡਾ. ਅਨੁਭਵ ਵਾਲੀਆ ਨੇ ਦੱਸਿਆ ਹੈ ਕਿ ਯੂਨੀਵਰਸਿਟੀ ਵੱਲੋਂ ਆਪਣੇ ਕਾਂਸਟੀਚੂਐਂਟ ਕਾਲਜ, ਸਰਕਾਰੀ ਆਰਟ ਅਤੇ ਸਪੋਰਟਸ ਕਾਲਜ ਜਲੰਧਰ ਵਿਖੇ ਛੇ-ਰੋਜ਼ਾ ਬਾਸਕਟਬਾਲ ਚੈਂਪੀਅਨਸ਼ਿਪ ਸਫਲਤਾਪੂਰਵਕ ਕਰਵਾਈ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਦੇ ਆਏ ਨਤੀਜਿਆਂ ਵਿੱਚ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਸਮੁੱਚੀ ਚੈਂਪੀਅਨ) ਨੇ ਪਹਿਲਾ ਸਥਾਨ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਦੂਜਾ ਸਥਾਨ, ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਨੇ ਤੀਜਾ ਸਥਾਨ ਅਤੇ ਐਮਬੀਐਸ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਨੇ ਚੌਥਾ ਸਥਾਨ ਹਾਸਲ ਕੀਤਾ ਹੈ।

ਡਾ. ਵਾਲੀਆ ਨੇ ਕਿਹਾ ਕਿ ਟੂਰਨਾਮੈਂਟ ਦੀ ਨਿਗਰਾਨੀ ਏਆਈਯੂ ਦੁਆਰਾ ਨਿਯੁਕਤ ਨਿਰੀਖਕ ਡਾ. ਯਸ਼ਵੰਤ ਗਹਿਲੋਤ ਨੇ ਕੀਤੀ ਅਤੇ ਉਨ੍ਹਾਂ ਨੇ ਪੂਰੇ ਮੁਕਾਬਲੇ ਦੌਰਾਨ ਨਿਰਪੱਖਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ। ਕਾਲਜ ਦੇ ਪ੍ਰਿੰਸੀਪਲ ਡਾ. ਰਣਬੀਰ ਸਿੰਘ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਨਿਰੀਖਕ, ਕੋਚਾਂ, ਪ੍ਰਬੰਧਕਾਂ ਅਤੇ ਸਟਾਫ ਦਾ ਧੰਨਵਾਦ ਕੀਤਾ। ਡਾ. ਗਹਿਲੋਤ ਨੇ ਸਪੋਰਟਸ ਯੂਨੀਵਰਸਿਟੀ ਅਤੇ ਕਾਲਜ ਪ੍ਰਬੰਧਨ ਦੋਵਾਂ ਦੁਆਰਾ ਪ੍ਰਦਰਸ਼ਿਤ ਸੰਗਠਨਾਤਮਕ ਉੱਤਮਤਾ ਦੀ ਸ਼ਲਾਘਾ ਕੀਤੀ। ਕੋਚ ਤਲਵਿੰਦਰ ਸ਼ਾਹੀ ਨੇ ਟੀਮ ਦੀ ਅਗਵਾਈ ਅਤੇ ਮਾਰਗਦਰਸ਼ਨ ਨੇ ਕੀਤਾ। ਅਧਿਕਾਰੀਆਂ ਅਤੇ ਜੇਤੂ ਖਿਡਾਰੀਆਂ ਨੂੰ ਮੈਡਲ, ਟਰਾਫੀਆਂ ਅਤੇ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ ਅਤੇ ਨਿਰੀਖਕ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।

# ਬਠਿੰਡਾ ਵਿੱਚ 'ਨਵੀਂ ਉਡਾਣ' ਤਹਿਤ ਅਖਬਾਰ ਵੰਡਣ ਵਾਲੇ ਵਿਅਕਤੀਆਂ ਨੂੰ ਸਾਈਕਲਾਂ ਤੇ ਜੈਕਟਾਂ ਵੰਡ ਕੇ ਕੀਤਾ ਸਨਮਾਨਿਤ

**ਬਠਿੰਡਾ,27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਭਾਰਤੀ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਅੱਜ ਇਥੇ ਸਥਾਨਕ ਸ਼ਹੀਦ ਭਗਤ ਸਿੰਘ ਬਹੁ-ਮੰਤਵੀਂ ਖੇਡ ਸਟੇਡੀਅਮ ਵਿਖੇ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਵਲੋਂ ਨਿਵੇਕਲੀ ਪਹਿਲਕਦਮੀ 'ਨਵੀਂ ਉਡਾਣ' ਤਹਿਤ ਅਖਬਾਰਾਂ ਵੰਡਣ ਵਾਲੇ 50 ਹਾਕਰਾਂ ਨੂੰ ਸਾਈਕਲਾਂ ਅਤੇ ਜੈਕਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਅਤੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।




ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਜ ਵਿੱਚ ਇੱਕ ਵਰਗ ਅਖਬਾਰ ਵੰਡਣ ਵਾਲਿਆਂ ਦਾ ਹੁੰਦਾ ਹੈ। ਇਹ ਮਿਹਨਤਕਸ਼ ਲੋਕ ਹਨ, ਜੋ ਚਾਹੇ ਮੀਂਹ-ਹਨੇਰੀ ਹੋਵੇ, ਇਹ ਸਵੇਰੇ 4-5 ਵਜੇ ਉੱਠ ਕੇ ਲੋਕਾਂ ਦੇ ਘਰਾਂ ਵਿੱਚ ਅਖਬਾਰ ਪਹੁੰਚਾਉਂਦੇ ਹਨ। ਇਹ ਪਾਰਟ ਟਾਇਮ ਕੰਮ ਕਰਦੇ ਹਨ ਤੇ ਅਖਬਾਰ ਵੰਡਣ ਤੋਂ ਬਾਅਦ ਇਹ ਆਪਣੇ ਅਗਲੇ ਕੰਮ ਲਈ ਚਲੇ ਜਾਂਦੇ ਹਨ। ਇਹ ਲੋਕ ਅਖਬਾਰ ਵੰਡਣ ਦਾ ਕੰਮ ਸਾਈਕਲ ਰਾਹੀਂ ਕਰਦੇ ਹਨ। ਆਮ ਤੌਰ 'ਤੇ ਇਹ ਸਾਈਕਲ ਪੁਰਾਣੇ ਹੁੰਦੇ ਹਨ ਅਤੇ ਅਖਬਾਰ ਵੰਡਣ ਸਮੇਂ ਇਨ੍ਹਾਂ ਵਿੱਚ ਕੋਈ ਨਾ ਕੋਈ ਖਰਾਬੀ ਆ ਜਾਂਦੀ ਹੈ, ਜਿਸ ਨਾਲ ਇਨ੍ਹਾਂ ਨੂੰ ਅਖਬਾਰ ਵੰਡਣ ਤੇ ਆਪਣੇ ਅਗਲੇ ਕੰਮ 'ਤੇ ਜਾਣ ਵਿੱਚ ਦੇਰੀ ਹੋ ਜਾਂਦੀ ਹੈ।

ਅਖਬਾਰ ਵੰਡਣ ਵਾਲਿਆਂ ਦੀਆਂ ਇਨ੍ਹਾਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਅਖਬਾਰ ਵੰਡਣ ਵਾਲਿਆਂ ਨੂੰ ਇੱਕ ਨਵਾਂ ਸਾਈਕਲ ਬਿਨ੍ਹਾਂ ਕਿਸੇ ਕੀਮਤ ਤੋਂ ਦਿੱਤਾ ਗਿਆ ਹੈ। ਇਸ ਉਪਰਾਲੇ ਦਾ ਮੁੱਖ ਮੰਤਵ ਅਖਬਾਰ ਵੰਡਣ ਵਾਲਿਆਂ ਦੇ ਰੋਜ਼ਾਨਾਂ ਜੀਵਨ ਨੂੰ ਸੁਖਾਲਾ ਬਣਾਉਣ ਤੋਂ ਇਲਾਵਾ ਉਨ੍ਹਾਂ ਦੀ ਮਿਹਨਤ ਨੂੰ ਸਨਮਾਨ ਦੇਣਾ ਹੈ।

ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਜਿਥੇ ਅਖਬਾਰ ਹਾਕਰ ਲੋਕਤੰਤਰ ਦੀ ਮਜ਼ਬੂਤ ਨੀਂਹ ਹਨ ਉਥੇ ਹੀ ਸੂਚਨਾ ਦੇ ਪ੍ਰਸਾਰ ਵਿੱਚ ਅਹਿਮ ਭੂਮਿਕਾ ਵੀ ਨਿਭਾਉਂਦੇ ਹਨ। ਉਨ੍ਹਾਂ ਆਸ ਜਤਾਈ ਕਿ ਸਾਈਕਲਾਂ ਮਿਲਣ ਨਾਲ ਅਖਬਾਰ ਹਾਕਰਾਂ ਨੂੰ ਆਪਣੇ ਕੰਮ ਵਿੱਚ ਹੋਰ ਸੁਵਿਧਾ ਮਿਲੇਗੀ ਅਤੇ ਉਹ ਹੋਰ ਉਤਸ਼ਾਹ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਭਵਿੱਖ ਵਿੱਚ ਵੀ ਇਹ ਯਕੀਨੀ ਬਣਾਇਆ ਜਾਵੇਗਾ ਕਿ ਜ਼ਿਲ੍ਹੇ ਦਾ ਕੋਈ ਵੀ ਲੋੜਵੰਦ ਵਿਅਕਤੀ ਮੁੱਢਲੀਆਂ ਸਹੂਲਤਾਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨਾਲ ਮਿਹਨਤੀ ਵਰਗ ਦਾ ਹੌਸਲਾ ਵਧਦਾ ਹੈ।

# ਪੰਜਾਬ ਚ 10 ਲੱਖ ਸਿਹਤ ਬੀਮੇ ਦੀ ਸਹੂਲਤ ਸ਼ੁਰੂ ਹੋਣ ਨਾਲ ਵੱਡਾ ਫਾਇਦਾ: ਅਜੀਤਪਾਲ ਸਿੰਘ ਕੋਹਲੀ




**ਪਟਿਆਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿੱਚ ਵੱਡਾ ਫੈਸਲਾ ਲਿਆ ਗਿਆ ਹੈ, ਅਤੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਇਸ ਸਕੀਮ ਦੀ ਸ਼ੁਰੂਆਤ ਕੀਤੀ ਗਈ ਆ, ਜਿਸ ਦੇ ਚੱਲਦਿਆਂ ਪੰਜਾਬ ਦੇ ਸਾਰੇ ਨਾਗਰਿਕਾਂ ਨੂੰ ਹਰ ਸਾਲ 10 ਲੱਖ ਰੁਪਏ ਦੀ ਸਿਹਤ ਬੀਮੇ ਦੀ ਸਹੂਲਤ ਮਿਲੇਗੀ। ਉਨ੍ਹਾਂ ਅੱਜ ਇਥੇ ਕਿਲ੍ਹਾ ਕਿਲ੍ਹਾ ਚੌਂਕ ਤੋਂ ਪਟਿਆਲਾ ਸ਼ਹਿਰੀ ਹਲਕੇ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ, ਜਿਸ ਮੌਕੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਸਮੇਤ ਸਮੂਹ ਕੌਂਸਲਰ ਤੇ ਆਗੂ ਸ਼ਾਮਿਲ ਸਨ।

ਇਸ ਦੌਰਾਨ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਨੇ ਪਟਿਆਲਾ ਸ਼ਹਿਰੀ ਦੇ ਸਾਰੇ ਕੌਂਸਲਰਾਂ ਨੂੰ ਕਿਹਾ ਕਿ ਆਪੋ ਆਪਣੀ ਵਾਰਡ 'ਚ ਜਾ ਕੇ ਇਸ ਸਕੀਮ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਾਰਡ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਸ ਸਬੰਧੀ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ, ਜਿਸ ਤਹਿਤ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਦਾ ਨਕਦੀ ਰਹਿਤ ਸਿਹਤ ਬੀਮਾ ਪ੍ਰਦਾਨ ਕੀਤਾ ਜਾਵੇਗਾ। ਵਿਧਾਇਕ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪਹਿਲਾਂ ਪ੍ਰਦਾਨ ਕੀਤੇ ਜਾ ਰਹੇ 5 ਲੱਖ ਰੁਪਏ ਦੇ ਸਿਹਤ ਕਵਰੇਜ, ਜੋ ਕੁਝ ਖਾਸ ਸ਼੍ਰੇਣੀਆਂ ਤੱਕ ਹੀ ਸੀਮਿਤ ਨੂੰ, ਦੁੱਗਣਾ ਕਰ ਦਿੱਤਾ ਗਿਆ ਹੈ। ਇਸ ਲਈ ਨਵੀਂ ਯੋਜਨਾ ਦਾ ਉਦੇਸ਼ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਸਮੇਤ ਪੰਜਾਬ ਦੇ ਸਾਰੇ ਨਿਵਾਸੀਆਂ ਨੂੰ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਪ੍ਰਦਾਨ ਕਰਨਾ ਹੈ।

ਵਿਧਾਇਕ ਕੋਹਲੀ ਨੇ ਕਿਹਾ ਕਿ ਇਹ ਯੋਜਨਾ ਪੂਰੀ ਤਰ੍ਹਾਂ ਬਰਾਬਰੀ ਦੇ ਸਿਧਾਂਤ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ, ਜਿਸ ਵਿੱਚ ਕੋਈ ਆਮਦਨ ਸੀਮਾ ਜਾਂ ਕਿਸੇ ਨੂੰ ਯੋਜਨਾ ਦੇ ਦਾਇਰੇ 'ਚੋਂ ਬਾਹਰ ਰੱਖਣ ਦੇ ਮਾਪਦੰਡ ਨਹੀਂ ਹਨ। ਸਿਰਫ਼ ਆਧਾਰ ਅਤੇ ਵੋਟਰ ਆਈਡੀ ਦੀ ਵਰਤੋਂ ਕਰਕੇ ਕਾਮਨ ਸਰਵਿਸ ਸੈਂਟਰਾਂ (ਸੀਐਸਸੀਜ਼) ਰਾਹੀਂ ਰਜਿਸਟਰੇਸ਼ਨ ਨੂੰ ਸਰਲ ਅਤੇ ਪਹੁੰਚਯੋਗ ਬਣਾਇਆ ਗਿਆ ਹੈ, ਜਿਸ ਤੋਂ ਬਾਅਦ ਲਾਭਪਾਤਰੀਆਂ ਨੂੰ ਸਮਰਪਿਤ ਐਮ.ਐਮ.ਐਸ.ਵਾਈ. ਸਿਹਤ ਕਾਰਡ ਪ੍ਰਾਪਤ ਹੋਣਗੇ। ਉਨ੍ਹਾਂ ਕਿਹਾ ਕਿ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਜਲਦੀ ਹੀ ਇੱਕ ਹੈਲਪਲਾਈਨ ਵੀ ਸ਼ੁਰੂ ਕੀਤੀ ਜਾਵੇਗੀ।

ਇਸ ਯੋਜਨਾ ਦੇ ਕਾਰਜਸ਼ੀਲ ਢਾਂਚੇ ਬਾਰੇ ਗੱਲ ਕਰਦਿਆਂ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ, ਜਿਸ ਦੀ ਚੋਣ ਤਾਮਿਲਨਾਡੂ ਸਮੇਤ ਹੋਰ ਰਾਜਾਂ ਵਿੱਚ ਬਿਹਤਰੀਨ ਸਿਹਤ ਬੀਮਾ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਚੰਗੇ ਟਰੈਕ ਰਿਕਾਰਡ ਨੂੰ ਦੇਖਦਿਆਂ ਕੀਤੀ ਗਈ ਹੈ, ਵੱਲੋਂ ਸੂਬੇ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 1,00,000 ਦਾ ਸਿਹਤ ਕਵਰ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 1,00,000 ਤੋਂ 10,00,000 ਰੁਪਏ ਦੇ ਦਰਮਿਆਨ ਇਲਾਜ ਦੀਆਂ ਲੋੜਾਂ ਸਬੰਧੀ ਸਟੇਟ ਹੈਲਥ ਏਜੰਸੀ (ਐਸ.ਐਚ.ਏ.), ਪੰਜਾਬ ਦੁਆਰਾ ਟਰੱਸਟ ਦੇ ਆਧਾਰ 'ਤੇ ਬੀਮਾ ਪ੍ਰਦਾਨ ਕੀਤਾ ਜਾਣਾ ਹੈ।

# ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਲੋਕਾਂ ਲਈ ਸਿਹਤ ਸੁਰੱਖਿਆ ਦੀ ਇਤਿਹਾਸਕ ਗਾਰੰਟੀ: ਵਿਧਾਇਕ ਮਾਲੇਰਕੋਟਲਾ



**ਮਲੇਰਕੋਟਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜਨਤਕ ਸਿਹਤ ਸੰਭਾਲ ਦੇ ਖੇਤਰ ਵਿੱਚ ਇੱਕ ਇਤਿਹਾਸਕ ਅਤੇ ਕ੍ਰਾਂਤੀਕਾਰੀ ਕਦਮ ਚੁੱਕਦਿਆਂ ਸੂਬੇ ਦੇ ਲੋਕਾਂ ਨੂੰ ਮਿਆਰੀ ਅਤੇ ਨਕਦੀ ਰਹਿਤ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਲਈ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਅੱਜ ਰਸਮੀ ਸ਼ੁਰੂਆਤ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਐਸ.ਏ.ਐਸ. ਨਗਰ ਮੋਹਾਲੀ ਤੋਂ ਕੀਤੀ ਗਈ। ਇਸ ਇਤਿਹਾਸਕ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਸਤਿੰਦਰ ਜੈਨ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ, ਵਿੱਤ ਮੰਤਰੀ ਪੰਜਾਬ ਸ. ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਸਮਾਗਮ ਦਾ ਵਰਚੂਅਲ ਲਾਈਵ ਪ੍ਰਸਾਰਨ ਸਥਾਨਕ ਪੰਜਾਬ ਉਰਦੂ ਅਕਾਦਮੀ ਵਿਖੇ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਸਰਪੰਚ, ਪੰਚ, ਕੌਂਸਲਰ, ਪਾਰਟੀ ਵਰਕਰ ਅਤੇ ਇਲਾਕੇ ਦੇ ਹੋਰ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਇਸ ਯੋਜਨਾ ਨੂੰ ਜਨਤਕ ਸਿਹਤ ਸੰਭਾਲ ਲਈ ਇੱਕ ਇਤਿਹਾਸਕ ਮੀਲ ਪੱਥਰ ਕਰਾਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਤੇ ਲੋਕ-ਹਿਤੈਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਆਮ ਆਦਮੀ ਨੂੰ ਸਿਹਤ ਸੁਰੱਖਿਆ ਦੀ ਪੂਰੀ ਗਾਰੰਟੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇਹ ਯੋਜਨਾ ਸਾਬਤ ਕਰਦੀ ਹੈ ਕਿ ਮਾਨ ਸਰਕਾਰ ਲਈ ਆਮ ਨਾਗਰਿਕ ਦੀ ਸਿਹਤ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਦੀ ਸਹੂਲਤ ਮਿਲੇਗੀ। ਇਸ ਯੋਜਨਾ ਵਿੱਚ ਨਾ ਕੋਈ ਆਮਦਨ ਸੀਮਾ ਰੱਖੀ ਗਈ ਹੈ ਅਤੇ ਨਾ ਹੀ ਕੋਈ ਹੋਰ ਸ਼ਰਤ। ਪੰਜਾਬ ਦਾ ਆਧਾਰ ਕਾਰਡ ਅਤੇ ਵੋਟਰ ਕਾਰਡ ਰੱਖਣ ਵਾਲਾ ਹਰ ਨਿਵਾਸੀ ਇਸ ਯੋਜਨਾ ਦਾ ਲਾਭਪਾਤਰੀ ਬਣ ਸਕੇਗਾ।

ਡਾ. ਜਮੀਲ ਉਰ ਰਹਿਮਾਨ ਨੇ ਦੱਸਿਆ ਕਿ ਰਜਿਸਟ੍ਰੇਸ਼ਨ ਲਈ ਯੂਥ ਡਿਵੈਲਪਮੈਂਟ ਬੋਰਡ ਦੇ ਸਿਹਤ ਮਿੱਤਰਾ ਹਰੇਕ ਘਰ ਵਿੱਚ ਨਿੱਜੀ ਤੌਰ ਉੱਤੇ ਜਾਣਗੇ। ਹਰੇਕ ਪਰਿਵਾਰ ਨੂੰ ਇਕ ਰਜਿਸਟ੍ਰੇਸ਼ਨ ਸਲਿੱਪ ਦਿੱਤੀ ਜਾਵੇਗੀ। ਜਿਸ ਉੱਤੇ ਰਜਿਸਟ੍ਰੇਸ਼ਨ ਕਰਵਾਉਣ ਲਈ ਦਿਨ, ਸਮਾਂ ਅਤੇ ਸਥਾਨ ਦੱਸਿਆ ਜਾਵੇਗਾ।

# ਮਾਛੀਵਾੜਾ ਸਾਹਿਬ 'ਚ ਦਿਨ ਦਿਹਾੜੇ ਗੋਲੀਕਾਂਡ, ਵਿਅਕਤੀ ਗੰਭੀਰ ਜ਼ਖ਼ਮ

**ਮਾਛੀਵਾੜਾ ਸਾਹਿਬ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਕਲਗੀਧਰ ਇੰਨਕਲੇਵ ਇਲਾਕੇ ਵਿੱਚ ਦਿਨ ਦਿਹਾੜੇ ਹੋਏ ਗੋਲੀਕਾਂਡ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਇਸ ਘਟਨਾ ਵਿੱਚ ਬਿਕਰਮਜੀਤ ਸਿੰਘ (45) ਪੁੱਤਰ ਪਰਮਜੀਤ ਸਿੰਘ, ਵਾਸੀ ਪਿੰਡ ਬਾਲਿਓ, ਥਾਣਾ ਸਮਰਾਲਾ, ਜ਼ਿਲ੍ਹਾ ਲੁਧਿਆਣਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜ਼ਖ਼ਮੀ ਵੱਲੋਂ ਪੁਲਿਸ ਨੂੰ ਦਿੱਤੇ ਬਿਆਨ ਅਨੁਸਾਰ 21 ਜਨਵਰੀ ਨੂੰ ਸਵੇਰੇ ਕਰੀਬ 11.30 ਵਜੇ ਉਸ ਨੂੰ ਮਨਦੀਪ ਕੌਰ ਮਾਛੀਵਾੜਾ ਸਾਹਿਬ ਦਾ ਫੋਨ ਆਇਆ ਕਿ ਹਰਜਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਪੂਨੀਆ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਉਸ ਦੇ ਘਰ ਆ ਕੇ ਗਾਲੀ-ਗਲੋਚ ਕਰ ਰਿਹਾ ਹੈ ਅਤੇ ਉਸ ਦੇ ਹੱਥ ਵਿੱਚ ਪਿਸਟਲ ਹੈ। ਮੌਕੇ 'ਤੇ ਪੁੱਜਣ 'ਤੇ ਦੋਸ਼ੀ ਨੇ ਬਿਕਰਮਜੀਤ ਸਿੰਘ ਨੂੰ ਦੇਖਦੇ ਹੀ ਜਾਨੋਂ ਮਾਰਨ ਦੀ ਨੀਅਤ ਨਾਲ ਗੋਲੀ ਚਲਾ ਦਿੱਤੀ, ਜੋ ਉਸ ਦੇ ਖੱਬੇ ਪੱਟ 'ਚ ਲੱਗੀ। ਗੋਲੀ ਦੀ ਆਵਾਜ਼ ਸੁਣ ਕੇ ਲੋਕ ਇਕੱਠੇ ਹੋ ਗਏ ਤਾਂ ਦੋਸ਼ੀ ਪਿਸਟਲ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਜ਼ਖ਼ਮੀ ਨੂੰ ਤੁਰੰਤ ਸਿਵਲ ਹਸਪਤਾਲ ਮਾਛੀਵਾੜਾ ਸਾਹਿਬ ਦਾਖਲ ਕਰਵਾਇਆ ਗਿਆ।

ਪੁਲਿਸ ਵੱਲੋਂ ਦੋਸ਼ੀ ਖ਼ਿਲਾਫ਼ ਧਾਰਾ 109 ਬੀ ਐਨ ਐਸ ਅਤੇ ਆਰਮਜ਼ ਐਕਟ ਦੀਆਂ ਧਾਰਾਵਾਂ 25/54/59 ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਦਾਣਾ ਮੰਡੀ ਲੱਖੋਵਾਲ ਕਲਾਂ 'ਚੋਂ 24 ਬੋਤਲ ਨਜਾਇਜ਼ ਸ਼ਰਾਬ ਸਮੇਤ ਦੋ ਨੌਜਵਾਨ ਕਾਬੂ

**ਮਾਛੀਵਾੜਾ ਸਾਹਿਬ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਮਾਛੀਵਾੜਾ ਸਾਹਿਬ ਦੀ ਪੁਲਿਸ ਨੇ ਗਸਤ ਅਤੇ ਚੈਕਿੰਗ ਦੌਰਾਨ ਦਾਣਾ ਮੰਡੀ ਲੱਖੋਵਾਲ ਕਲਾਂ ਨੇੜੇ ਨਾਜਾਇਜ਼ ਸ਼ਰਾਬ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏ.ਐਸ.ਆਈ ਸੰਜੀਵ ਕੁਮਾਰ ਪੁਲਿਸ ਪਾਰਟੀ ਸਮੇਤ ਰਾਹੋਂ ਰੋਡ 'ਤੇ ਗਸਤ ਕਰ ਰਹੇ ਸਨ ਕਿ ਦਾਣਾ ਮੰਡੀ ਲੱਖੋਵਾਲ ਕਲਾਂ ਪਾਸ ਕੁਝ ਨੌਜਵਾਨ ਸ਼ੱਕੀ ਹਾਲਾਤਾਂ ਵਿੱਚ ਬੈਠੇ ਨਜ਼ਰ ਆਏ। ਪੁਲਿਸ ਪਾਰਟੀ ਨੂੰ ਦੇਖ ਕੇ ਉਹ ਖਿਸਕਣ ਲੱਗੇ, ਜਿਨ੍ਹਾਂ ਨੂੰ ਤੁਰੰਤ ਕਾਬੂ ਕਰ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੇ ਨਾਮ ਗੁਰਮਿੰਦਰ ਸਿੰਘ ਉਰਫ ਬੇਬੀ ਪੁੱਤਰ ਸੁਰਿੰਦਰਪਾਲ ਸਿੰਘ ਵਾਸੀ ਭੱਟੀਆ ਅਤੇ ਅੰਮ੍ਰਿਤਵੀਰ ਸਿੰਘ ਉਰਫ ਹਮਾ ਪੁੱਤਰ ਜਸਵੀਰ ਸਿੰਘ ਵਾਸੀ ਰਾਣਵਾਂ, ਤਹਿਸੀਲ ਸਮਰਾਲਾ ਦੱਸੇ।

ਮੌਕੇ 'ਤੇ ਪਏ ਇੱਕ ਵਜਨਦਾਰ ਪਲਾਸਟਿਕ ਥੈਲੇ ਦੀ ਤਲਾਸ਼ੀ ਲੈਣ 'ਤੇ ਉਸ ਵਿੱਚੋਂ ਵਿਸਕੀ ਦੀਆਂ 24 ਸੀਲ ਬੰਦ ਬੋਤਲਾਂ ਬ੍ਰਾਮਦ ਹੋਈਆਂ। ਦੋਸ਼ੀ ਮੌਕੇ 'ਤੇ ਸ਼ਰਾਬ ਸਬੰਧੀ ਕੋਈ ਵੀ ਲਾਈਸੈਂਸ ਜਾਂ ਪਰਮਿਟ ਪੇਸ਼ ਨਹੀਂ ਕਰ ਸਕੇ। ਪੁਲਿਸ ਵੱਲੋਂ ਕਾਰਵਾਈ ਕਰਦਿਆਂ ਇੱਕ ਬੋਤਲ ਵਿੱਚੋਂ 180 ਐਮ.ਐਲ. ਦਾ ਨਮੂਨਾ ਲੈ ਕੇ ਮਾਲ ਨੂੰ ਸੀਲ ਕਰਕੇ ਕਬਜ਼ੇ ਵਿੱਚ ਲਿਆ ਗਿਆ। ਇਸ ਸਬੰਧੀ ਦੋਵਾਂ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਦੀ ਧਾਰਾ 61/1/14 ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਅਗਲੀ ਤਫ਼ਤੀਸ਼ ਜਾਰੀ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਖ਼ਿਲਾਫ਼ ਅਜਿਹੀ ਕਾਰਵਾਈ ਅੱਗੇ ਵੀ ਜਾਰੀ ਰਹੇਗੀ।

# ਆਰ.ਟੀ.ਏ ਵੱਲੋਂ ਟੂਰਿਸਟ ਬੱਸਾਂ, ਓਵਰਲੋਡ ਅਤੇ ਹੈਵੀ ਵਹੀਕਲਾਂ ਦੀ ਰਾਤਰੀ ਵਿਸ਼ੇਸ਼ ਚੈਕਿੰਗ

**ਮਲੇਰਕੋਟਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਟਰਾਂਸਪੋਰਟ ਵਿਭਾਗ ਮਾਲੇਰਕੋਟਲਾ ਵੱਲੋਂ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ-2026 ਦੇ ਤਹਿਤ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਖੇਤਰੀ ਟਰਾਂਸਪੋਰਟ ਅਫਸਰ ਕਮ ਐਸ.ਡੀ.ਐਮ ਗੁਰਮੀਤ ਕੁਮਾਰ ਬਾਂਸਲ ਦੀ ਅਗਵਾਈ ਹੇਠ ਮਾਲੇਰਕੋਟਲਾ-ਸੰਗਰੂਰ ਰੋਡ 'ਤੇ ਜ਼ਿਲ੍ਹਾ ਟਰੈਫਿਕ ਪੁਲਿਸ ਦੇ ਸਹਿਯੋਗ ਨਾਲ ਟੂਰਿਸਟ ਬੱਸਾਂ, ਓਵਰਲੋਡ ਅਤੇ ਹੋਰ ਹੈਵੀ ਵਾਹਨਾਂ ਦੀ ਵਿਸ਼ੇਸ਼ ਰਾਤਰੀ ਚੈਕਿੰਗ ਕੀਤੀ ਗਈ।



ਖੇਤਰੀ ਟਰਾਂਸਪੋਰਟ ਅਫਸਰ ਗੁਰਮੀਤ ਕੁਮਾਰ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਦੇ 19 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ ਕਰੀਬ 4 ਲੱਖ 45 ਹਜ਼ਾਰ ਰੁਪਏ ਜੁਰਮਾਨਾ ਵਜੋਂ ਵਸੂਲਿਆ ਗਿਆ।

ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਜਾਗਰੂਕਤਾ ਮਹੀਨੇ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਸੜਕ ਸੁਰੱਖਿਆ ਨਿਯਮਾਂ ਪ੍ਰਤੀ ਸਚੇਤ ਕਰਨਾ ਅਤੇ ਸੜਕੀ ਹਾਦਸਿਆਂ ਨੂੰ ਘੱਟ ਤੋਂ ਘੱਟ ਕਰਨਾ ਹੈ। ਆਵਾਜਾਈ ਨਿਯਮਾਂ ਦੀ ਪਾਲਣਾ ਨਾ ਕੇਵਲ ਵਾਹਨ ਚਾਲਕਾਂ ਦੀ ਸੁਰੱਖਿਆ ਯਕੀਨੀ ਬਣਾਉਂਦੀ ਹੈ, ਸਗੋਂ ਹੋਰ ਰਾਹਗੀਰਾਂ ਦੀ ਜਾਨ-ਮਾਲ ਦੀ ਰੱਖਿਆ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਉਨ੍ਹਾਂ ਦੱਸਿਆ ਕਿ ਧੁੰਦ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਡਰਾਈਵਰਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣ, ਵਾਹਨਾਂ ਦੀਆਂ ਲਾਈਟਾਂ ਅਤੇ ਰਿਫਲੈਕਟਰ ਠੀਕ ਹਾਲਤ ਵਿੱਚ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਟਰੈਕਟਰ-ਟਰਾਲੀਆਂ, ਟਰੱਕਾਂ, ਕਾਰਾਂ ਅਤੇ ਹੋਰ ਵਾਹਨਾਂ 'ਤੇ ਰਿਫਲੈਕਟਰ ਵੀ ਲਗਾਏ ਜਾ ਰਹੇ ਹਨ ਤਾਂ ਜੋ ਦੁਰਘਟਨਾਵਾਂ ਤੋਂ ਬਚਾਅ ਕੀਤਾ ਜਾ ਸਕੇ। ਉਨ੍ਹਾਂ ਹੋਰ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਟਰੱਕ ਯੂਨੀਅਨਾਂ ਅਤੇ ਟੈਕਸੀ ਸਟੈਂਡਾਂ 'ਤੇ ਜਾ ਕੇ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਸੜਕਾਂ 'ਤੇ ਚਲਦਿਆਂ ਸਾਵਧਾਨੀ ਵਰਤਣ ਅਤੇ ਆਵਾਜਾਈ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਤਾਂ ਜੋ ਮਾਲੇਰਕੋਟਲਾ ਜ਼ਿਲ੍ਹੇ ਨੂੰ ਹਾਦਸਾ-ਰਹਿਤ ਅਤੇ ਸੁਰੱਖਿਅਤ ਬਣਾਇਆ ਜਾ ਸਕੇ।

# ਮੈਨੂੰ ਚਰਨਜੀਤ ਸਿੰਘ ਚੰਨੀ ਵਿਰੁੱਧ ਪਾਰਟੀ ਵਿੱਚ ਚੱਲ ਰਹੀ ਬਿਆਨਬਾਜ਼ੀ 'ਤੇ ਅਫਸੋਸ ਹੈ: ਮੁਹੰਮਦ ਸਦੀਕ



**ਜੈਤੋਂ,27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਿਰੁੱਧ ਪਾਰਟੀ ਵਿੱਚ ਚੱਲ ਰਹੀ ਬਿਆਨਬਾਜ਼ੀ 'ਤੇ ਚਿੰਤਾ ਪ੍ਰਗਟ ਕਰਦਿਆਂ ਸਾਬਕਾ ਸੰਸਦ ਮੈਂਬਰ ਮੁਹੰਮਦ ਸਦੀਕ ਨੇ ਕਿਹਾ ਕਿ ਮੈਨੂੰ ਅਫ਼ਸੋਸ ਹੈ ਕਿ ਜਿਸ ਵਿਅਕਤੀ ਨੂੰ ਲੋਕਾਂ ਨੇ ਵਿਧਾਇਕ, ਸੰਸਦ ਮੈਂਬਰ ਅਤੇ ਪੰਜਾਬ ਦਾ ਸਾਬਕਾ ਮੁੱਖ ਮੰਤਰੀ ਬਣਾਇਆ ਸੀ, ਜਿਸ ਕੋਲ ਰਾਜਨੀਤੀ ਵਿੱਚ ਪੀਐਚਡੀ ਹੈ, ਉਸ ਵਿਰੁੱਧ ਬਹੁਤ ਜ਼ਿਆਦਾ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਮੇਰੀ ਸਮਝ ਅਨੁਸਾਰ ਇਹ ਪਾਰਟੀ ਨੂੰ ਕਮਜ਼ੋਰ ਕਰਨ ਦੀ ਚਾਲ ਹੈ। ਜਿੱਥੇ ਪਾਰਟੀ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ, ਉੱਥੇ ਜਾਤ ਦੇ ਆਧਾਰ 'ਤੇ ਧੜਿਆਂ ਵਿੱਚ ਵੰਡ ਕੇ ਪਾਰਟੀ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।

ਪਾਰਟੀ ਵਿੱਚ ਲੋਕਤੰਤਰ ਬਰਕਰਾਰ ਰਹਿਣਾ ਚਾਹੀਦਾ ਹੈ, ਤਾਂ ਹੀ ਦੇਸ਼ ਦਾ ਲੋਕਤੰਤਰ ਬਰਕਰਾਰ ਰਹੇਗਾ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇੱਕ ਹਰਮਨਪਿਆਰੇ ਨੇਤਾ ਹਨ। ਉਨ੍ਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਕੇ ਉਨ੍ਹਾਂ ਦੀ ਪ੍ਰਸਿੱਧੀ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਪਾਰਟੀ ਲਈ ਘਾਤਕ ਹੋਵੇਗੀ।

# ਅਪਰੇਸ਼ਨ ਪ੍ਰਹਾਰ ਤਹਿਤ ਮਾਲੇਰਕੋਟਲਾ ਪੁਲਿਸ ਦੀ ਵੱਡੀ ਕਾਰਵਾਈ:ਐੱਸ.ਐੱਸ.ਪੀ. ਗਗਨ ਅਜੀਤ ਸਿੰਘ




**ਮਲੇਰਕੋਟਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਗਗਨ ਅਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਦੀਆਂ ਹਦਾਇਤਾਂ ਅਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਦੇ ਹੁਕਮਾਂ ਅਨੁਸਾਰ ਗੈਂਗਸਟਰਾਂ ਅਤੇ ਮਾੜੇ ਅਨਸਰਾਂ ਖਿਲਾਫ ਚਲਾਏ ਜਾ ਰਹੇ ਵਿਸ਼ੇਸ਼ ਅਭਿਆਨ ਅਪਰੇਸ਼ਨ ਪ੍ਰਹਾਰ ਤਹਿਤ ਜਿਲ੍ਹਾ ਪੁਲਿਸ ਮਾਲੇਰਕੋਟਲਾ ਵੱਲੋਂ ਵੱਡੀ ਪੱਧਰ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਦੌਰਾਨ 07 ਗਜਟਡ ਅਫਸਰਾਂ ਅਤੇ 149 ਹੋਰ ਪੁਲਿਸ ਕਰਮਚਾਰੀਆਂ ਦੀ ਅਗਵਾਈ ਹੇਠ ਕੁੱਲ 28 ਪੁਲਿਸ ਪਾਰਟੀਆਂ ਬਣਾਈਆਂ ਗਈਆਂ, ਜਿਨ੍ਹਾਂ ਵੱਲੋਂ ਵੱਖ-ਵੱਖ ਅਪਰਾਧਿਕ ਮਾਮਲਿਆਂ ਵਿੱਚ ਦਰਜ ਮੁਕੱਦਮਿਆਂ ਦੇ 31 ਦੋਸ਼ੀਆਂ ਅਤੇ 01 ਘੋਸ਼ਿਤ ਅਪਰਾਧੀ (ਪੀ.ਓ) ਨੂੰ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ 20 ਮਾੜੇ ਅਨਸਰਾਂ (ਹਿਸਟਰੀ ਸੀਟਰਾਂ) ਖਿਲਾਫ ਵੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਐੱਸ.ਐੱਸ.ਪੀ. ਗਗਨ ਅਜੀਤ ਸਿੰਘ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਜਿਲ੍ਹੇ ਵਿੱਚ ਗੈਂਗਸਟਰਾਂ ਅਤੇ ਅਪਰਾਧੀਆਂ ਲਈ ਕੋਈ ਥਾਂ ਨਹੀਂ ਹੈ ਅਤੇ ਕਿਸੇ ਵੀ ਕੀਮਤ 'ਤੇ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੀਆਂ ਮੁਹਿੰਮਾਂ ਹੋਰ ਤੇਜ਼ੀ ਨਾਲ ਜਾਰੀ ਰਹਿਣਗੀਆਂ ਤਾਂ ਜੋ ਜਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਬਣਾਇਆ ਜਾ ਸਕੇ।

ਉਨ੍ਹਾਂ ਆਮ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਮਾਲੇਰਕੋਟਲਾ ਪੁਲਿਸ ਲੋਕਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਗੈਂਗਸਟਰਾਂ/ਮਾੜੇ ਅਨਸਰਾਂ ਖਿਲਾਫ ਠੋਸ ਅਤੇ ਨਿਰੰਤਰ ਕਾਰਵਾਈ ਜਾਰੀ ਰਹੇਗੀ। ਇਸ ਮੌਕੇ ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਗੈਂਗਸਟਰਾਂ ਜਾਂ ਅਪਰਾਧੀਆਂ ਸੰਬੰਧੀ ਕੋਈ ਜਾਣਕਾਰੀ ਹੋਵੇ ਤਾਂ ਤੁਰੰਤ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 9394693946 'ਤੇ ਸੂਚਨਾ ਦਿੱਤੀ ਜਾਵੇ। ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

# 50 ਕੱਟੜ ਕਾਂਗਰਸੀ ਪਰਿਵਾਰਾਂ ਨੇ ਬਬਲੀ ਢਿੱਲੋਂ ਦੀ ਅਗਵਾਈ ਹੇਠ ਫੜਿਆ ਅਕਾਲੀ ਦਲ ਦਾ ਪੱਲਾ

**ਬਠਿੰਡਾ,27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

)ਬਠਿੰਡਾ ਦੀ ਚੰਦਸਰ ਬਸਤੀ ਵਿੱਚੋਂ ਕਰੀਬ 50 ਕਾਂਗਰਸੀ ਪਰਿਵਾਰਾਂ ਨੇ ਵੀਰਵਾਰ ਨੂੰ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ। ਇਹ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਦੀ ਅਗਵਾਈ ਹੇਠ ਅਕਾਲੀ ਦਲ ਵਿੱਚ ਸ਼ਾਮਲ ਹੋਏ। ਇਸ ਮੌਕੇ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਐਮਸੀ ਰਾਜੂ ਮਾਨ ਦੀਆਂ ਕੋਸ਼ਿਸ਼ਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਿਰਾਹਿਆ ਗਿਆ, ਜਿਨ੍ਹਾਂ ਦੇ ਯਤਨਾਂ ਸਦਕਾ ਇਹ ਪਰਿਵਾਰ ਪਾਰਟੀ ਨਾਲ ਜੁੜੇ।

ਅਕਾਲੀ ਦਲ ਦੇ ਦਫ਼ਤਰ ਵਿੱਚ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਨਵੇਂ ਸ਼ਾਮਲ ਹੋਏ ਨੌਜਵਾਨਾਂ ਅਤੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਪਿਛਲੀ 10 ਸਾਲ ਦੀ ਕਾਰਗੁਜ਼ਾਰੀ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਨੇ ਦੱਸਿਆ ਕਿ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਬਠਿੰਡਾ ਸਮੇਤ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਕਰਵਾਏ ਗਏ ਵਿਕਾਸ ਕਾਰਜ ਬੇਮਿਸਾਲ ਹਨ, ਜੋ ਹੋਰ ਕੋਈ ਪਾਰਟੀ ਨਹੀਂ ਕਰਵਾ ਸਕੀ।



ਇਕਬਾਲ ਸਿੰਘ ਬਬਲੀ ਢਿੱਲੋਂ ਨੇ ਕਿਹਾ ਕਿ ਅਸਲ ਮਾਇਨਿਆਂ ਵਿੱਚ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਹੀ ਪੰਜਾਬ, ਪੰਜਾਬੀਅਤ ਅਤੇ ਗਰੀਬ ਲੋਕਾਂ ਦੇ ਮੁੱਦਈ ਹਨ।

ਉਨ੍ਹਾਂ ਦੱਸਿਆ ਕਿ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਹਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਅਰਸ਼ਪ੍ਰੀਤ ਸਿੰਘ, ਅਮਨ ਕੁਮਾਰ, ਆਸ਼ੀਸ਼, ਸਟੀਫਨ, ਕੁਲਦੀਪ ਸਿੰਘ, ਬਲਕਰਨ ਸਿੰਘ, ਬਲਵਿੰਦਰ ਸਿੰਘ, ਮੋਹਨ ਸਿੰਘ, ਕਾਕਾ ਸਿੰਘ, ਅਨਮੋਲ ਸਿੰਘ, ਸਾਹਿਲ ਸਿੰਘ, ਵਿੱਕੀ ਸਹੋਤਾ, ਬਿੱਟੂ ਸਿੰਘ, ਸੋਮਾ ਸਿੰਘ, ਸੁਖਪ੍ਰੀਤ ਸਿੰਘ, ਸੰਜੂ ਸਿੰਘ, ਸੈਮੀ ਸਿੰਘ ਆਦਿ ਸ਼ਾਮਲ ਹਨ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਕਈ ਲੋਕ ਵੱਖ-ਵੱਖ ਪਾਰਟੀਆਂ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਕੁਲਦੀਪ ਸਿੰਘ ਨੰਬਰਦਾਰ, ਮੋਹਨਜੀਤ ਸਿੰਘ ਪੁਰੀ, ਰਾਜੂ ਮਾਨ, ਗੁਰਪ੍ਰੀਤ ਸੰਧੂ, ਰਵਿੰਦਰ ਸਿੰਘ ਚੀਮਾ, ਹਰਤਾਰ ਸਿੰਘ, ਕਰਮਜੋਗ ਸਿੰਘ ਮਾਨ, ਬਲਵਿੰਦਰ ਸਿੰਘ ਬੱਲੀ, ਜਗਜੀਤ ਸਿੰਘ ਭੁੱਲਰ, ਮਨਿੰਦਰ ਸਿੰਘ ਸੋਢੀ ਅਤੇ ਪ੍ਰਿੰਸੀਪਲ ਜਸਵਿੰਦਰ ਸਿੰਘ ਵੀ ਮੌਜੂਦ ਸਨ।

# ਪੰਜਾਬ ਵਿੱਚ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਪੂਰੀ ਕੀਤੀ ਸਿਹਤ ਗਾਰੰਟੀ

## ਦੁਨੀਆ ਭਰ ਵਿੱਚ ਸਿਰਫ ਇਹੀ ਸਕੀਮ ਹੈ ਜੋ ਕਿਡਨੀ ਟਰਾਂਸਪਲਾਂਟ, ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਲਈ ਮੁਫ਼ਤ ਇਲਾਜ ਮੁਹੱਈਆ ਕਰਵਾਉਂਦੀ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਮੁਹਾਲੀ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੋਹਾਲੀ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਕੀਤੀ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਕ੍ਰਾਂਤੀਕਾਰੀ ਬਦਲਾਅ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਅਧੀਨ ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਔਰਤਾਂ ਲਈ ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ ਅਤੇ ਮੁਫ਼ਤ ਬੱਸ ਯਾਤਰਾ ਦੀ ਗਰੰਟੀ ਦਿੱਤੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੱਤਾ ਦੀਆਂ ਭੁੱਖੀਆਂ ਵਿਰੋਧੀ ਪਾਰਟੀਆਂ ਆਪਸੀ ਲੜਾਈਆਂ ਵਿੱਚ ਡੁੱਬੀਆਂ ਰਹਿੰਦੀਆਂ ਹਨ ਅਤੇ ਸਿਰਫ 'ਆਪ' ਹੀ ਪੰਜਾਬ ਦਾ ਭਵਿੱਖ ਸੁਰੱਖਿਅਤ ਕਰ ਸਕਦੀ ਹੈ। ਇਸ ਮੌਕੇ 'ਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਝ ਯੋਗ ਲਾਭਪਾਤਰੀਆਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਵੀ ਸੌਂਪੇ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਦੌਰਾਨ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਸਿਰਫ਼ ਪੰਜਾਬ ਲਈ ਹੀ ਨਹੀਂ, ਸਗੋਂ ਪੂਰੇ ਦੇਸ਼ ਲਈ ਵੱਡਾ ਅਤੇ ਇਤਿਹਾਸਕ ਦਿਨ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ,ਅੱਜ ਪੰਜਾਬ ਵਿੱਚ ਜੋ ਕੰਮ ਹੋਣ ਜਾ ਰਿਹਾ ਹੈ, ਉਹ ਸ਼ਾਇਦ ਸਾਲ 1950 ਵਿੱਚ ਕੀਤਾ ਜਾਣਾ ਚਾਹੀਦਾ ਸੀ। ਆਜ਼ਾਦੀ ਦੀ ਲੜਾਈ ਲੜਨ ਵਾਲੇ ਦੇਸ਼ ਭਗਤਾਂ ਨੇ ਇਸ ਲਈ ਸੰਘਰਸ਼ ਨਹੀਂ ਕੀਤਾ ਕਿ ਇਕ ਦਿਨ ਅੰਗਰੇਜ਼ ਚਲੇ ਜਾਣ ਅਤੇ ਸਾਡੀਆਂ ਆਪਣੀਆਂ ਸਰਕਾਰਾਂ ਅਜਿਹੀਆਂ ਬਣਨ ਜੋ ਲੋਕਾਂ ਲਈ ਕੁਝ ਨਹੀਂ ਕਰਨਗੀਆਂ। ਕੇਜਰੀਵਾਲ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿੱਚ ਬਹੁਤ ਸਾਰੀਆਂ ਸਰਕਾਰਾਂ ਆਈਆਂ ਅਤੇ ਗਈਆਂ, ਪਰ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਲੋਕਾਂ ਦੀ ਪ੍ਰਵਾਹ ਨਹੀਂ ਕੀਤੀ। ਵੱਡੇ-ਵੱਡੇ ਵਾਅਦੇ ਕੀਤੇ ਗਏ, ਪਰ ਲੋਕਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਕ ਸਮਾਂ ਸੀ ਜਦੋਂ ਪੰਜਾਬ ਅੱਤਵਾਦ ਨਾਲ ਗੁਜ਼ਰ ਰਿਹਾ ਸੀ ਅਤੇ ਫਿਰ ਇੱਕ ਅਜਿਹਾ ਦੌਰ ਆਇਆ ਜਦੋਂ ਨਸ਼ੇ ਦੀ ਦਲਦਲ ਵਿੱਚ ਫਸ ਗਿਆ ਸੀ। ਉਨ੍ਹਾਂ ਕਿਹਾ, ਹਰ ਚੀਜ਼ ਦਾ ਆਪਣਾ ਸਮਾਂ ਹੁੰਦਾ ਹੈ। ਪਿਛਲੇ ਚਾਰ ਸਾਲਾਂ ਤੋਂ ਪੰਜਾਬ ਜਿਸ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਉਹ ਪੰਜਾਬ ਅਤੇ ਦੇਸ਼ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਦੋਂ ਉਹ ਤੇ ਮੁੱਖ ਮੰਤਰੀ ਭਗਵੰਤ ਮਾਨ ਚੋਣ ਪ੍ਰਚਾਰ ਕਰਨ ਜਾਂਦੇ ਸਨ ਤਾਂ ਉਹ ਕੇਜਰੀਵਾਲ ਦੀਆਂ ਗਾਰੰਟੀਆਂ ਦੀ ਗੱਲ ਕਰਦੇ ਸਨ, ਜਿਨ੍ਹਾਂ ਵਿੱਚ ਇੱਕ ਸਿਹਤ ਗਾਰੰਟੀ ਸੀ ਕਿ ਪੰਜਾਬ ਦੇ ਹਰ ਵਿਅਕਤੀ ਅਤੇ ਹਰ ਨਾਗਰਿਕ ਲਈ ਮੁਫ਼ਤ ਅਤੇ ਮਿਆਰੀ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ, ਲੋਕ ਉਦੋਂ ਇਸ 'ਤੇ ਵਿਸ਼ਵਾਸ ਨਹੀਂ ਕਰਦੇ ਸਨ।

'ਆਪ' ਸੁਪਰੀਮੋ ਨੇ ਅੱਗੇ ਕਿਹਾ, ਉਨ੍ਹਾਂ ਦਿਨਾਂ ਵਿੱਚ, ਕਾਂਗਰਸ ਸਰਕਾਰ ਸੱਤਾ ਵਿੱਚ ਸੀ। ਪਹਿਲਾਂ, ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ, ਅਤੇ ਫਿਰ ਚਰਨਜੀਤ ਸਿੰਘ ਚੰਨੀ। ਉਹ ਕਹਿੰਦੇ ਸਨ ਕਿ ਖਜ਼ਾਨਾ ਖਾਲੀ ਸੀ, ਸਰਕਾਰ ਘਾਟੇ ਵਿੱਚ ਚੱਲ ਰਹੀ ਸੀ, ਅਤੇ ਕੋਈ ਪੈਸਾ ਨਹੀਂ ਸੀ। ਕੌਮੀ ਕਨਵੀਨਰ ਨੇ ਕਿਹਾ,ਇਨ੍ਹਾਂ ਲੀਡਰਾਂ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਮੁਫ਼ਤ ਬਿਜਲੀ, ਮੁਫ਼ਤ ਸਿਹਤ ਸੰਭਾਲ ਅਤੇ ਮੁਫ਼ਤ ਸਿੱਖਿਆ ਬਾਰੇ ਝੂਠ ਫੈਲਾ ਰਹੇ ਸਨ, ਅਤੇ ਇਹ ਕਿ ਇਹ ਕਦੇ ਵੀ ਸੰਭਵ ਨਹੀਂ ਸੀ ਕਿਉਂਕਿ ਪੈਸਾ ਨਹੀਂ ਸੀ। ਪਰ 'ਆਪ' ਸਰਕਾਰ ਨੇ ਸਾਬਤ ਕਰ ਦਿੱਤਾ ਕਿ ਸਾਰੀਆਂ ਗਾਰੰਟੀਆਂ ਸੱਚਮੁੱਚ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।



ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਮੁਫ਼ਤ ਵਿੱਚ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਚੰਗੇ ਸਕੂਲ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ, ਮੁਫ਼ਤ ਸਿਹਤ ਸੰਭਾਲ ਦੇ ਪ੍ਰਬੰਧ ਪਹਿਲਾਂ ਹੀ ਸ਼ੁਰੂ ਕੀਤੇ ਗਏ ਸਨ, ਪਰ ਅੱਜ ਦਾ ਕਦਮ ਇਤਿਹਾਸਕ ਹੈ। ਪਿਛਲੇ ਚਾਰ ਸਾਲਾਂ ਵਿੱਚ ਸਰਕਾਰ ਨੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਲਗਭਗ 1,000 ਮੁਹੱਲਾ ਕਲੀਨਿਕ ਬਣਾਏ ਹਨ।

ਕੌਮੀ ਕਨਵੀਨਰ ਨੇ ਦੱਸਿਆ ਕਿ ਇਹ ਆਮ ਕਲੀਨਿਕ ਨਹੀਂ ਹਨ। ਉਨ੍ਹਾਂ ਕਿਹਾ, ਪਿਛਲੇ 75 ਸਾਲਾਂ ਵਿੱਚ, ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਮਿਲ ਕੇ ਸਿਰਫ਼ 400 ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹੇ ਹਨ, ਜਦੋਂ ਕਿ ਮੌਜੂਦਾ ਸਰਕਾਰ ਨੇ ਸਿਰਫ਼ ਚਾਰ ਸਾਲਾਂ ਵਿੱਚ 1,000 ਮੁਹੱਲਾ ਕਲੀਨਿਕ ਬਣਾਏ ਹਨ, ਅਤੇ ਹੋਰ 500 ਨਿਰਮਾਣ ਅਧੀਨ ਹਨ।

ਅਰਵਿੰਦ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ, ਅਗਲੇ ਚਾਰ ਤੋਂ ਪੰਜ ਮਹੀਨਿਆਂ ਵਿੱਚ, 2,500 'ਪਿੰਡ ਕਲੀਨਿਕ' ਖੋਲ੍ਹੇ ਜਾਣਗੇ। ਪਿਛਲੀਆਂ ਸਰਕਾਰਾਂ ਨੇ 75 ਸਾਲਾਂ ਵਿੱਚ ਜੋ ਕੰਮ ਕੀਤਾ, ਇਸ ਸਰਕਾਰ ਨੇ ਸ਼ਾਇਦ ਸਿਹਤ ਸੰਭਾਲ ਦੇ ਖੇਤਰ ਵਿੱਚ ਉਸ ਤੋਂ 10 ਗੁਣਾ ਜ਼ਿਆਦਾ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਪ੍ਰਾਇਮਰੀ ਸਿਹਤ ਕੇਂਦਰਾਂ ਨੂੰ ਜਿੰਦਰਾ ਲੱਗਾ ਗਿਆ ਸੀ, ਅੰਦਰ ਕੁੱਤੇ ਘੁੰਮ ਰਹੇ ਸਨ। ਉਨ੍ਹਾਂ ਦੇ ਸਿਹਤ ਕੇਂਦਰ ਇਸ ਤਰ੍ਹਾਂ ਦੇ ਸਨ। ਪਰ ਹੁਣ ਜੋ ਮੁਹੱਲਾ ਕਲੀਨਿਕ ਬਣਾਏ ਗਏ ਹਨ ਉਹ ਸ਼ਾਨਦਾਰ ਅਤੇ ਏਅਰ ਕੰਡੀਸ਼ਨਡ ਹਨ।

ਉਨ੍ਹਾਂ ਅੱਗੇ ਕਿਹਾ, ਜਿਨ੍ਹਾਂ ਨੇ ਉੱਥੇ ਇਲਾਜ ਕਰਵਾਇਆ ਹੈ, ਉਹ ਜਾਣਦੇ ਹਨ ਕਿ ਉਹ ਕਿੰਨੇ ਚੰਗੇ ਹਨ। ਜਦੋਂ ਤੁਸੀਂ ਉੱਥੇ ਜਾਂਦੇ ਹੋ, ਤਾਂ ਇਹ ਸਰਕਾਰੀ ਹਸਪਤਾਲ ਵਾਂਗ ਨਹੀਂ, ਸਗੋਂ ਕਿਸੇ ਪ੍ਰਾਈਵੇਟ ਕਲੀਨਿਕ ਵਾਂਗ ਮਹਿਸੂਸ ਹੁੰਦਾ ਹੈ। ਹੁਣ ਮੁਹੱਲਾ ਕਲੀਨਿਕ ਦੂਰ-ਦੂਰ ਤੱਕ, ਹਰ ਥਾਂ ਪਿੰਡਾਂ ਵਿੱਚ ਖੁੱਲ੍ਹ ਰਹੇ ਹਨ। 'ਆਪ' ਮੁਖੀ ਨੇ ਅੱਗੇ ਕਿਹਾ ਕਿ ਪਹਿਲਾਂ, ਪੰਜਾਬ ਦੇ ਸਰਕਾਰੀ ਹਸਪਤਾਲਾਂ ਨੂੰ ਡਾਕਟਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪਿਆ ਸੀ। ਪਿਛਲੇ ਚਾਰ ਸਾਲਾਂ ਵਿੱਚ, 1100 ਮਾਹਰ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ, ਅਤੇ ਹੁਣ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਹੈ। ਪਹਿਲਾਂ, ਮਸ਼ੀਨਾਂ ਕੰਮ ਨਹੀਂ ਕਰਦੀਆਂ ਸਨ, ਪਰ ਹੁਣ ਸਾਰੀਆਂ ਮਸ਼ੀਨਾਂ ਲਾਈਆਂ ਗਈਆਂ ਹਨ ਅਤੇ ਹਰ ਇੱਕ ਸਹੀ ਢੰਗ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ, ਦਵਾਈਆਂ ਨਹੀਂ ਮਿਲਦੀਆਂ ਸਨ, ਪਰ ਹੁਣ ਦਵਾਈਆਂ ਦੇ ਕਾਊਂਟਰ ਖੁੱਲ੍ਹ ਗਏ ਹਨ ਅਤੇ ਲੋਕਾਂ ਨੂੰ ਮੁਫ਼ਤ ਦਵਾਈਆਂ ਮਿਲ ਰਹੀਆਂ ਹਨ। ਸਰਕਾਰੀ ਹਸਪਤਾਲਾਂ ਨੂੰ ਸ਼ਾਨਦਾਰ ਬਣਾਇਆ ਗਿਆ ਹੈ। ਆਪ ਦੇ ਰਾਸ਼ਟਰੀ ਕਨਵੀਨਰ ਨੇ ਕਿਹਾ ਕਿ ਅਜੇ ਵੀ ਕਈ ਵਾਰ ਕੋਈ ਬਿਮਾਰੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਕਿਸੇ ਨੂੰ ਪ੍ਰਾਈਵੇਟ ਹਸਪਤਾਲ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ, ਬਹੁਤ ਸਾਰੇ ਲੋਕ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਨੂੰ ਤਰਜੀਹ ਦਿੰਦੇ ਹਨ। ਇਸ ਲਈ, ਅੱਜ ਅਜਿਹੀ ਯੋਜਨਾ ਲਾਗੂ ਕੀਤੀ ਜਾ ਰਹੀ ਹੈ ਜਿਸ ਦੇ ਤਹਿਤ ਪੰਜਾਬ ਦੇ ਸਭ ਤੋਂ ਵਧੀਆ ਪ੍ਰਾਈਵੇਟ ਹਸਪਤਾਲ, ਜਿੱਥੇ ਸਭ ਤੋਂ ਅਮੀਰ ਲੋਕ ਵੀ ਇਲਾਜ ਲਈ ਜਾਂਦੇ ਹਨ, ਹੁਣ ਸਭ ਦੇ ਗਰੀਬ ਕਿਸਾਨ, ਮਜ਼ਦੂਰ ਅਤੇ ਰਿਕਸ਼ਾ ਚਾਲਕ ਲਈ ਵੀ ਇਲਾਜ ਲਈ ਜਾ ਸਕਣਗੇ। ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੇ ਕਿਸਾਨ ਜਾਂ ਸਾਡੇ ਸਾਰਿਆਂ ਲਈ ਅਨਾਜ ਪੈਦਾ ਕਰਨ ਤੋਂ ਧੁੱਪ ਹੇਠ ਬਹੁਤ ਮਿਹਨਤ ਕਰਦਾ ਹੈ, ਪਰ ਜਦੋਂ ਉਸ ਦੇ ਪਰਿਵਾਰ ਵਿੱਚ ਕੋਈ ਬਿਮਾਰ ਹੋ ਜਾਂਦਾ ਹੈ, ਤਾਂ ਉਸ ਨੂੰ ਆਪਣੀ ਜ਼ਮੀਨ ਗਹਿਣੇ ਰੱਖਣੀ ਪੈਂਦੀ ਹੈ। ਉਨ੍ਹਾਂ ਅੱਗੇ ਕਿਹਾ, ਉਹ ਆਪਣੀ ਜ਼ਮੀਨ ਅਤੇ ਗਹਿਣੇ ਵੇਚ ਦਿੰਦਾ ਹੈ, ਆਪਣਾ ਘਰ ਗੁਆ ਦਿੰਦਾ ਹੈ, ਅਤੇ ਫਿਰ ਵੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੁੰਦੀ ਕਿ ਮਰੀਜ਼ ਬਚ ਜਾਵੇਗਾ। ਛੋਟੀ ਤੋਂ ਛੋਟੀ ਬਿਮਾਰੀ ਲਈ ਵੀ, ਜੇਕਰ ਕਿਸੇ ਪ੍ਰਾਈਵੇਟ ਹਸਪਤਾਲ ਜਾਂਦਾ ਹੈ, ਤਾਂ ਘੱਟੋ-ਘੱਟ ਪੈਕੇਜ ?2 ਲੱਖ ਤੋਂ ?3 ਲੱਖ ਹੁੰਦਾ ਹੈ, ਅਤੇ ਵਿਅਕਤੀ ਪੂਰੀ ਤਰ੍ਹਾਂ ਬਰਬਾਦ ਹੋ ਜਾਂਦਾ ਹੈ। ਪਰ ਹੁਣ ਲੋਕਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ।

ਅਰਵਿੰਦ ਕੇਜਰੀਵਾਲ ਨੇ ਅੱਗੇ ਦੱਸਿਆ ਕਿ ਇਹ 10 ਲੱਖ ਰੁਪਏ ਦੀ ਬੀਮਾ ਯੋਜਨਾ ਹੈ। ਉਨ੍ਹਾਂ ਕਿਹਾ, ਲੋਕ ਕਿਸੇ ਵੀ ਹਸਪਤਾਲ ਵਿੱਚ ਜਾ ਸਕਦੇ ਹਨ, ਭਾਵੇਂ ਸਰਕਾਰੀ ਹੋਵੇ ਜਾਂ ਪ੍ਰਾਈਵੇਟ। ਸਰਕਾਰ ਨੇ ਪਹਿਲਾਂ ਹੀ ਸਭ ਕੁਝ ਠੀਕ ਕਰਨਾ ਸ਼ੁਰੂ ਕਰ ਦਿੱਤਾ ਹੈ, ਅਤੇ ਛੇਤੀ ਹੀ ਸਰਕਾਰੀ ਹਸਪਤਾਲ, ਪ੍ਰਾਈਵੇਟ ਹਸਪਤਾਲਾਂ ਨਾਲੋਂ ਵੀ ਬਿਹਤਰ ਹੋ ਜਾਣਗੇ। ਪਰ ਹੁਣ ਮਰੀਜ਼ ਕਿਤੇ ਵੀ ਜਾ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ, ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਜਦੋਂ ਵੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫ਼ਤ ਹੋਵੇਗਾ। ਉਨ੍ਹਾਂ ਤੋਂ ਕੁਝ ਨਹੀਂ ਪੁੱਛਿਆ ਜਾਵੇਗਾ, ਸਿਰਫ਼ ਆਪਣਾ ਹੈਲਥ ਕਾਰਡ ਲਿਆਉਣ ਲਈ। ਪੰਜਾਬ ਵਿੱਚ ਲਗਭਗ 65 ਲੱਖ ਪਰਿਵਾਰ ਹਨ, ਜਿਨ੍ਹਾਂ ਵਿੱਚ ਅਮੀਰ ਅਤੇ ਗਰੀਬ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਸ਼ਾਮਲ ਹਨ। ਕਿਸੇ ਨੂੰ ਵੀ ਇਸ ਤੋਂ ਬਾਹਰ ਨਹੀਂ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰਾਂ ਆਮ ਤੌਰ 'ਤੇ ਬਹੁਤ ਸਾਰੀਆਂ ਸ਼ਰਤਾਂ ਲਾਉਂਦੀਆਂ ਹਨ, ਪਰ ਉਨ੍ਹਾਂ ਨੇ ਕੋਈ ਸ਼ਰਤ ਨਹੀਂ ਲਾਈ। ਉਨ੍ਹਾਂ ਜ਼ੋਰ ਦੇ ਕਿਹਾ, ਹਰ ਕੋਈ ਇਨਸਾਨ ਹੈ, ਹਰ ਕੋਈ ਪੰਜਾਬੀ ਹੈ, ਅਤੇ ਹਰ ਕੋਈ ਭਾਰਤੀ ਹੈ, ਤਾਂ ਕਿਸੇ ਨੂੰ ਕਿਉਂ ਬਾਹਰ ਰੱਖਿਆ ਜਾਵੇ ? ਇਹ ਕਾਰਡ ਸਾਰਿਆਂ ਲਈ ਹੈ, ਅਤੇ 65 ਲੱਖ ਪਰਿਵਾਰਾਂ ਨੂੰ ਸਿੱਧਾ ਲਾਭ ਹੋਵੇਗਾ।

# ਦਾਣਾ ਮੰਡੀ ਲੱਖੋਵਾਲ ਕਲਾਂ 'ਚੋਂ 24 ਬੋਤਲ ਨਜਾਇਜ਼ ਸ਼ਰਾਬ ਸਮੇਤ ਦੋ ਨੌਜਵਾਨ ਕਾਬੂ

**ਮਾਛੀਵਾੜਾ ਸਾਹਿਬ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਮਾਛੀਵਾੜਾ ਸਾਹਿਬ ਦੀ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਦਾਣਾ ਮੰਡੀ ਲੱਖੋਵਾਲ ਕਲਾਂ ਨੇੜੇ ਨਜਾਇਜ਼ ਸ਼ਰਾਬ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏ.ਐਸ.ਆਈ ਸੰਜੀਵ ਕੁਮਾਰ ਪੁਲਿਸ ਪਾਰਟੀ ਸਮੇਤ ਰਾਹੋਂ ਰੋਡ 'ਤੇ ਗਸ਼ਤ ਕਰ ਰਹੇ ਸਨ ਕਿ ਦਾਣਾ ਮੰਡੀ ਲੱਖੋਵਾਲ ਕਲਾਂ ਪਾਸ ਕੁਝ ਨੌਜਵਾਨ ਸ਼ੱਕੀ ਹਾਲਾਤਾਂ ਵਿੱਚ ਬੈਠੇ ਨਜ਼ਰ ਆਏ। ਪੁਲਿਸ ਪਾਰਟੀ ਨੂੰ ਦੇਖ ਕੇ ਉਹ ਖਿਸਕਣ ਲੱਗੇ, ਜਿਨ੍ਹਾਂ ਨੂੰ ਤੁਰੰਤ ਕਾਬੂ ਕਰ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੇ ਨਾਮ ਗੁਰਮਿੰਦਰ ਸਿੰਘ ਉਰਫ ਬੱਬੀ ਪੁੱਤਰ ਸੁਰਿੰਦਰਪਾਲ ਸਿੰਘ ਵਾਸੀ ਭੱਟੀਆਂ ਅਤੇ ਅੰਮ੍ਰਿਤਵੀਰ ਸਿੰਘ ਉਰਫ ਹਮਾ ਪੁੱਤਰ ਜਸਵੀਰ ਸਿੰਘ ਵਾਸੀ ਰਾਣਵਾਂ, ਤਹਿਸੀਲ ਸਮਰਾਲਾ ਦੱਸੇ। ਮੌਕੇ 'ਤੇ ਪਏ ਇੱਕ ਵਜਨਦਾਰ ਪਲਾਸਟਿਕ ਥੈਲੇ ਦੀ ਤਲਾਸ਼ੀ ਲੈਣ 'ਤੇ ਉਸ ਵਿੱਚੋਂ ਵਿਸਕੀ ਦੀਆਂ 24 ਸੀਲ ਬੰਦ ਬੋਤਲਾਂ ਬ੍ਰਾਮਦ ਹੋਈਆਂ। ਦੋਸ਼ੀ ਮੌਕੇ 'ਤੇ ਸ਼ਰਾਬ ਸਬੰਧੀ ਕੋਈ ਵੀ ਲਾਇਸੈਂਸ ਜਾਂ ਪਰਮਿਟ ਪੇਸ਼ ਨਹੀਂ ਕਰ ਸਕੇ।

ਪੁਲਿਸ ਵੱਲੋਂ ਕਾਰਵਾਈ ਕਰਦਿਆਂ ਇੱਕ ਬੋਤਲ ਵਿੱਚੋਂ 180 ਐੱਮ.ਐੱਲ. ਦਾ ਨਮੂਨਾ ਲੈ ਕੇ ਮਾਲ ਨੂੰ ਸੀਲ ਕਰਕੇ ਕਬਜ਼ੇ ਵਿੱਚ ਲਿਆ ਗਿਆ। ਇਸ ਸਬੰਧੀ ਦੋਵਾਂ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਦੀ ਧਾਰਾ 61/1/14 ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਅਗਲੀ ਤਫ਼ਤੀਸ਼ ਜਾਰੀ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਖ਼ਿਲਾਫ਼ ਅਜਿਹੀ ਕਾਰਵਾਈ ਅੱਗੇ ਵੀ ਜਾਰੀ ਰਹੇਗੀ।ਆ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਉਸ ਦੇ ਘਰ ਆ ਕੇ ਗਾਲੀ-ਗਲੋਚ ਕਰ ਰਿਹਾ ਹੈ ਅਤੇ ਉਸ ਦੇ ਹੱਥ ਵਿੱਚ ਪਿਸਤੌਲ ਸੀ। ਮੌਕੇ 'ਤੇ ਪੁੱਜਣ 'ਤੇ ਦੋਸ਼ੀ ਨੇ ਬਿਕਰਮਜੀਤ ਸਿੰਘ ਨੂੰ ਦੇਖਦੇ ਹੀ ਜਾਨੋਂ ਮਾਰਨ ਦੀ ਨੀਅਤ ਨਾਲ ਗੋਲੀ ਚਲਾ ਦਿੱਤੀ, ਜੋ ਉਸ ਦੇ ਖੱਬੇ ਪੱਟ 'ਚ ਲੱਗੀ। ਗੋਲੀ ਦੀ ਆਵਾਜ਼ ਸੁਣ ਕੇ ਲੋਕ ਇਕੱਠੇ ਹੋ ਗਏ ਤਾਂ ਦੋਸ਼ੀ ਪਿਸਤੌਲ ਸਮੇਤ ਮੌਕੇ ਤੋਂ ਫਰਾਰ ਹੋ ਗਿਆ।

ਜ਼ਖ਼ਮੀ ਨੂੰ ਤੁਰੰਤ ਸਿਵਲ ਹਸਪਤਾਲ ਮਾਛੀਵਾੜਾ ਸਾਹਿਬ ਦਾਖਲ ਕਰਵਾਇਆ ਗਿਆ। ਪੁਲਿਸ ਵੱਲੋਂ ਦੋਸ਼ੀ ਖ਼ਿਲਾਫ਼ ਧਾਰਾ 109 ਬੀ ਐਨ ਐਸ ਅਤੇ ਆਰਮਜ਼ ਐਕਟ ਦੀਆਂ ਧਾਰਾਵਾਂ 25/54/59 ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਦੀ ਹਦੂਦ ਅੰਦਰ ਡਰਾਈ ਡੇਅ ਘੋਸ਼ਿਤ

**ਮਲੇਰਕੋਟਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਵਿਰਾਜ ਐਸ. ਤਿੜਕੇ ਵੱਲੋਂ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਮਾਲੇਰਕੋਟਲਾ ਦੀ ਹਦੂਦ ਅੰਦਰ ਗਣਤੰਤਰਤਾ ਦਿਵਸ ਸਵੇਰੇ 07 ਵਜੇ ਤੋਂ ਸ਼ਾਮ 05 ਵਜੇ ਤੱਕ ਡਰਾਈ ਡੇਅ (Dry Day) ਘੋਸ਼ਿਤ ਕੀਤਾ ਗਿਆ ਹੈ।

ਜਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ 26 ਜਨਵਰੀ (ਗਣਤੰਤਰਤਾ ਦਿਵਸ) ਦਾ ਸਮਾਗਮ ਪੂਰੇ ਭਾਰਤ ਵਿੱਚੇ ਬੜੀ ਧੂਮ- ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਵੱਲੋਂ ਸ਼ਰਾਬ ਦੀ ਵਰਤੋਂ ਕਰਨ ਉਪਰੰਤ ਲੜਾਈ-ਝਗੜਾ ਕਰਨ ਕਰਕੇ ਅਮਨ-ਕਾਨੂੰਨ ਦੀ ਸਥਿਤੀ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਲਈ ਗਣਤੰਤਰਤਾ ਦਿਵਸ ਸ਼ਾਂਤੀ ਪੂਰਵਕ ਮਨਾਉਣ ਲਈ ਡਰਾਈ ਡੇਅ ਘੋਸ਼ਿਤ ਕਰਨਾ ਜਰੂਰੀ ਬਣ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਡਰਾਈ ਡੇਅ ਦੌਰਾਨ ਜਿਲ੍ਹਾ ਮਾਲੇਰਕੋਟਲਾ ਦੀ ਹਦੂਦ ਅੰਦਰ ਕਿਸੇ ਵੀ ਸ਼ਰਾਬ ਦੇ ਠੇਕੇ (ਦੇਸੀ ਅਤੇ ਅੰਗਰੇਜ਼ੀ), ਹੋਟਲ, ਦੁਕਾਨ, ਰੈਸਟੋਰੈਂਟਾਂ, ਕਲੱਬ, ਬੀਅਰ ਬਾਰ, ਅਹਾਤੇ, ਜਿੱਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜਤ ਹੈ ਜਾਂ ਹੋਰ ਜਨਤਕ ਥਾਵਾਂ ਆਦਿ ਤੇ ਸ਼ਰਾਬ ਦੀ ਵਿਕਰੀ ਕਰਨ, ਵਰਤੋਂ ਕਰਨ, ਪੀਣ/ਪਿਲਾਉਣ ਅਤੇ ਸਟੋਰ ਕਰਨ ਤੇ ਮੁਕੰਮਲ ਪਾਬੰਦੀ ਹੋਵੇਗੀ।

# ਅਮਰੀਕਾ ਨਾਲ ਕੁੜੱਤਣ ਅਤੇ ਚੀਨ ਨਾਲ ਦੋਸਤੀ ਨੇ ਕੈਨੇਡਾ ਦੀ ਵਿਦੇਸ਼ ਨੀਤੀ ਨੇ ਲਿਆਂਦਾ ਵੱਡਾ ਭੂਚਾਲ

**ਔਟਵਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆਂ ਦੀ ਸਿਆਸਤ 'ਚ ਇੱਕ ਅਜਿਹਾ ਦੌਰ ਸ਼ੁਰੂ ਹੋ ਚੁੱਕਾ ਹੈ ਜਿੱਥੇ ਪੁਰਾਣੇ ਦੋਸਤ ਭਰੋਸੇਮੰਦ ਨਹੀਂ ਰਹੇ ਅਤੇ ਪੁਰਾਣੇ ਵਿਰੋਧੀ ਅਚਾਨਕ ਫ਼ਾਇਦੇਮੰਦ ਦਿਖਣ ਲੱਗੇ ਹਨ। ਇਸ ਉਥਲ-ਪੁਥਲ ਦੀ ਸਭ ਤੋਂ ਵੱਡੀ ਮਿਸਾਲ ਬਣ ਕੇ ਕੈਨੇਡਾ ਉੱਭਰਿਆ ਹੈ। ਦਹਾਕਿਆਂ ਤਕ ਅਮਰੀਕਾ ਦਾ ਪਰਛਾਵਾਂ ਬਣ ਕੇ ਚੱਲਣ ਵਾਲਾ ਕੈਨੇਡਾ ਹੁਣ ਆਪਣੇ ਲਈ ਵੱਖਰਾ ਰਸਤਾ ਲੱਭਦਾ ਦਿਖਾਈ ਦੇ ਰਿਹਾ ਹੈ। ਚੀਨ ਨਾਲ ਟੈਰਿਫ਼ ਡੀਲ, ਵਪਾਰਕ ਨਜ਼ਦੀਕੀਆਂ ਅਤੇ ਰਣਨੀਤਕ ਸਾਂਝੇਦਾਰੀ ਵਰਗੇ ਸ਼ਬਦ ਇਸ ਗੱਲ ਦੇ ਸੰਕੇਤ ਹਨ ਕਿ ਔਟਵਾ ਹੁਣ ਵਾਸ਼ਿੰਗਟਨ ਦੀ ਹਰ ਲਾਈਨ 'ਤੇ ਚੱਲਣ ਲਈ ਤਿਆਰ ਨਹੀਂ। ਮਾਮਲੇ ਨਾਲ ਜੁੜੇ ਜਾਣਕਾਰ ਕਹਿੰਦੇ ਹਨ ਕਿ ਕੈਨੇਡਾ ਦਾ ਇਹ ਰੁਖ਼ ਕੋਈ ਭਾਵਨਾਤਮਕ ਜਾਂ ਵਿਚਾਰਧਾਰਕ ਬਦਲਾਅ ਨਹੀਂ ਸਗੋਂ ਠੰਢੀ ਗਣਨਾ ਅਤੇ ਮਜਬੂਰੀ 'ਚੋਂ ਪੈਦਾ ਹੋਇਆ ਇੱਕ ਫ਼ੈਸਲਾ ਹੈ। ਕੈਨੇਡਾ ਦੇ ਇਸ ਕਦਮ ਨੇ ਦੁਨੀਆਂ ਭਰ ਦੇ ਦੇਸ਼ਾਂ 'ਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

**ਆਖ਼ਰ ਕੈਨੇਡਾ ਨੂੰ ਕਿਉਂ ਬਦਲਣਾ ਪਿਆ ਰਸਤਾ ?** ਅਮਰੀਕਾ ਦੀਆਂ ਨੀਤੀਆਂ ਨੇ ਜਿਸ ਭਰੋਸੇ ਨੂੰ ਤੋੜਿਆ ਹੈ, ਉਸੇ ਖ਼ਾਲੀ ਥਾਂ 'ਚ ਚੀਨ ਨੇ ਆਰਥਿਕ ਮੌਕਿਆਂ ਨਾਲ ਕਦਮ ਰੱਖਿਆ ਹੈ। ਨਤੀਜਾ ਇਹ ਹੈ ਕਿ ਕੈਨੇਡਾ ਹੁਣ ਸੁਰੱਖਿਆ ਨਾਲੋਂ ਆਰਥਿਕਤਾ ਅਤੇ ਸਥਿਰਤਾ ਨੂੰ ਤਰਜੀਹ ਦਿੰਦਾ ਨਜ਼ਰ ਆ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕਾ ਤੋਂ ਦੂਰੀ ਦੀ ਵੱਡੀ ਵਜ੍ਹਾ ਇਹ ਵੀ ਹੈ ਕਿ



ਡੌਨਲਡ ਟਰੰਪ ਦੇ ਦੂਜੇ ਕਾਰਜਕਾਲ 'ਚ ਅਮਰੀਕਾ ਨੇ ਸਹਿਯੋਗੀਆਂ ਨੂੰ ਦੋਸਤ ਨਹੀਂ ਸਗੋਂ ਅਧੀਨ ਸਮਝਣਾ ਸ਼ੁਰੂ ਕਰ ਦਿੱਤਾ। ਕੈਨੇਡਾ ਨੂੰ 51ਵਾਂ ਸੂਬਾ ਕਹਿਣ ਵਰਗੇ ਬਿਆਨ, ਮਨਮਾਨੇ ਟੈਰਿਫ਼ਸ ਅਤੇ ਬਿਨਾਂ ਸਲਾਹ-ਮਸ਼ਵਰੇ ਦੇ ਲਏ ਗਏ ਫ਼ੈਸਲਿਆਂ ਨੇ ਕੈਨੇਡਾ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਕੀ ਅਮਰੀਕਾ ਹੁਣ ਵੀ ਇੱਕ ਭਰੋਸੇਮੰਦ ਸਾਥੀ ਹੈ।

**ਟੈਰਿਫ਼ਾਂ ਦੀ ਮਾਰ, ਆਰਥਿਕਤਾ 'ਤੇ ਸਿੱਧਾ ਅਸਰ:** ਅਮਰੀਕੀ ਟੈਰਿਫ਼ ਨੀਤੀਆਂ ਦਾ ਸਭ ਤੋਂ ਡੂੰਘਾ ਅਸਰ ਕੈਨੇਡਾ ਵਰਗੇ ਐਕਸਪੋਰਟ ਨਿਰਭਰ ਦੇਸ਼ 'ਤੇ ਪਿਆ ਹੈ। ਸਟੀਲ, ਐਲੂਮੀਨੀਅਮ ਅਤੇ ਆਟੋ ਸੈਕਟਰ 'ਚ ਹੋਏ ਨੁਕਸਾਨ ਨੇ ਇਹ ਸਾਫ਼ ਕਰ ਦਿੱਤਾ ਕਿ ਸਿਰਫ਼ ਸੁਰੱਖਿਆ ਸਾਂਝੇਦਾਰੀ ਪੇਟ ਨਹੀਂ ਭਰਦੀ। ਅਜਿਹੇ 'ਚ ਚੀਨ ਵਰਗੇ ਵੱਡੇ ਬਾਜ਼ਾਰ ਨੂੰ ਨਜ਼ਰਅੰਦਾਜ਼ ਕਰਨਾ ਕੈਨੇਡਾ ਲਈ ਸੰਭਵ ਨਹੀਂ ਰਿਹਾ। ਜਿੱਥੇ ਅਮਰੀਕਾ ਦਬਾਅ, ਚਿਤਾਵਨੀ ਅਤੇ ਪਾਬੰਦੀਆਂ ਦੀ ਭਾਸ਼ਾ ਬੋਲਦਾ ਹੈ, ਉੱਥੇ ਚੀਨ ਬਾਜ਼ਾਰ, ਨਿਵੇਸ਼ ਅਤੇ ਟੈਰਿਫ਼ ਰਾਹਤ ਦੀ ਪੇਸ਼ਕਸ਼ ਕਰਦਾ ਹੈ। ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਟੈਰਿਫ਼ ਘਟਾਉਣਾ ਅਤੇ ਬਦਲੇ 'ਚ ਕੈਨੋਲਾ ਅਤੇ ਸੀ-ਫ਼ੂਡ 'ਤੇ ਰਾਹਤ ਲੈਣਾ ਕੈਨੇਡਾ ਲਈ ਸਿੱਧਾ-ਸਿੱਧਾ ਫ਼ਾਇਦੇ ਦਾ ਸੌਦਾ ਸੀ।

**ਦੁਨੀਆਂ ਜਿਸੇ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਹੀ ਸਵੀਕਾਰ ਕਰੋ:** ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਦੁਨੀਆਂ ਜਿਸ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਸਵੀਕਾਰ ਕਰੋ ਨੀਤੀ ਦਰਅਸਲ ਨਵੀਂ ਗਲੋਬਲ ਸੋਚ ਦਾ ਨਾਅਰਾ ਬਣ ਗਈ ਹੈ।

ਹੁਣ ਦੇਸ਼ ਇਹ ਨਹੀਂ ਦੇਖਦੇ ਕਿ ਕੌਣ ਲੋਕਤੰਤਰੀ ਹੈ ਅਤੇ ਕੌਣ ਨਹੀਂ ਸਗੋਂ ਇਹ ਦੇਖਦੇ ਹਨ ਕਿ ਕੌਣ ਰੁਜ਼ਗਾਰ ਦਿੰਦਾ ਹੈ ਕਿ ਕੌਣ ਬਾਜ਼ਾਰ ਖੋਲ੍ਹਦਾ ਹੈ ਅਤੇ ਕੌਣ ਸਥਿਰਤਾ ਦਿੰਦਾ ਹੈ। ਯੌਰਪ, ਕੈਨੇਡਾ ਅਤੇ ਇੱਥੋਂ ਤਕ ਕਿ ਏਸ਼ੀਆ ਦੇ ਸਹਿਯੋਗੀ ਵੀ ਹੁਣ ਅਮਰੀਕੀ ਰਣਨੀਤੀ ਤੋਂ ਅਸਹਿਜ ਹਨ।

ਜਦੋਂ ਸਹਿਯੋਗੀ ਆਪਣੇ-ਆਪਣੇ ਹਿੱਤ ਸਾਧਨ ਲੱਗਦੇ ਹਨ ਤਾਂ ਸੁਭਾਵਿਕ ਹੈ ਕਿ ਅਮਰੀਕੀ ਖੇਮੇ 'ਚ ਤਰੇੜਾਂ ਦਿਖਾਈ ਦੇਣ ਲੱਗਣ। ਕੈਨੇਡਾ ਇਕੱਲਾ ਨਹੀਂ। ਭਾਰਤ, ਬ੍ਰਾਜ਼ੀਲ, ਇੰਡੋਨੇਸ਼ੀਆ ਵਰਗੇ ਦੇਸ਼ ਵੀ ਹੁਣ ਇੱਕ ਧਰੁਵ ਦੀ ਬਜਾਏ ਕਈ ਧਰੁਵਾਂ ਨਾਲ ਰਿਸ਼ਤੇ ਨਿਭਾਅ ਰਹੇ ਹਨ। ਕੈਨੇਡਾ ਦੀ ਚੀਨ ਨਾਲ ਨੇੜਤਾ ਇਸੇ

# ਰੇਤ ਦੀ ਨਜਾਇਜ਼ ਮਾਈਨਿੰਗ ਦੇ ਖਿਲਾਫ਼ ਵ.ਫਦ ਹਲਕਾ ਵਿਧਾਇਕ ਨੂੰ ਮਿਲਿਆ



**ਮਾਛੀਵਾੜਾ ਸਾਹਿਬ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਏਥੋਂ ਨੇੜੇ ਹੀ ਸਥਿਤ ਦਰਿਆ ਸਤਲੁੱਜ ਅੰਦਰ ਲੰਬੇ ਸਮੇਂ ਤੋਂ ਹੋ ਰਹੀ ਰੇਤ (ਚਿੱਟੇ ਸੋਨੇ)ਦੀ ਨਜਾਇਜ਼ ਮਾਇਨਿੰਗ ਦੇ ਖਿਲਾਫ਼ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੂੰ ਮਿਲਿਆ ਜਿੱਥੇ ਉਨ੍ਹਾਂ ਮੰਗ ਕੀਤੀ ਉਹ ਇਸ ਗੋਰਖਧੰਦੇ ਨੂੰ ਰੋਕਣ ਲਈ ਸਰਕਾਰੀ ਤੌਰ ਤੇ ਸਖਤੀ ਕਰਵਾਉਣ ਲਈ ਮੱਦਦ ਕਰਨ ਤੇ ਉਹ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹੋਰ ਸਖ਼ਤਾਈ ਨਾਲ ਕਹਿਣ ਕਿ ਰੇਤ ਦੀ ਲੁੱਟ ਕਰਨ ਵਾਲਿਆ ਚੋਂ ਕਿਸੇ ਨੂੰ ਨਾ ਬਖਸ਼ਿਆ ਜਾਵੇ ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਕਿਸਾਨ ਆਗੂ ਕੁਲਦੀਪ ਸਿੰਘ ਗਰੇਵਾਲ ਨੇ ਦੱਸਿਆ ਕਿ ਹਲਕਾ ਵਿਧਾਇਕ ਨੂੰ ਮਿਲਣ ਗਏ ਲੋਕਾਂ ਨੂੰ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਏਥੇ ਰੇਤ ਦੀ ਨਜਾਇਜ਼ ਮਾਇਨਿੰਗ ਹੋਣ ਨਹੀ ਦਿੱਤੀ ਜਾਵੇਗੀ ਇਸ ਸਬੰਧੀ ਉਹ ਹੋਰ ਵੀ ਲੋੜੀਂਦੇ ਪ੍ਰਬੰਧ ਕਰਵਾਉਣਗੇ । ਜਿਕਰਯੋਗ ਹੈ ਕਿ ਬੀਤੇ ਸਾਲ ਵੀ ਇਲਾਕੇ ਵਿਚ ਦਰਿਆ ਸਤਲੁੱਜ ਦੇ ਬੰਨ੍ਹ ਨੂੰ ਢਾਅ ਲੱਗ ਗਈ ਸੀ ਜਿੱਥੇ ਕਿ ਹਲਕਾ ਵਿਧਾਇਕ ਆਪ ਵੀ ਇਸ ਵਹਾਅ ਨੂੰ ਰੋਕਣ ਸਬੰਧੀ ਦਿਨ ਰਾਤ ਉਪਰਾਲੇ ਕਰਦੇ ਰਹੇ ਹਨ । ਇਸ ਵਫ਼ਦ 'ਚ ਲਖਵੀਰ ਸਿੰਘ,ਸ਼ਰਨਜੀਤ ਸਿੰਘ, ਕਰਨੈਲ ਸਿੰਘ ਨੰਬਰਦਾਰ,ਬਹਾਦਰ ਸਿੰਘ ਨਾਨੋਵਾਲ, ਯਾਦਵਿੰਦਰ ਸਿੰਘ ਨੂਰ ਪੁਰ ,ਦਵਿੰਦਰ ਸਿੰਘ ਕੱਚਾ ਮਾਛੀਵਾੜਾ, ਪਾਲ ਸਿੰਘ, ਬੇਅੰਤ ਸਿੰਘ ਤੇ ਪੱਪੀ ਆਦਿ ਵੀ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨ ਪਹਿਲਾਂ ਵੀ ਸਤਲੁਜ ਦਰਿਆ ਵਿੱਚੋਂ ਨਜਾਇਜ਼ ਮਾਈਨਿੰਗ ਦੀਆਂ ਖਬਰਾਂ ਵੀ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ ਹਨ।

# ਗ੍ਰੀਨਲੈਂਡ ਅਤੇ ਕੈਨੇਡਾ ਬਾਰੇ ਟਰੰਪ ਨੇ ਸ਼ੇਅਰ ਕੀਤੀਆਂ ਤਸਵੀਰਾਂ

**ਵਾਸ਼ਿੰਗਟਨ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੈਨੇਜ਼ੂਏਲਾ 'ਤੇ ਏਅਰਸਟ੍ਰਾਈਕ ਕਰਨ ਮਗਰੋਂ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀਆਂ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੌਰਾਨ ਟਰੰਪ ਨੇ ਮੰਗਲਵਾਰ ਨੂੰ ਆਪਣੇ ਟਰੁੱਥ ਸੋਸ਼ਲ ਪਲੈਟਫ਼ੌਰਮ 'ਤੇ ਇੱਕ ਪੋਸਟ ਸਾਂਝੀ ਕੀਤੀ ਜਿਸ 'ਚ ਉਨ੍ਹਾਂ ਨੇ ਇੱਕ ਅਜਿਹੇ ਨਕਸ਼ਾ ਪੇਸ਼ ਕੀਤਾ ਹੈ ਜਿਸ 'ਚ ਕੈਨੇਡਾ, ਗ੍ਰੀਨਲੈਂਡ ਅਤੇ ਵੈਨੇਜ਼ੁਏਲਾ ਨੂੰ ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਦਿਖਾਇਆ ਗਿਆ ਹੈ।



ਇਸ AI Generated ਤਸਵੀਰ 'ਚ ਟਰੰਪ ਆਪੇ ਓਵਲ ਔਫ਼ਿਸ 'ਚ ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਅਤੇ UK ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਕਈ NATO ਦੇਸ਼ਾਂ ਦੇ ਨੇਤਾਵਾਂ ਨਾਲ ਬੈਠੇ ਦਿਖਾਈ ਦੇ ਰਹੇ ਹਨ। ਰਿਪੋਰਟਾਂ ਅਨੁਸਾਰ ਟਰੰਪ ਨੇ ਇੱਕ ਹੋਰ AI ਨਾਲ ਬਣਾਈ ਗਈ ਤਸਵੀਰ ਸਾਂਝੀ ਕੀਤੀ ਹੈ ਜਿਸ 'ਚ ਉਹ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗ੍ਰੀਨਲੈਂਡ 'ਚ ਅਮਰੀਕੀ ਝੰਡਾ ਲਹਿਰਾ ਰਹੇ ਹਨ। ਇਸ ਤਸਵੀਰ ਨਾਲ ਲਿਖਿਆ ਹੈ, "ਗ੍ਰੀਨਲੈਂਡ ਅਮਰੀਕੀ ਖੇਤਰ 'ਚ ਸ਼ਾਮਿਲ।"

ਟਰੰਪ ਨੇ NATO ਦੇ ਸਕੱਤਰ-ਜਨਰਲ ਮਾਰਕ ਰੁਟੇ ਨਾਲ ਗੱਲਬਾਤ ਕਰਦਿਆਂ ਗ੍ਰੀਨਲੈਂਡ ਨੂੰ ਅਮਰੀਕੀ ਅਤੇ ਵਿਸ਼ਵ ਸੁਰੱਖਿਆ ਦਾ ਇੱਕ ਅਟੁੱਟ ਅੰਗ ਦੱਸਿਆ ਹੈ। ਇਸ ਦੌਰਾਨ ਅਮਰੀਕਾ ਗ੍ਰੀਨਲੈਂਡ ਦੇ ਪਿਟੁਫ਼ਿਕ ਸਪੇਸ ਬੇਸ 'ਤੇ ਨੌਰਡ ਜਹਾਜ਼ ਤਾਇਨਾਤ ਕਰਨ ਦੀ ਤਿਆਰੀ ਕਰ ਰਿਹਾ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਡੈਨਮਾਰਕ ਗ੍ਰੀਨਲੈਂਡ ਨੂੰ ਵੇਚਣ ਲਈ ਸਹਿਮਤ ਨਹੀਂ ਹੁੰਦਾ ਤਾਂ 1 ਫ਼ਰਵਰੀ 2026 ਤੋਂ 10 ਫ਼ੀਸਦੀ ਅਤੇ 1 ਜੂਨ 2026 ਤੋਂ 25 ਫ਼ੀਸਦੀ ਟੈਰਿਫ਼ਸ ਲਗਾਏ ਜਾਣਗੇ। ਉਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਨੂੰ ਚੀਨ ਅਤੇ ਰੂਸ ਦੇ ਵਧਦੇ ਹਿੱਤਾਂ ਕਾਰਨ ਜ਼ਰੂਰੀ ਦੱਸਿਆ ਹੈ।

ਟਰੰਪ ਨੇ ਪਹਿਲਾਂ ਸੁਝਾਅ ਦਿੱਤਾ ਸੀ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨਾ ਚਾਹੀਦਾ ਹੈ, ਅਤੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਦਾ ਗਵਰਨਰ ਕਹਿ ਕੇ ਮਜ਼ਾਕ ਉਡਾਇਆ ਸੀ। ਹਾਲਾਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਸੁਝਾਅ ਨੂੰ ਸਿਰੇ ਤੋਂ ਖ਼ਾਰਿਜ ਕਰਦਿਆਂ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ।

ਦੂਜੇ ਪਾਸੇ, ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਦੀ ਗ੍ਰਿਫ਼ਤਾਰੀ ਤੋਂ ਬਾਅਦ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਉੱਥੇ ਓਦੋਂ ਤਕ ਰਹੇਗਾ ਜਦੋਂ ਤਕ ਸੁਰੱਖਿਅਤ ਅਤੇ ਉਚਿਤ ਤਬਦੀਲੀ ਨਹੀਂ ਹੋ ਜਾਂਦੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਅਨੁਸਾਰ ਵੈਨੇਜ਼ੁਏਲਾ ਦੇ ਅੰਤਰਿਮ ਅਧਿਕਾਰੀਆਂ ਦੇ ਫ਼ੈਸਲੇ ਪੂਰੀ ਤਰ੍ਹਾਂ ਅਮਰੀਕਾ ਦੁਆਰਾ ਨਿਰਧਾਰਿਤ ਕੀਤੇ ਜਾਣਗੇ।

# ਰੋਟਰੀ ਕਲੱਬ ਸੁਨਾਮ ਨੇ ਵਿਛੜੇ 22 ਰੋਟਰੀ ਮੈਂਬਰਾਂ ਦੀ ਯਾਦ ਵਿੱਚ ਸੇਵਾ ਦਾ ਕੀਤਾ ਮਹਾਨ ਅਭਿਆਨ



**ਸੁਨਾਮ ਊਧਮ ਸਿੰਘ ਵਾਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਸੁਨਾਮ ਦੇ ਪ੍ਰਧਾਨ ਜਗਦੀਪ ਭਾਰਦਵਾਜ ਦੀ ਗਤੀਸ਼ੀਲ, ਦੂਰਦਰਸ਼ੀ ਅਤੇ ਪ੍ਰੇਰਣਾਦਾਇਕ ਅਗਵਾਈ ਹੇਠ ਕਲੱਬ ਵੱਲੋਂ ਆਪਣੇ ਵਿਛੜ ਚੁਕੇ ਰੋਟਰੀ ਪਰਿਵਾਰ ਦੇ 22 ਮੈਂਬਰਾਂ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਿਤ ਇੱਕ ਵਿਸ਼ਾਲ ਮਨੁੱਖਤਾ ਭਰਿਆ ਸੇਵਾ ਅਭਿਆਨ ਚਲਾਇਆ ਗਿਆ।

ਇਸ ਅਭਿਆਨ ਤਹਿਤ ਸੁਨਾਮ ਅਤੇ ਨੇੜਲੇ ਖੇਤਰਾਂ ਦੇ 22 ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਬੱਚਿਆਂ ਨੂੰ ਸਰਦੀਆਂ ਤੋਂ ਬਚਾਅ ਲਈ ਗਰਮ ਕੋਟੀਆਂ ਵੰਡੀਆਂ ਗਈਆਂ।

ਇਸ ਪ੍ਰੋਜੈਕਟ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਰੋਟਰੀ ਕਲੱਬ ਸੁਨਾਮ ਦੇ ਲਗਭਗ ਸਾਰੇ ਮੈਂਬਰ ਵੱਖ-ਵੱਖ ਟੀਮਾਂ ਦੇ ਰੂਪ ਵਿੱਚ ਖੁਦ ਸਕੂਲਾਂ ਵਿੱਚ ਪਹੁੰਚੇ ਅਤੇ ਬੱਚਿਆਂ ਨੂੰ ਆਪਣੇ ਹੱਥੀਂ ਗਰਮ ਕੋਟੀਆਂ ਭੇਟ ਕਰਦਿਆਂ ਸੇਵਾ ਅਤੇ ਸਨੇਹ ਦੀ ਸੱਚੀ ਮਿਸਾਲ ਪੇਸ਼ ਕੀਤੀ। ਇਸੇ ਲੜੀ ਤਹਿਤ ਅੱਜ ਦਾ ਵਿਸ਼ੇਸ਼ ਪ੍ਰੋਜੈਕਟ ਪ੍ਰਸਿੱਧ ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਨ ਸਿੰਗਲਾ ਦੇ ਪਿਤਾ ਸੁਰੇਸ਼ ਕੁਮਾਰ ਸਿੰਗਲਾ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਇਹ ਸੇਵਾ ਕਾਰਜ ਉਨ੍ਹਾਂ ਦੇ ਜੱਦੀ ਪਿੰਡ ਜਖੇਪਲ ਦੇ ਸਰਕਾਰੀ ਸਕੂਲ ਵਿਖੇ ਆਯੋਜਿਤ ਕੀਤਾ ਗਿਆ, ਜਿੱਥੇ ਲੋੜਵੰਦ ਬੱਚਿਆਂ ਨੂੰ ਗਰਮ ਕੋਟੀਆਂ ਵੰਡ ਕੇ ਉਨ੍ਹਾਂ ਦੀ ਯਾਦ ਨੂੰ ਸੱਚੀ ਸ਼ਰਧਾਂਜਲੀ ਅਰਪਿਤ ਕੀਤੀ ਗਈ।

ਇਸ ਮੌਕੇ ਸਕੂਲ ਪ੍ਰਸ਼ਾਸਨ ਵੱਲੋਂ ਰੋਟਰੀ ਕਲੱਬ ਸੁਨਾਮ ਦੇ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਤੋਂ ਇਲਾਵਾ ਲੈਕਚਰਾਰ ਅਵਿਨਾਸ਼ ਕੁਮਾਰ ਅਤੇ ਕੁਲਵਿੰਦਰ ਸਿੰਘ ਮੌਹਲ ਵੱਲੋਂ ਰੋਟਰੀ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਇਸ ਮਨੁੱਖਤਾ ਭਰਪੂਰ ਉਪਰਾਲੇ ਲਈ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ ਗਿਆ।

ਇਸ ਸੇਵਾ ਪ੍ਰੋਜੈਕਟ ਦੀ ਜ਼ਿੰਮੇਵਾਰੀ ਪ੍ਰੋਜੈਕਟ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਰੋਟਰੀਅਨ ਦਵਿੰਦਰ ਪਾਲ ਸਿੰਘ ਰਿੰਪੀ ਵੱਲੋਂ ਸੰਭਾਲੀ ਗਈ। ਇਸ ਮੌਕੇ ਸਾਬਕਾ ਜ਼ਿਲ੍ਹਾ ਰੋਟਰੀ ਸਕੱਤਰ ਐਡਵੋਕੇਟ ਨਵੀਨ ਗਰਗ, ਨਿਤਿਨ ਜਿੰਦਲ, ਕਵਿਸ਼ ਸਿੰਗਲਾ, ਹਰੀਸ਼ ਗੱਖੜ ਅਤੇ ਲਾਡੀ ਚੰਦ ਗਰਗ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ ਅਤੇ ਸੇਵਾ ਕਾਰਜ ਵਿੱਚ ਆਪਣਾ ਸਰਗਰਮ ਯੋਗਦਾਨ ਦਿੱਤਾ। ਰੋਟਰੀ ਕਲੱਬ ਸੁਨਾਮ ਵੱਲੋਂ ਕੀਤਾ ਗਿਆ ਕਿ ਇਹ ਉਪਰਾਲਾ ਇਸ ਗੱਲ ਦਾ ਪ੍ਰਤੀਕ ਹੈ ਕਿ ਰੋਟਰੀ ਸਿਰਫ਼ ਇੱਕ ਸੰਸਥਾ ਨਹੀਂ, ਸਗੋਂ ਮਨੁੱਖਤਾ, ਸੇਵਾ ਅਤੇ ਸਮਰਪਣ ਨਾਲ ਜੁੜਿਆ ਇੱਕ ਜੀਵੰਤ ਪਰਿਵਾਰ ਹੈ, ਜੋ ਆਪਣੇ ਵਿਛੜੇ ਸਾਥੀਆਂ ਦੀ ਯਾਦ ਨੂੰ ਲੋਕ ਭਲਾਈ ਦੇ ਕਾਰਜਾਂ ਰਾਹੀਂ ਸਦਾ ਜਿੰਦਾ ਰੱਖਦਾ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 11 ਦੋਸ਼ੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਪੁਲਿਸ ਨੇ ਕੀਤਾ ਗ੍ਰਿਫ਼ਤਾਰ

**ਸੁਨਾਮ ਊਧਮ ਸਿੰਘ ਵਾਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਗਈ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਤਹਿਤ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੀ ਯੋਗ ਅਗਵਾਈ ਅਤੇ ਸਰਤਾਜ ਸਿੰਘ ਚਾਹਲ ਐਸ.ਐਸ.ਪੀ ਸੰਗਰੂਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਪੰਜਾਬ ਵਿੱਚ ਨਸ਼ੇ ਦਾ ਖਾਤਮਾ ਕਰਨ ਲਈ ÷ਯੁੱਧ ਨਸ਼ਿਆਂ ਵਿਰੁੱਧ÷ ਦੇ ਸਲੋਗਨ ਤਹਿਤ ਮਿਤੀ 01.03.2025 ਤੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਇਸ ਮੁਹਿੰਮ ਦੌਰਾਨ ਲੋਕਾਂ ਨੂੰ ਨਸ਼ਿਆ ਤੋਂ ਦੂਰ ਰਹਿਣ ਅਤੇ ਮਾੜੇ ਅਨਸਰਾ ਨੂੰ ਕਾਬੂ ਕਰਨ ਲਈ ਪੁਲਿਸ ਦਾ ਸਹਿਯੋਗ ਦੇਣ ਲਈ ਹਰ ਇੱਕ ਪਿੰਡ ਅਤੇ ਸ਼ਹਿਰ ਦੇ ਵਾਰਡਾਂ ਵਿੱਚ ਲਗਾਤਾਰ ਸੈਮੀਨਾਰ / ਨਸ਼ਾ ਮੁਕਤੀ ਯਾਤਰਾ ਅਭਿਆਨ ਲਗਾਤਾਰ ਜਾਰੀ ਹੈ। ਇਸ ਮੁਹਿੰਮ ਦੌਰਾਨ ਨਸ਼ਾ ਤਸਕਰੀ ਕਰਨ ਵਾਲੇ ਛੋਟੇ ਅਤੇ ਵੱਡੇ ਸਮੱਗਲਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਸਬ ਡਵੀਜਨ ਸੁਨਾਮ ਦੇ ਥਾਣਾ ਸਿਟੀ ਸੁਨਾਮ, ਲੌਂਗੋਵਾਲ ਅਤੇ ਚੀਮਾਂ ਦੇ ਏਰੀਆ ਨਸ਼ਾ ਸਮੱਗਲਰਾਂ ਵਿਰੁੱਧ ਮਿਤੀ 15.01.2026 ਤੋਂ ਮਿਤੀ 21.01.2026 ਤੱਕ 07 ਮੁਕੱਦਮੇ ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ 11 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਪਾਸੋਂ 110 ਗ੍ਰਾਮ ਹੈਰੋਇਨ / ਚਿੱਟਾ, 150 ਨਸੀਲੀਆਂ ਗੋਲੀਆ ਅਤੇ ਆਬਕਾਰੀ ਐਕਟ ਤਹਿਤ 02 ਮੁਕੱਦਮੇ ਦਰਜ ਕਰਕੇ 02 ਦੋਸੀਆਂ ਨੂੰ ਗ੍ਰਿਫ਼ਤਾਰ ਕਰਕੇ 144 ਬੋਤਲਾਂ ਸ਼ਰਾਬ ਠੇਕਾ ਦੇਸੀ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।

ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਦੌਰਾਨ ਪਿੰਡ / ਮੁਹੱਲਾ / ਵਾਰਡ ਪੱਧਰ ਤੇ ਐਮ.ਸੀ / ਪੰਚਾਇਤ ਅਤੇ ਹੋਰ ਮੋਹਤਬਰ ਪੁਰਸ਼ਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਨਸ਼ਾ ਕਰਨ ਵਾਲੇ ਵਿਅਕਤੀਆਂ ਦੀ ਪਛਾਣ ਕਰਕੇ ਉਹਨਾਂ ਦੀ ਸਨਾਖਤ ਨੂੰ ਗੁਪਤ ਰੱਖਦੇ ਹੋਏ ਉਹਨਾਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਹੁਣ ਤੱਕ ਕਰੀਬ 02 ਵਿਅਕਤੀਆਂ ਨੂੰ ਸਰਕਾਰ ਵੱਲੋਂ ਚਲਾਏ ਜਾ ਰਹੇ ਡੀ-ਅਡੀਕਸ਼ਨ ਸੈਂਟਰ ਵਿੱਚ ਰਜਿਸਟ੍ਰੇਸ਼ਨ ਕਰਵਾ ਦਿੱਤੀ ਗਈ ਹੈ।

ਇਸ ਤੋਂ ਇਲਾਵਾ 05 ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਸਿਵਲ ਹਸਪਤਾਲ ਸੰਗਰੂਰ ਵਿਖੇ ਦਾਖਲ ਕਰਵਾਇਆ ਗਿਆ। ਇਸ ਤੋਂ ਇਲਾਵਾ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 105 ਵਹੀਕਲਾਂ ਦੇ ਵੱਖ-ਵੱਖ ਜੁਰਮਾਂ ਤਹਿਤ ਟਰੈਫਿਕ ਚਲਾਨ ਕੀਤੇ ਗਏ ਹਨ। ਇਹ ਮੁਹਿੰਮ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰੱਖੀ ਜਾ ਰਹੀ ਹੈ ਅਤੇ ਪੰਜਾਬ ਪੁਲਿਸ ਲੋਕਾਂ ਦੀ ਸੇਵਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਸਖਤ ਮਿਹਨਤ ਕਰ ਰਹੀ ਹੈ।

# ਪਾਕਿ ਟੈਂਕਾਂ ਨੇ ਉਡਾ ਦਿੱਤੀਆਂ 40 ਮਸਜਿਦਾਂ ਤੇ ਇਮਾਮ ਵੀ ਕੀਤੇ ਅਗਵਾ



**ਬਲੋਚਿਸਤਾਨ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲੋਚ ਮਨੁੱਖੀ ਅਧਿਕਾਰ ਕਾਰਕੁਨ ਮੀਰ ਯਾਰ ਬਲੋਚ ਨੇ ਪਾਕਿਸਤਾਨ ਦੇ ਧਾਰਮਿਕ ਪਖੰਡ ਨੂੰ ਬੇਨਕਾਬ ਕਰ ਕੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਹੈ। ਮੀਰ ਬਲੋਚ ਦੇ ਅਨੁਸਾਰ ਦੁਨੀਆ ਭਰ 'ਚ ਇਸਲਾਮ ਦੇ ਰੱਖਿਅਕ ਹੋਣ ਦਾ ਦਿਖਾਵਾ ਕਰਨ ਵਾਲੇ ਪਾਕਿਸਤਾਨ ਨੇ ਹੁਣ ਤਕ ਬਲੋਚਿਸਤਾਨ 'ਚ 40 ਤੋਂ ਵੱਧ ਮਸਜਿਦਾਂ ਨੂੰ ਟੈਂਕਾਂ 'ਤੇ ਤੋਪਖਾਨੇ ਨਾਲ ਤਬਾਹ ਕਰ ਦਿੱਤਾ ਹੈ।

ਸੂਤਰਾਂ ਅਨੁਸਾਰ ਇਹ ਖੁਲਾਸਾ ਅਜਿਹੇ ਸਮੇਂ ਹੋਇਆ ਹੈ ਜਦੋਂ ਪਾਕਿਸਤਾਨ ਭਾਰਤ ਵਿਰੁੱਧ ਮਨਘੜਤ ਦੋਸ਼ ਲਗਾ ਰਿਹਾ ਹੈ। ਬਲੋਚ ਨੇਤਾ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨ ਨੂੰ ਧਾਰਮਿਕ ਆਜ਼ਾਦੀ ਦਾ ਪ੍ਰਚਾਰ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਕਿਉਂ ਕਿ ਇਸ ਦਾ ਆਪਣਾ ਇਤਿਹਾਸ ਘੱਟ ਗਿਣਤੀਆਂ ਅਤੇ ਬਲੋਚ ਮੁਸਲਮਾਨਾਂ ਦੇ ਜ਼ੁਲਮ ਨਾਲ ਭਰਿਆ ਹੋਇਆ ਹੈ। ਮੀਰ ਯਾਰ ਬਲੋਚ ਨੇ ਪਾਕਿਸਤਾਨੀ ਫ਼ੌਜ 'ਤੇ ਬਹੁਤ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਬਲੋਚਿਸਤਾਨ 'ਚ ਫ਼ੌਜੀ ਕਾਰਵਾਈਆਂ ਦੌਰਾਨ ਮਸਜਿਦਾਂ 'ਤੇ ਸਿੱਧੇ ਤੌਰ 'ਤੇ ਬੰਬਾਰੀ ਕੀਤੀ ਗਈ ਸੀ।

ਉਨ੍ਹਾਂ ਦਾਅਵਾ ਕੀਤਾ ਕਿ ਸੁਰੱਖਿਆ ਬਲਾਂ ਨੇ ਨਾ ਸਿਰਫ਼ ਮਸਜਿਦਾਂ ਨੂੰ ਢਾਹਿਆ ਸਗੋਂ ਪਵਿੱਤਰ ਕੁਰਾਨ ਨੂੰ ਵੀ ਸਾੜ ਦਿੱਤਾ ਤੇ ਧਾਰਮਿਕ ਵਿਦਵਾਨਾਂ (ਇਮਾਮਾਂ) ਨੂੰ ਅਗਵਾ ਕਰ ਲਿਆ। ਬਲੋਚ ਨੇਤਾ ਅਨੁਸਾਰ ਇਨ੍ਹਾਂ ਹਮਲਿਆਂ ਦਾ ਉਦੇਸ਼ ਬਲੋਚ ਭਾਈਚਾਰੇ ਦੇ ਧਾਰਮਿਕ ਵਿਸ਼ਵਾਸ 'ਤੇ ਹਮਲਾ ਕਰਨਾ, ਅਤੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੋੜਨਾ ਹੈ ਤਾਂ ਜੋ ਉਹ ਆਜ਼ਾਦੀ ਦੀ ਆਪਣੀ ਮੰਗ ਨੂੰ ਤਿਆਗ ਦੇਣ।

ਪਾਕਿਸਤਾਨੀ ਫ਼ੌਜ ਦੀ ਬੇਰਹਿਮੀ ਦਾ ਸਬੂਤ ਦਿੰਦੇ ਹੋਏ ਮੀਰ ਬਲੋਚ ਨੇ ਕਿਹਾ ਕਿ ਬਲੋਚਿਸਤਾਨ ਦੇ ਸਾਬਕਾ ਸ਼ਾਸਕ ਖ਼ਾਨ ਔਫ਼ ਕਲਾਤ ਦੀ ਇਤਿਹਾਸਕ ਮਸਜਿਦ ਪਾਕਿਸਤਾਨੀ ਟੈਂਕਾਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਪਹਿਲਾ ਧਾਰਮਿਕ ਸਥਾਨ ਸੀ। ਉਸ ਨੇ ਦਾਅਵਾ ਕੀਤਾ ਕਿ ਇਸ ਮਸਜਿਦ ਦੀਆਂ ਕੰਧਾਂ 'ਤੇ ਅਜੇ ਵੀ ਮੋਰਟਾਰ ਗੋਲਿਆਂ ਅਤੇ ਗੋਲੀਆਂ ਦੇ ਨਿਸ਼ਾਨ ਹਨ, ਜੋ ਪਾਕਿਸਤਾਨ ਦੇ ਫ਼ੌਜੀ ਅਤਿਆਚਾਰਾਂ ਦੀ ਗਵਾਹੀ ਭਰਦੇ ਹਨ। ਇਹ ਘਟਨਾ ਪਾਕਿਸਤਾਨ ਦੇ ਇਸਲਾਮੀ ਕਦਰਾਂ-ਕੀਮਤਾਂ ਦੇ ਰੱਖਿਅਕ ਹੋਣ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਝੁਠਲਾਉਂਦੀ ਹੈ।

## ਸੰਪਾਦਕੀ

# ਲੰਮੇ ਹੁੰਦੇ ਜਾ ਰਹੇ ਪਰਛਾਵੇਂ

ਯੂਏ ਈ ਦੇ ਰਾਸ਼ਟਰਪਤੀ ਦੀ ਨਵੀਂ ਦਿੱਲੀ ਫੇਰੀ ਅਤੇ ਸਾਡੇ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੀ ਗੱਲਬਾਤ ਭਾਰਤ ਦੇ ਗੁਆਂਢ ਵਿੱਚ ਬਣੇ ਮਾਹੌਲ 'ਚ ਤਾਜ਼ੀ ਹਵਾ ਦੇ ਬੁੱਲ੍ਹੇ ਵਾਂਗ ਹੈ। ਹੁਣ, ਸਾਨੂੰ ਯੂਰਪੀਅਨ ਯੂਨੀਅਨ (ਈ ਯੂ) ਨਾਲ ਭਾਰਤ ਦੇ 'ਸਭ ਤੋਂ ਵੱਡੇ ਸੌਦੇ' ਨੂੰ ਗਣਤੰਤਰ ਦਿਵਸ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਉਮੀਦ ਹੈ, ਜੋ ਯੂਰਪੀਅਨ ਯੂਨੀਅਨ ਨਾਲ ਸਾਡੇ ਰਿਸ਼ਤੇ ਪੀਢੇ ਕਰੇਗਾ। ਜਿਉਂ ਜਿਉਂ ਅਸੀਂ ਇੱਕ ਨਵੀਂ ਵਿਸ਼ਵ ਵਿਵਸਥਾ ਵੱਲ ਵਧਦੇ ਜਾ ਰਹੇ ਹਾਂ, ਵੱਖ-ਵੱਖ ਮੁਲਕਾਂ ਨਾਲ ਦੁਵੱਲੇ ਰਿਸ਼ਤਿਆਂ ਤੇ ਮੁਕਤ ਵਪਾਰ ਸਮਝੌਤਿਆਂ ਦੀ ਲੋੜ ਹੋਰ ਵੀ ਅਹਿਮ ਹੋ ਗਈ ਹੈ। ਸੰਯੁਕਤ ਰਾਜ ਅਮਰੀਕਾ ਨੇ ਤੇਜ਼ੀ ਨਾਲ ਸੁਰੱਖਿਆਵਾਦੀ ਰੁਖ਼ ਅਪਣਾਇਆ ਹੈ ਅਤੇ ਇਸ ਨੇ ਪੁਰਾਣੀ ਵਿਸ਼ਵ ਵਿਵਸਥਾ ਦੇ ਕਈ ਸਿਧਾਂਤਾਂ ਨੂੰ ਚੁਣੌਤੀ ਦਿੱਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਚੀਨ ਦੌਰੇ ਵੇਲੇ ਚੀਨ ਨਾਲ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦਿੰਦਿਆਂ ਇਹ ਗੱਲ ਆਖੀ ਸੀ। ਸਾਡੇ ਦੋਖੀ ਹੱਥ 'ਤੇ ਹੱਥ ਧਰ ਕੇ ਨਹੀਂ ਬੈਠੇ। ਇਸ ਲਈ ਰੱਖਿਆ/ਸੁਰੱਖਿਆ ਸਬੰਧੀ ਸਮਝੌਤਿਆਂ ਅਤੇ ਵਪਾਰਕ ਭਾਈਵਾਲੀਆਂ ਦੀ ਲੋੜ ਹੋਰ ਵੀ ਵਧ ਗਈ ਹੈ। ਇਹ ਗੱਲ ਅਹਿਮ ਹੈ ਕਿ ਸੱਤਾਧਾਰੀ ਤਾਕਤਾਂ ਵੀ ਆਤਮ-ਨਿਰੀਖਣ ਕਰਨ। ਕੀ ਸਿਰਫ਼ ਇਹੀ ਤੱਥ ਸਾਡੇ ਅੰਦਰ ਅਜਿੱਤ ਹੋਣ ਦੀ ਭਾਵਨਾ ਭਰਦਾ ਹੈ ਕਿ ਸਾਡੀ ਆਰਥਿਕਤਾ ਬਹੁਤ ਵੱਡੀ ਹੈ ਅਤੇ ਸਾਡਾ ਵਪਾਰ ਵੱਡਾ ਹੈ? ਇਹ ਪੁੱਛਣਾ ਬਣਦਾ ਹੈ ਕਿ ਪਾਕਿਸਤਾਨੀ ਫ਼ੌਜੀ ਅਧਿਕਾਰੀਆਂ ਦੀ ਵ੍ਹਾਈਟ ਹਾਊਸ, ਪੈਂਟਾਗਨ, ਪੇਈਚਿੰਗ, ਰਿਆਧ ਅਤੇ ਅੰਕਾਰਾ ਆਦਿ ਵਿੱਚ ਏਨੀ ਪੁੱਛ-ਪ੍ਰਤੀਤ ਕਿਉਂ ਹੈ? ਚੀਨ ਨੇ ਪਾਕਿਸਤਾਨ ਨੂੰ ਵਿੱਤੀ ਅਤੇ ਫ਼ੌਜੀ ਸਹਾਇਤਾ ਦਿੱਤੀ ਹੈ। ਪਿਛਲੇ ਸਾਲ ਦੇ ਆਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਨੇ ਚੀਨੀ ਹਥਿਆਰਾਂ ਦੀ ਵਰਤੋਂ ਕੀਤੀ ਸੀ। ਹਾਲਾਂਕਿ, ਚੀਨ ਨਾਲ ਸਾਡਾ ਵਪਾਰ 150 ਬਿਲੀਅਨ ਡਾਲਰ ਤੋਂ ਵੱਧ ਹੈ ਜਦੋਂਕਿ ਪਾਕਿਸਤਾਨ-ਚੀਨ ਵਪਾਰ 15-20 ਬਿਲੀਅਨ ਡਾਲਰ ਹੀ ਹੈ। ਦਰਅਸਲ, ਪਾਕਿਸਤਾਨ ਵਿਚਲਾ ਸੀ ਪੀ ਈ ਸੀ (ਚੀਨ-ਪਾਕਿਸਤਾਨ ਆਰਥਿਕ ਗਲਿਆਰਾ) ਗਵਾਦਰ ਬੰਦਰਗਾਹ ਰਾਹੀਂ ਚੀਨੀ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ ਆਰ ਆਈ) ਨੂੰ ਮੱਧ ਪੂਰਬ ਅਤੇ ਯੂਰੋਪ ਨਾਲ ਜੋੜਨ ਦਾ ਰਾਹ ਹੈ। ਮਕਬੂਜ਼ਾ ਕਸ਼ਮੀਰ ਵਿਚਲੀ ਸ਼ਕਸਗਾਮ ਘਾਟੀ ਪਾਕਿਸਤਾਨ ਨੇ ਚੀਨ ਨੂੰ ਸੌਂਪ ਦਿੱਤੀ ਸੀ, ਜਿਸ 'ਤੇ ਭਾਰਤ ਨੂੰ ਇਤਰਾਜ਼ ਹੈ। ਕਰਾਕੋਰਮ ਹਾਈਵੇਅ ਦਾ ਕੁਝ ਹਿੱਸਾ ਸ਼ਕਸਗਾਮ ਘਾਟੀ ਵਿੱਚੋਂ ਲੰਘਦਾ ਹੈ, ਜੋ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਦਾ ਇੱਕ ਅਹਿਮ ਹਿੱਸਾ ਹੈ। ਪਾਕਿਸਤਾਨ ਵੱਲੋਂ ਸ਼ਕਸਗਾਮ ਘਾਟੀ ਚੀਨ ਹਵਾਲੇ ਕਰਨਾ ਦੋਵਾਂ ਦੇਸ਼ਾਂ ਦੇ ਰਣਨੀਤਕ ਤੌਰ 'ਤੇ ਘਿਉ ਖਿਚੜੀ ਹੋਣ ਨੂੰ ਦਰਸਾਉਂਦਾ ਹੈ। ਦੂਜੇ ਪਾਸੇ, ਸਾਡੇ ਚੀਨ ਨਾਲ ਸਰਹੱਦੀ ਵਿਵਾਦ ਹਨ ਅਤੇ ਲੱਦਾਖ ਤੇ ਅਰੁਣਾਚਲ ਪ੍ਰਦੇਸ਼ ਦੇ ਕੁਝ ਹਿੱਸਿਆਂ ਨੂੰ ਚੀਨ ਆਪਣੇ ਖੇਤਰ ਦਾ ਹਿੱਸਾ ਦਰਸਾਉਂਦਾ ਹੈ। ਇਸ ਲਈ ਇਹੋ ਉਮੀਦ ਕਰ ਸਕਦੇ ਹਾਂ ਕਿ ਪਾਕਿਸਤਾਨ ਨੂੰ ਚੀਨ ਵੱਲੋਂ ਵਿੱਤੀ ਅਤੇ ਫ਼ੌਜੀ ਮਦਦ ਮਿਲਣੀ ਜਾਰੀ ਰਹੇਗੀ। ਇਸ ਤੋਂ ਇਲਾਵਾ ਪਾਕਿਸਤਾਨ ਨੇ ਸਾਊਦੀ ਅਰਬ ਨਾਲ ਇੱਕ ਸੁਰੱਖਿਆ ਸਮਝੌਤਾ ਸਹੀਬੰਦ ਕੀਤਾ ਹੈ, ਜੋ ਲੋੜ ਪੈਣ 'ਤੇ ਇਸ ਨੂੰ ਸਹਾਇਤਾ ਦਾ ਭਰੋਸਾ ਦਿੰਦਾ ਹੈ। ਇਸ ਦੇ ਨਾਲ ਹੀ ਤਿੰਨ ਮੁਲਕਾਂ ਦੇ ਨਵੇਂ ਤਜਵੀਜ਼ਤ ਗੱਠਜੋੜ ਵਿੱਚ ਪਾਕਿਸਤਾਨ ਅਤੇ ਸਾਊਦੀ ਅਰਬ ਨਾਲ ਮਿਨੀ-ਨਾਟੋ ਵਰਗੇ ਸੰਗਠਨ ਵਿੱਚ ਤੁਰਕੀ ਦੇ ਸ਼ਾਮਿਲ ਹੋਣ ਦੀ ਸੰਭਾਵਨਾ ਹੈ। ਚੇਤੇ ਰਹੇ ਕਿ ਮਈ 2025 ਵਿੱਚ ਭਾਰਤ-ਪਾਕਿਸਤਾਨ ਟਕਰਾਅ ਦੌਰਾਨ ਤੁਰਕੀ ਨੇ ਪਾਕਿਸਤਾਨ ਨਾਲ ਇਕਮੁੱਠਤਾ ਦਿਖਾਉਣ ਲਈ ਇੱਕ ਜੰਗੀ ਬੇੜਾ ਭੇਜਿਆ ਅਤੇ ਪਾਕਿਸਤਾਨ ਨੇ ਕਥਿਤ ਤੌਰ 'ਤੇ ਤੁਰਕੀ ਦੇ ਡਰੋਨਾਂ ਦੀ ਵੀ ਵਰਤੋਂ ਕੀਤੀ ਸੀ। ਗ਼ੌਰਤਲਬ ਹੈ ਕਿ ਭਾਰਤ-ਸਾਊਦੀ ਵਪਾਰ 40 ਬਿਲੀਅਨ ਡਾਲਰ ਤੋਂ ਵੱਧ ਦਾ ਹੈ ਜਦੋਂਕਿ ਪਾਕਿਸਤਾਨ-ਸਾਊਦੀ ਵਪਾਰ ਮਹਿਜ਼ 5 ਬਿਲੀਅਨ ਡਾਲਰ ਹੈ... ਪਰ ਵੀ ਉਨ੍ਹਾਂ ਦੋਵਾਂ ਦਾ ਇੱਕ-ਦੂਜੇ ਨਾਲ ਸੁਰੱਖਿਆ ਸਮਝੌਤਾ ਹੈ। ਪਾਕਿਸਤਾਨ ਲੰਮੇ ਸਮੇਂ ਤੋਂ ਸਾਊਦੀ ਅਰਬ ਦੀਆਂ ਸੁਰੱਖਿਆ ਲੋੜਾਂ ਲਈ ਫ਼ੌਜਾਂ ਭੇਜਦਾ ਰਿਹਾ ਹੈ ਅਤੇ ਇਸ ਗੱਲ 'ਤੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਸਾਡਾ ਗੁਆਂਢੀ ਪਾਕਿਸਤਾਨ ਪ੍ਰਮਾਣੂ ਹਥਿਆਰਾਂ ਨਾਲ ਲੈਸ ਇਕਲੌਤਾ ਇਸਲਾਮੀ ਮੁਲਕ ਹੈ। ਪਿਛਲੇ ਸਾਲ ਇਜ਼ਰਾਈਲ ਵੱਲੋਂ ਕਤਰ ਉੱਤੇ ਅਤੇ ਅਮਰੀਕਾ ਵੱਲੋਂ ਇਰਾਨ ਉੱਤੇ ਕੀਤੇ ਗਏ ਹਮਲਿਆਂ ਦੇ ਮੱਦੇਨਜ਼ਰ ਇਹ ਜਾਪਦਾ ਹੈ ਕਿ ਤੁਰਕੀ, ਪਾਕਿਸਤਾਨ ਅਤੇ ਸਾਊਦੀ ਅਰਬ ਦਰਮਿਆਨ ਸੁਰੱਖਿਆ ਸਮਝੌਤੇ ਪਿੱਛੇ ਭੂ-ਸਿਆਸੀ ਮਜਬੂਰੀਆਂ ਹਨ। 'ਅਲ ਜਜ਼ੀਰਾ' ਵੱਲੋਂ ਪ੍ਰਕਾਸ਼ਿਤ ਇੱਕ ਲੇਖ ਮੁਤਾਬਿਕ ਪਾਕਿਸਤਾਨ ਏਸ਼ਿਆਈ ਅਤੇ ਅਫਰੀਕੀ ਮੁਲਕਾਂ ਨੂੰ ਜੇ ਐੱਫ-17 ਲੜਾਕੂ ਜਹਾਜ਼ ਵੇਚ ਰਿਹਾ ਹੈ। ਇਹ ਲੜਾਕੂ ਹਵਾਈ ਜਹਾਜ਼ ਚੀਨ ਅਤੇ ਪਾਕਿਸਤਾਨ ਵੱਲੋਂ ਸਾਂਝੇ ਤੌਰ 'ਤੇ ਬਣਾਏ ਜਾਂਦੇ ਹਨ ਅਤੇ ਨਵੀਨਤਮ ਬਲਾਕ 3 ਕਿਸਮ ਨੂੰ 4.5-ਜੈਨਰੇਸ਼ਨ ਦੇ ਲੜਾਕੂ ਜਹਾਜ਼ਾਂ ਦੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਇਸ ਦੀ ਮੁਕਾਬਲਤਨ ਘੱਟ ਕੀਮਤ (2.5 ਤੋਂ 3 ਕਰੋੜ ਡਾਲਰ) ਕਾਰਨ ਇਸ ਨੂੰ ਬਹੁਤ ਸਾਰੀਆਂ ਹਵਾਈ ਸੈਨਾਵਾਂ ਇੱਕ ਆਕਰਸ਼ਕ ਵਿਕਲਪ ਮੰਨ ਰਹੀਆਂ ਹਨ। ਜੇਕਰ ਮਹਿਜ਼ ਵਪਾਰਕ ਸਬੰਧਾਂ 'ਤੇ ਹਾਵੀ ਹੋਣ ਦੀ ਬਿਰਤੀ ਵਾਲੀਆਂ ਭੂ-ਸਿਆਸੀ ਤਾਕਤਾਂ ਦੇ ਮੱਦੇਨਜ਼ਰ ਅਸੀਂ ਇੱਕ ਸ਼ਕਤੀਸ਼ਾਲੀ ਸਰਗਰਮ ਨੀਤੀ 'ਤੇ ਨਹੀਂ ਚੱਲਦੇ ਤਾਂ ਇਸ ਦੁਨੀਆ 'ਚ ਸਾਡੇ ਇਕੱਲੇ ਪੈ ਜਾਣ ਦੀ ਸੰਭਾਵਨਾ ਹੈ। ਅਮਰੀਕਾ ਹਾਲੇ ਵੀ ਗਾਲਬ ਮੁਲਕ ਹੈ ਅਤੇ ਇਸ ਗਾਲਬ ਮੁਲਕ ਨੇ ਹਾਲ ਹੀ ਵਿੱਚ ਇਸਲਾਮਾਬਾਦ ਵੱਲ ਫਿਰ ਨਜ਼ਰੇ ਇਨਾਇਤ ਕੀਤੀ ਹੈ। ਇਸ ਦੇ ਨਾਲ ਹੀ ਅਮਰੀਕਾ ਵੱਲੋਂ ਵੱਡੇ ਟੈਰਿਫ ਅਤੇ ਪਾਬੰਦੀਆਂ ਲਗਾਉਣ ਦਾ ਖ਼ਤਰਾ ਵੀ ਸਾਡੇ ਸਿਰ 'ਤੇ ਮੰਡਰਾ ਰਿਹਾ ਹੈ। ਇਸ ਦਾ ਸਿੱਟਾ ਨਾ ਸਿਰਫ਼ ਸਾਡੇ ਮੁਲਕ ਦੀ ਬਰਾਮਦ ਸਗੋਂ ਰੂਸ ਤੋਂ ਤੇਲ ਦੀ ਦਰਾਮਦ ਵਿੱਚ ਵੀ ਗਿਰਾਵਟ ਦੇ ਰੂਪ 'ਚ ਨਿਕਲਿਆ ਹੈ। ਯੂਕਰੇਨ ਨਾਲ ਜੰਗ 'ਚ ਉਲਝਿਆ ਹੋਣ ਕਾਰਨ ਰੂਸ ਸਾਡੇ ਲਈ ਜੰਗੀ ਸਾਜ਼ੋ-ਸਾਮਾਨ ਦਾ ਮੁੱਖ ਸਪਲਾਇਰ ਹੋਣ ਦੇ ਬਾਵਜੂਦ ਸਾਡੀ ਕੋਈ ਬਹੁਤੀ ਮਦਦ ਨਹੀਂ ਕਰ ਸਕਦਾ ਕਿਉਂਕਿ ਇਸ ਨੂੰ ਆਪ ਇਸ ਦੀ ਵੱਡੀ ਲੋੜ ਹੈ। ਅਮਰੀਕੀ ਪਾਬੰਦੀਆਂ ਦਾ ਖ਼ਤਰਾ ਸਾਨੂੰ ਇਰਾਨ ਨਾਲ ਸਮਝੌਤੇ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਰਿਹਾ ਹੈ, ਜਿਸ ਨੇ ਸਾਨੂੰ ਚਾਬਹਾਰ ਬੰਦਰਗਾਹ ਨੂੰ ਵਿਕਸਤ ਕਰਨ ਅਤੇ ਵਰਤਣ ਦੀ ਇਜਾਜ਼ਤ ਦਿੱਤੀ ਸੀ। ਇਉਂ ਇਰਾਨ ਨਾਲ ਬਾਕੀ ਵਪਾਰ ਵੀ ਰੁਕ ਜਾਵੇਗਾ, ਜੋ ਪਾਬੰਦੀਆਂ ਕਾਰਨ ਪਹਿਲਾਂ ਹੀ ਘਟ ਗਿਆ ਸੀ। ਇਰਾਨ ਰਵਾਇਤੀ ਤੌਰ 'ਤੇ ਸਾਡੇ ਪ੍ਰਮੁੱਖ ਵਪਾਰਕ ਭਾਈਵਾਲਾਂ ਵਿੱਚ ਸ਼ੁਮਾਰ ਰਿਹਾ ਹੈ। ਚਾਬਹਾਰ ਬੰਦਰਗਾਹ ਰਾਹੀਂ ਸਾਨੂੰ ਇਰਾਨ ਅਤੇ ਮੱਧ ਏਸ਼ੀਆ ਤੱਕ ਪਹੁੰਚ ਮਿਲ ਸਕਦੀ ਸੀ। ਹਾਲੀਆ ਰਿਪੋਰਟਾਂ ਮੁਤਾਬਿਕ ਇਸ ਬੰਦਰਗਾਹ ਦੇ ਭਵਿੱਖ ਬਾਰੇ ਅਮਰੀਕਾ ਨਾਲ ਚਰਚਾ ਕੀਤੀ ਜਾ ਰਹੀ ਹੈ। ਭਾਰਤ ਤੇ ਪਾਕਿਸਤਾਨ ਦਰਮਿਆਨ ਕਸ਼ਮੀਰ ਦਾ ਮੁੱਦਾ ਸਦਾ ਵਿਵਾਦ ਦਾ ਕਾਰਨ ਰਿਹਾ ਹੈ ਅਤੇ ਚੀਨ ਦੇ ਥਾਪੜੇ ਕਾਰਨ ਪਾਕਿਸਤਾਨ ਤਾਂ ਹਮੇਸ਼ਾ ਮੌਜੂਦਾ ਸਥਿਤੀ ਨੂੰ ਬਦਲਣ ਲਈ ਮੌਕੇ ਦੀ ਭਾਲ 'ਚ ਰਹਿੰਦਾ ਹੈ। ਅਸੀਂ ਇਸ ਦੇ ਦਾਅਵਿਆਂ ਅਤੇ ਬਿਆਨਬਾਜ਼ੀ ਨੂੰ ਸਿਰਫ਼ ਕਾਲਪਨਿਕ ਸਮਝ ਕੇ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਭਾਰਤ ਦੀਆਂ ਸਰਹੱਦਾਂ ਨੇੜੇ ਹਵਾਈ ਅੱਡੇ ਹੋਣ ਜਾਂ ਸੜਕਾਂ, ਚੀਨ ਸਿਵਲੀਅਨ ਫ਼ੌਜੀ ਬੁਨਿਆਦੀ ਢਾਂਚਾ ਮਜ਼ਬੂਤ ਕਰ ਰਿਹਾ ਹੈ। ਭਾਵੇਂ ਅਸੀਂ ਵੀ ਅਜਿਹਾ ਕਰ ਰਹੇ ਹਾਂ, ਪਰ ਇਸ ਦਾ ਪੈਮਾਨਾ ਵੱਖੋ-ਵੱਖਰਾ ਹੈ। ਬੰਗਲਾਦੇਸ਼ ਵਿੱਚ ਬਦਲੇ ਹੋਏ ਸਿਆਸੀ ਹਾਲਾਤ ਨੇ ਮਾਮਲੇ ਨੂੰ ਹੋਰ ਪੇਚੀਦਾ ਬਣਾ ਦਿੱਤਾ ਹੈ ਕਿਉਂਕਿ ਉਨ੍ਹਾਂ ਦੇ ਸੀਨੀਅਰ ਆਗੂ ਉੱਤਰ-ਪੂਰਬ ਨੂੰ ਦੇਸ਼ ਦੇ ਬਾਕੀ ਹਿੱਸੇ ਤੋਂ ਵੱਖ ਕਰਨ ਦੀ ਗੱਲ ਸ਼ਰ੍ਹੇਆਮ ਆਖ ਰਹੇ ਹਨ। ਦਰਅਸਲ, ਮਨੀਪੁਰ ਧੁਖ਼ ਰਿਹਾ ਹੈ ਅਤੇ ਨਾਗਾਲੈਂਡ ਦਾ ਮੁੱਦਾ ਵੀ ਅਣਸੁਲਝਿਆ ਪਿਆ ਹੈ। ਇਹ ਤੱਥ ਸਾਡੇ ਉੱਤਰ-ਪੂਰਬੀ ਖਿੱਤੇ ਨੂੰ ਥੋੜ੍ਹਾ ਕਮਜ਼ੋਰ ਬਣਾਉਂਦਿਆਂ ਗੁਆਂਢੀ ਮੁਲਕ ਦੀ ਕਿਸੇ ਸ਼ਰਾਰਤ ਲਈ ਰਾਹ ਮੋਕਲਾ ਕਰਦਾ ਹੈ। ਲੱਦਾਖ ਵਿੱਚ ਅਸ਼ਾਂਤੀ ਹੈ ਅਤੇ ਮਨੀਪੁਰ ਵਾਂਗ ਇਸ ਦੇ ਵੀ ਫੌਰੀ ਹੱਲ ਦੀ ਲੋੜ ਹੈ। ਜੇਕਰ ਰੂਸ ਆਪਣੇ ਭਾਈਵਾਲਾਂ ਦੀ ਮਦਦ ਕਰਨ ਤੋਂ ਅਸਮਰੱਥ ਹੈ ਅਤੇ ਅਮਰੀਕਾ ਵੀ ਵਚਨਬੱਧ ਨਹੀਂ ਤਾਂ ਅਸੀਂ ਮਦਦ ਲਈ ਕਿਸ ਵੱਲ ਦੇਖਾਂਗੇ? ਇਸ ਵੇਲੇ ਸਾਡੇ ਖ਼ਿਲਾਫ਼ ਕੋਈ ਹੋਰ ਗੱਠਜੋੜ ਬਣਨ ਤੋਂ ਪਹਿਲਾਂ ਹੀ ਰੋਕਣ ਲਈ ਘਾਗ ਕੂਟਨੀਤੀ ਦੀ ਲੋੜ ਹੈ। ਅਸੀਂ ਚੀਨ, ਸਾਊਦੀ ਅਰਬ, ਯੂ ਏ ਈ, ਅਮਰੀਕਾ ਅਤੇ ਹੋਰ ਮੁਲਕਾਂ ਨਾਲ ਵੱਡੇ ਪੱਧਰ 'ਤੇ ਵਪਾਰ ਕਰਦੇ ਹਾਂ। ਸਾਨੂੰ ਆਪਣੇ ਰਣਨੀਤਕ ਟੀਚਿਆਂ ਲਈ ਇਸ ਦਾ ਲਾਹਾ ਲੈਣਾ ਚਾਹੀਦਾ ਹੈ ਕਿਉਂਕਿ ਸਾਰੀਆਂ ਵੱਡੀਆਂ ਤਾਕਤਾਂ ਨੇ ਵਪਾਰ ਨੂੰ ਇੱਕ ਰਣਨੀਤਕ ਔਜ਼ਾਰ ਵਜੋਂ ਵਰਤਿਆ ਹੈ। ਇੱਕ ਮਜ਼ਬੂਤ, ਇਕਮੁੱਠ ਰਾਸ਼ਟਰ ਦੀ ਬੁਨਿਆਦ 'ਤੇ ਇੱਕ ਮਜ਼ਬੂਤ ? ?ਵਿਦੇਸ਼ ਨੀਤੀ ਬਣਾਉਣੀ ਤੇ ਅਮਲ 'ਚ ਲਿਆਉਣੀ ਚਾਹੀਦੀ ਹੈ। ਕੌਮੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਨੂੰ ਇਕਜੁੱਟ ਰੱਖੇ ਅਤੇ ਇਹ ਯਕੀਨੀ ਬਣਾਏ ਕਿ ਇਹ ਏਕਤਾ ਸਾਡੀਆਂ ਆਪਣੀਆਂ ਗ਼ਲਤੀਆਂ ਅਤੇ ਸੌੜੇ ਹਿੱਤਾਂ ਕਾਰਨ ਭੰਗ ਨਾ ਹੋਵੇ। ਕੇਂਦਰ ਸਰਕਾਰ ਅਤੇ ਸੂਬਾਈ ਸਰਕਾਰਾਂ ਦਰਮਿਆਨ ਚੰਗੇ ਕਾਰਜਸ਼ੀਲ ਸਬੰਧ ਹੋਣੇ ਚਾਹੀਦੇ ਹਨ।

# 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਦੇਣ ਵਾਲੀ ਯੋਜਨਾ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ: ਡਾ. ਜਸਬੀਰ ਸਿੰਘ ਸੰਧ



**ਅੰਮ੍ਰਿਤਸਰ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਪੱਛਮੀ ਹਲਕੇ ਤੋਂ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਸਰਕਾਰੀ ਹਸਪਤਾਲ ਨਰੈਣਗੜ੍ਹ ਵਿਖੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਲੰਟੀਅਰਾਂ ਨਾਲ ਮਿਲ ਕੇ ਮੁੱਖ ਮੰਤਰੀ ਸਿਹਤ ਬੀਮਾ ਕਾਰਡ ਦੀ ਲਾਂਚਿੰਗ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਹਸਪਤਾਲ ਵਿੱਚ ਡਿਜੀਟਲ ਸਕਰੀਨਾਂ ਲਗਾ ਕੇ ਯੋਜਨਾ ਸੰਬੰਧੀ ਜਾਣਕਾਰੀ ਲੋਕਾਂ ਤੱਕ ਪਹੁੰਚਾਈ ਗਈ ਅਤੇ ਇਲਾਕਾ ਨਿਵਾਸੀਆਂ ਦੀ ਵੱਡੀ ਹਾਜ਼ਰੀ ਰਹੀ। ਸਮਾਗਮ ਦੌਰਾਨ ਸਾਰਿਆਂ ਨੇ ਇੱਕ-ਦੂਜੇ ਨੂੰ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ। ਇਸ ਦੌਰਾਨ ਸੰਬੋਧਨ ਕਰਦਿਆਂ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 22 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕਰਕੇ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਯੋਜਨਾ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਅਧੀਨ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਅਤੇ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ।

ਡਾ. ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਮੋਹਾਲੀ ਤੋਂ ਇਸ ਯੋਜਨਾ ਦਾ ਸਰਕਾਰੀ ਤੌਰ 'ਤੇ ਆਗਾਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਵਿੱਚ ਕਿਸੇ ਵੀ ਤਰ੍ਹਾਂ ਦੀ ਆਮਦਨ ਸੀਮਾ ਨਹੀਂ ਰੱਖੀ ਗਈ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਇਸ ਦਾ ਪੂਰਾ ਲਾਭ ਮਿਲੇਗਾਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਇਹ ਯੋਜਨਾ ਪੰਜਾਬ ਦੇ ਹਰ ਨਾਗਰਿਕ ਦਾ ਹੱਕ ਹੈ ਅਤੇ ਕੋਈ ਵੀ ਪਰਿਵਾਰ ਇਸ ਤੋਂ ਵੰਚਿਤ ਨਹੀਂ ਰਹੇਗਾ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਅਧੀਨ ਸਰਕਾਰੀ ਦੇ ਨਾਲ-ਨਾਲ ਪ੍ਰਾਈਵੇਟ ਐਮਪੈਨਲ ਹਸਪਤਾਲਾਂ ਵਿੱਚ ਵੀ ਇਲਾਜ ਦੀ ਸੁਵਿਧਾ ਉਪਲਬਧ ਹੋਵੇਗੀ, ਜਿਸ ਨਾਲ ਆਮ ਲੋਕਾਂ ਨੂੰ ਮਹਿੰਗੇ ਇਲਾਜ ਤੋਂ ਵੱਡੀ ਰਾਹਤ ਮਿਲੇਗੀ।ਡਾ. ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਦੇ ਸਿਹਤ ਖੇਤਰ ਵਿੱਚ ਇਕ ਨਵਾਂ ਮੀਲ ਪੱਥਰ ਸਾਬਤ ਹੋਵੇਗੀ। ਇਸ ਨਾਲ ਨਾ ਸਿਰਫ਼ ਹਰ ਪਰਿਵਾਰ ਨੂੰ ਮੁਫ਼ਤ ਅਤੇ ਗੁਣਵੱਤਾ ਭਰਪੂਰ ਇਲਾਜ ਦੀ ਗਰੰਟੀ ਮਿਲੇਗੀ, ਸਗੋਂ ਲੋਕਾਂ ਦਾ ਸਰਕਾਰੀ ਸਿਹਤ ਪ੍ਰਣਾਲੀ 'ਤੇ ਭਰੋਸਾ ਵੀ ਹੋਰ ਮਜ਼ਬੂਤ ਹੋਵੇਗਾ।

# ਨਸ਼ਿਆਂ ਖਿਲਾ.ਫ ਜਾਗਰੂਕਤਾ ਪੋਸਟਰ ਲਗਾਏ



**ਬਟਾਲਾ,27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿੱਤਿਆ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਜਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀਆਂ ਕੱਢੀਆਂ ਜਾ ਰਹੀਆਂ ਹਨ। ਇਸ ਮੌਕੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪੋਸਟਰ ਵੀ ਲਗਾਏ ਗਏ।

ਕਾਰਪੋਰੇਸ਼ਨ ਬਟਾਲਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਟਾਲੇ ਦੀ ਵਾਰਡ ਨੰਬਰ 20, 21, 22, 24, 25 ਅਤੇ 26 ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ ਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਨਸ਼ਿਆਂ ਵਿਰੁੱਧ ਵੱਢੇ ਯੁੱਧ ਦੇ ਦੂਜੇ ਪੜਾਅ ਤਹਿਤ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀਆਂ ਜਾ ਰਹੀਆਂ ਹਨ , ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ।

ਉਨ੍ਹਾਂ ਦੱਸਿਆ ਕਿ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਨੰਬਰ ਤੇ ਮਿਸ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ। ਪੰਜਾਬ ਸਰਕਾਰ ਵਲੋਂ ਨਸ਼ਾ ਮੁਕਤ ਹੋ ਰਹੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ।

ਇਸ ਮੌਕੇ ਹਲਕਾ ਕੁਆਰਡੀਨੇਟਰ ਮਨਜੀਤ ਸਿੰਘ ਬੁਮਰਾਹ, ਪ੍ਰਧਾਨ ਵੀਨੂੰ ਕਾਹਲੋਂ, ਪਰਦੀਪ ਕੁਮਾਰ, ਗੁਰਪ੍ਰੀਤ ਸਿੰਘ ਆਦਿ ਮੌਜੂਦ ਸਨ।

# ਵਿਧਾਇਕ ਸ਼ੈਰੀ ਕਲਸੀ ਨੇ ਲਿੰਕ ਸੜਕ ਦਾ ਸਪੈਸ਼ਲ ਰਿਪੇਅਰ ਦਾ ਕੰਮ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਕਰਵਾਇਆ ਸ਼ੁਰੂ

**ਬਟਾਲਾ,27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਚਹੁਪੱਖੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸਦੇ ਚੱਲਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਪਿੰਡ ਕੱਲੂ ਸੋਹਲ ਤੋਂ ਬੁੱਟਰ ਕਲਾਂ ਤੱਕ ਦੀ ਲਿੰਕ ਸੜਕ ਦਾ ਸਪੈਸ਼ਲ ਰਿਪੇਅਰ ਦਾ ਕੰਮ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਸ਼ੁਰੂ ਕਰਵਾਇਆ ਗਿਆ।



ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਬਟਾਲਾ ਵਿਧਾਨ ਸਭਾ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਹਲਕਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਉਹ ਇਸ ਕੰਮ ਲਈ ਦਿਨ ਰਾਤ ਲੱਗੇ ਹੋਏ ਹਨ।

ਉਨਾਂ ਨੇ ਕਿਹਾ ਕਿ ਵਿਧਾਨ ਸਭਾ ਹਲਕੇ ਅੰਦਰ ਸਾਫ ਸੁਥਰੀਆਂ ਲਿੰਕ ਸੜਕਾਂ ਦਾ ਜਾਲ ਵਿਛਾਉਣ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ, ਜੋ ਆਉਂਦੇ ਦਿਨਾਂ ਅੰਦਰ ਮੁਕੰਮਲ ਹੋ ਕੇ ਹਲਕੇ ਦੇ ਲੋਕਾਂ ਨੂੰ ਆਵਾਜਾਈ ਲਈ ਬਿਹਤਰ ਸਹੂਲਤਾਂ ਪ੍ਰਦਾਨ ਹੋਣਗੀਆਂ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ ਅਤੇ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਪਿੰਡਾਂ ਵਿੱਚ ਪਾਰਦਰਸ਼ੀ ਢੰਗ ਨਾਲ ਕੰਮ ਕਰਵਾਏ ਜਾ ਰਹੇ ਹਨ।

ਪਿੰਡਾਂ ਵਿੱਚ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਮੰਤਵ ਨਾਲ ਖੇਡ ਮੈਦਾਨ ਬਣਾਏ ਗਏ ਹਨ।

ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ਼ ਪਾਏ ਗਏ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਨਿਪਟਾਰਾ ਕੀਤਾ ਜਾ ਰਿਹਾ ਹੈ।

# ਗਣਤੰਤਰ ਦਿਵਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਲਹਿਰਾਉਣਗੇ ਕੌਮੀ ਝੰਡਾ

**ਤਰਨਤਾਰਨ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

26 ਜਨਵਰੀ ਨੂੰ ਪੁਲਿਸ ਸਟੇਡੀਅਮ, ਤਰਨ ਤਾਰਨ ਵਿਖੇ 77ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸਹਾਇਕ ਕਮਿਸ਼ਨਰ (ਜਨਰਲ) ਡਾ. ਕਰਨਵੀਰ ਸਿੰਘ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਸੰਜੀਵ ਕੁਮਾਰ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਦਾ ਰੀਵਿਊ ਕਰਨ ਸਬੰਧੀ ਮੀਟਿੰਗ ਕੀਤੀ ਗਈ।



ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਕਮਿਸ਼ਨਰ (ਜਨਰਲ) ਡਾ. ਕਰਨਵੀਰ ਸਿੰਘ ਨੇ ਕਿਹਾ ਕਿ 26 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮੌਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ. ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਿਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨ.ਸੀ.ਸੀ. ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ।

ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

ਸਮਾਗਮ ਦੌਰਾਨ ਵੀਰ ਨਾਰੀਆਂ, ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ ▾ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ ▾ਤੇ ਸਨਮਾਨਿਤ ਕੀਤਾ ਜਾਵੇਗਾ।

ਸਹਾਇਕ ਕਮਿਸ਼ਨਰ ਨੇ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਸ਼ਹਿਰ ਦੇ ਚੌਂਕਾਂ ਅਤੇ ਗੇਟਾਂ ਨੂੰ ਗਣਤੰਤਰ ਦਿਵਸ ਮੌਕੇ ਵਿਸ਼ੇਸ਼ ਤੌਰ ▾ਤੇ ਸਜਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਮਾਗਮ ਵਾਲੀ ਥਾਂ ▾ਤੇ ਕੱਲ ਤੱਕ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਜਾਣ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੀ ਅਗਲੀ ਰਿਹਰਸਲ 27 ਜਨਵਰੀ ਨੂੰ ਅਤੇ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣਗੇ। ਇਸ ਦੇ ਨਾਲ ਹੀ ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਵੀ ਸੱਦਾ ਦਿੱਤਾ ਹੈ ਕਿ ਉਹ 26 ਜਨਵਰੀ ਨੂੰ ਸਵੇਰੇ 9:00 ਵਜੇ ਪੁਲਿਸ ਸਟੇਡੀਅਮ ਵਿਖੇ ਪਹੁੰਚ ਕੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀਆਂ ਰੌਣਕਾਂ ਨੂੰ ਵਧਾਉਣ।

ਇਸ ਮੌਕੇ ਐੱਸ.ਡੀ.ਐੱਮ. ਤਰਨ ਤਾਰਨ ਸ੍ਰੀ ਗੁਰਮੀਤ ਸਿੰਘ, ਡੀ.ਡੀ.ਪੀ.ਓ. ਸ. ਪਿਆਰ ਸਿੰਘ ਖ਼ਾਲਸਾ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮੇਅਰ ਮਹਿਤਾ ਨੇ ਗ੍ਰੀਨ ਸਿਟੀ ਰੈਜ਼ੀਡੈਂਟਸ ਵੈਲਫੇਅਰ ਸੋਸਾਇਟੀ ਦੀਆਂ ਸਮੱਸਿਆਵਾਂ ਸੁਣੀਆਂ, ਕਈਆਂ ਦਾ ਮੌਕੇ 'ਤੇ ਹੀ ਹੱਲ



**ਬਠਿੰਡਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰੀਨ ਸਿਟੀ ਰੈਜ਼ੀਡੈਂਟਸ ਵੈਲਫੇਅਰ ਸੋਸਾਇਟੀ ਨੇ ਇੱਕ ਮਹੱਤਵਪੂਰਨ ਮੀਟਿੰਗ ਕੀਤੀ, ਜਿਸ ਵਿੱਚ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਦੌਰਾਨ ਕੌਂਸਲਰ ਸ੍ਰੀ ਉਮੇਸ਼ ਗੋਗੀ ਵੀ ਮੌਜੂਦ ਸਨ।

ਮੀਟਿੰਗ ਦੌਰਾਨ, ਗ੍ਰੀਨ ਸਿਟੀ ਰੈਜ਼ੀਡੈਂਟਸ ਵੈਲਫੇਅਰ ਸੋਸਾਇਟੀ ਦੇ ਅਹੁਦੇਦਾਰਾਂ ਅਤੇ ਵਸਨੀਕਾਂ ਨੇ ਇੱਕਜੁੱਟ ਹੋ ਕੇ ਇਲਾਕੇ ਦੇ ਵੱਖ-ਵੱਖ ਮੁੱਦਿਆਂ ਨੂੰ ਮੇਅਰ ਦੇ ਸਾਹਮਣੇ ਪੇਸ਼ ਕੀਤਾ। ਇਸ ਦੌਰਾਨ ਡਾ. ਸੰਜੀਵ ਪਾਠਕ (ਪ੍ਰਧਾਨ), ਡਾ. ਨਰਿੰਦਰ ਬੱਸੀ (ਸਰਪ੍ਰਸਤ), ਸ੍ਰੀ ਅੰਮ੍ਰਿਤ ਲਾਲ ਪਾਠਕ (ਸਰਪ੍ਰਸਤ), ਸ੍ਰੀ ਪਵਨ ਅਰੋੜਾ (ਜਨਰਲ ਸਕੱਤਰ), ਸ੍ਰੀ ਪ੍ਰਸ਼ਾਂਤ ਗੋਇਲ (ਖਜ਼ਾਨਚੀ), ਡਾ. ਰਾਕੇਸ਼ ਗੋਇਲ (ਸੀਨੀਅਰ ਵਾਈਸ ਪ੍ਰੈਜ਼ੀਡੈਂਟ) ਸਮੇਤ ਵੱਡੀ ਗਿਣਤੀ ਵਿੱਚ ਗ੍ਰੀਨ ਸਿਟੀ ਨਿਵਾਸੀ ਮੌਜੂਦ ਸਨ।

ਨਿਵਾਸੀਆਂ ਨੇ ਮੇਅਰ ਨੂੰ ਸੀਵਰੇਜ, ਸੈਨੀਟੇਸ਼ਨ, ਸਟਰੀਟ ਲਾਈਟਾਂ, ਪੀਣ ਵਾਲੇ ਪਾਣੀ ਅਤੇ ਹੋਰ ਜਨਤਕ ਸਹੂਲਤਾਂ ਨਾਲ ਸਬੰਧਤ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ। ਚਿੰਤਾਵਾਂ ਨੂੰ ਗੰਭੀਰਤਾ ਨਾਲ ਸੁਣਦੇ ਹੋਏ, ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਮੌਕੇ 'ਤੇ ਹੀ ਕਈ ਮੁੱਦਿਆਂ ਦਾ ਹੱਲ ਕੀਤਾ ਅਤੇ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ।

ਮੇਅਰ ਨੇ ਭਰੋਸਾ ਦਿੱਤਾ ਕਿ ਬਾਕੀ ਰਹਿੰਦੀਆਂ ਸਮੱਸਿਆਵਾਂ ਦਾ ਵੀ ਜਲਦੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਨਤਕ ਮਸਲਿਆਂ ਦਾ ਤੁਰੰਤ ਹੱਲ ਨਗਰ ਨਿਗਮ ਦੀ ਤਰਜੀਹ ਹੈ ਅਤੇ ਉਹ ਬਠਿੰਡਾ ਨੂੰ ਇੱਕ ਸਾਫ਼, ਸੁੰਦਰ ਅਤੇ ਸੁਸੱਜਿਤ ਸ਼ਹਿਰ ਬਣਾਉਣ ਲਈ ਲਗਾਤਾਰ ਯਤਨਸ਼ੀਲ ਹਨ।

ਮੀਟਿੰਗ ਦੇ ਅੰਤ ਵਿੱਚ, ਗ੍ਰੀਨ ਸਿਟੀ ਨਿਵਾਸੀਆਂ ਨੇ ਮੇਅਰ ਦਾ ਧੰਨਵਾਦ ਕੀਤਾ ਅਤੇ ਉਮੀਦ ਪ੍ਰਗਟਾਈ ਕਿ ਉਨ੍ਹਾਂ ਦੀ ਅਗਵਾਈ ਹੇਠ,ਰੈਜ਼ੀਡੈਂਟਸ ਵੈਲਫੇਅਰ ਸੋਸਾਇਟੀ ਦੇ ਅਹੁਦੇਦਾਰਾਂ ਅਤੇ ਵਸਨੀਕਾਂ ਨੇ ਇੱਕਜੁੱਟ ਹੋ ਕੇ ਇਲਾਕੇ ਦੇ ਵੱਖ-ਵੱਖ ਮੁੱਦਿਆਂ ਨੂੰ ਮੇਅਰ ਦੇ ਸਾਹਮਣੇ ਪੇਸ਼ ਕੀਤਾ।

ਇਸ ਦੌਰਾਨ ਡਾ. ਸੰਜੀਵ ਪਾਠਕ (ਪ੍ਰਧਾਨ), ਡਾ. ਨਰਿੰਦਰ ਬੱਸੀ (ਸਰਪ੍ਰਸਤ), ਸ੍ਰੀ ਅੰਮ੍ਰਿਤ ਲਾਲ ਪਾਠਕ (ਸਰਪ੍ਰਸਤ), ਸ੍ਰੀ ਪਵਨ ਅਰੋੜਾ (ਜਨਰਲ ਸਕੱਤਰ), ਸ੍ਰੀ ਪ੍ਰਸ਼ਾਂਤ ਗੋਇਲ (ਖਜ਼ਾਨਚੀ), ਡਾ. ਰਾਕੇਸ਼ ਗੋਇਲ (ਸੀਨੀਅਰ ਵਾਈਸ ਪ੍ਰੈਜ਼ੀਡੈਂਟ) ਸਮੇਤ ਵੱਡੀ ਗਿਣਤੀ ਵਿੱਚ ਗ੍ਰੀਨ ਸਿਟੀ ਨਿਵਾਸੀ ਮੌਜੂਦ ਸਨ।

ਨਿਵਾਸੀਆਂ ਨੇ ਮੇਅਰ ਨੂੰ ਸੀਵਰੇਜ, ਸੈਨੀਟੇਸ਼ਨ, ਸਟਰੀਟ ਲਾਈਟਾਂ, ਪੀਣ ਵਾਲੇ ਪਾਣੀ ਅਤੇ ਹੋਰ ਜਨਤਕ ਸਹੂਲਤਾਂ ਨਾਲ ਸਬੰਧਤ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ। ਖੇਤਰ ਦੇ ਸਰਵਪੱਖੀ ਵਿਕਾਸ ਵਿੱਚ ਤੇਜ਼ੀ ਆਵੇਗੀ।

# ਪ੍ਰਧਾਨ ਮੰਤਰੀ ਤਿਰੂਵਨੰਤਪੁਰਮ ਵਿੱਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਗੇ

**ਜਲੰਧਰ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ 27 ਜਨਵਰੀ, 2026 ਨੂੰ ਕੇਰਲ ਦਾ ਦੌਰਾ ਕਰਨਗੇ। ਸਵੇਰੇ ਲਗਭਗ 10:45 ਵਜੇ ਪ੍ਰਧਾਨ ਮੰਤਰੀ ਤਿਰੂਵਨੰਤਪੁਰਮ ਵਿੱਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਗੇ, ਉਦਘਾਟਨ ਕਰਨਗੇ ਅਤੇ ਹਰੀ ਝੰਡੀ ਦਿਖਾਉਣਗੇ। ਉਹ ਇਸ ਮੌਕੇ ਇਕੱਠ ਨੂੰ ਵੀ ਸੰਬੋਧਨ ਕਰਨਗੇ।



ਇਹ ਪ੍ਰੋਜੈਕਟ ਰੇਲ ਸੰਪਰਕ, ਸ਼ਹਿਰੀ ਰੋਜ਼ੀ-ਰੋਟੀ, ਵਿਗਿਆਨ ਅਤੇ ਨਵੀਨਤਾ, ਨਾਗਰਿਕ-ਕੇਂਦ੍ਰਿਤ ਸੇਵਾਵਾਂ ਅਤੇ ਉੱਨਤ ਸਿਹਤ ਸੰਭਾਲ ਸਮੇਤ ਮੁੱਖ ਖੇਤਰਾਂ ਨਾਲ ਸਬੰਧਤ ਹਨ, ਜੋ ਕਿ ਪ੍ਰਧਾਨ ਮੰਤਰੀ ਦੇ ਸੰਮਲਿਤ ਵਿਕਾਸ, ਤਕਨੀਕੀ ਤਰੱਕੀ ਅਤੇ ਨਾਗਰਿਕਾਂ ਲਈ ਜੀਵਨ ਦੀ ਬਿਹਤਰ ਗੁਣਵੱਤਾ 'ਤੇ ਨਿਰੰਤਰ ਧਿਆਨ ਨੂੰ ਦਰਸਾਉਂਦੇ ਹਨ।ਰੇਲ ਸੰਪਰਕ ਨੂੰ ਇੱਕ ਵੱਡਾ ਹੁਲਾਰਾ ਦੇਣ ਲਈ ਪ੍ਰਧਾਨ ਮੰਤਰੀ ਚਾਰ ਨਵੀਆਂ ਰੇਲ ਸੇਵਾਵਾਂ ਨੂੰ ਹਰੀ ਝੰਡੀ ਦਿਖਾਉਣਗੇ, ਜਿਨ੍ਹਾਂ ਵਿੱਚ ਤਿੰਨ ਅੰਮ੍ਰਿਤ ਭਾਰਤ ਐਕਸਪ੍ਰੈੱਸ ਰੇਲਾਂ ਅਤੇ ਇੱਕ ਯਾਤਰੀ ਰੇਲ ਸ਼ਾਮਲ ਹੈ। ਇਨ੍ਹਾਂ ਵਿੱਚ ਨਾਗਰਕੋਇਲ-ਮੰਗਲੁਰੂ ਅੰਮ੍ਰਿਤ ਭਾਰਤ ਐਕਸਪ੍ਰੈੱਸ, ਤਿਰੂਵਨੰਤਪੁਰਮ-ਤੰਬਾਰਮ ਅੰਮ੍ਰਿਤ ਭਾਰਤ ਐਕਸਪ੍ਰੈੱਸ, ਤਿਰੂਵਨੰਤਪੁਰਮ-ਚਾਰਲਾਪੱਲੀ ਅੰਮ੍ਰਿਤ ਭਾਰਤ ਐਕਸਪ੍ਰੈੱਸ ਅਤੇ ਤ੍ਰਿਸੂਰ ਅਤੇ ਗੁਰੂਵਾਯੂਰ ਦਰਮਿਆਨ ਇੱਕ ਨਵੀਂ ਯਾਤਰੀ ਰੇਲ ਸ਼ਾਮਲ ਹੈ। ਇਨ੍ਹਾਂ ਸੇਵਾਵਾਂ ਦੀ ਸ਼ੁਰੂਆਤ ਕੇਰਲ, ਤਾਮਿਲਨਾਡੂ, ਕਰਨਾਟਕ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿਚਾਲੇ ਲੰਬੀ ਦੂਰੀ ਅਤੇ ਖੇਤਰੀ ਸੰਪਰਕ ਨੂੰ ਮਹੱਤਵਪੂਰਨ ਤੌਰ 'ਤੇ ਵਧਾਏਗੀ, ਜਿਸ ਨਾਲ ਯਾਤਰੀਆਂ ਲਈ ਯਾਤਰਾ ਵਧੇਰੇ ਕਿਫਾਇਤੀ, ਸੁਰੱਖਿਅਤ ਅਤੇ ਸਮਾਂਬੱਧ ਹੋਵੇਗੀ। ਬਿਹਤਰ ਸੰਪਰਕ ਖੇਤਰ ਭਰ ਵਿੱਚ ਸੈਰ-ਸਪਾਟਾ, ਵਪਾਰ, ਸਿੱਖਿਆ, ਰੁਜ਼ਗਾਰ ਅਤੇ ਸਭਿਆਚਾਰਕ ਆਦਾਨ-ਪ੍ਰਦਾਨ ਨੂੰ ਮਜ਼ਬੂਤ ਹੁਲਾਰਾ ਦੇਵੇਗਾ।

ਸ਼ਹਿਰੀ ਰੋਜ਼ੀ-ਰੋਟੀ ਨੂੰ ਮਜ਼ਬੂਤ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਪ੍ਰਧਾਨ ਮੰਤਰੀ ਰੇੜ੍ਹੀ-ਫੜ੍ਹੀ ਵਿਕਰੇਤਾਵਾਂ ਲਈ ਵਿੱਤੀ ਸਮਾਵੇਸ਼ ਦੇ ਅਗਲੇ ਪੜਾਅ ਨੂੰ ਦਰਸਾਉਂਦੇ ਹੋਏ ਪ੍ਰਧਾਨ ਮੰਤਰੀ ਸਵਾਨਿਧੀ ਕ੍ਰੈਡਿਟ ਕਾਰਡ ਲਾਂਚ ਕਰਨਗੇ। ਯੂਪੀਆਈ ਸਬੰਧਤ, ਵਿਆਜ-ਮੁਕਤ ਰਿਵਾਲਵਿੰਗ ਕ੍ਰੈਡਿਟ ਸਹੂਲਤ ਤੁਰੰਤ ਤਰਲਤਾ ਪ੍ਰਦਾਨ ਕਰੇਗੀ, ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਿਤ ਕਰੇਗੀ ਅਤੇ ਲਾਭਪਾਤਰੀਆਂ ਨੂੰ ਇੱਕ ਰਸਮੀ ਕ੍ਰੈਡਿਟ ਪਿਛੋਕੜ ਬਣਾਉਣ ਵਿੱਚ ਮਦਦ ਕਰੇਗੀ। ਪ੍ਰਧਾਨ ਮੰਤਰੀ ਕੇਰਲ ਦੇ ਰੇੜ੍ਹੀ-ਫੜ੍ਹੀ ਵਿਕਰੇਤਾਵਾਂ ਸਮੇਤ ਇੱਕ ਲੱਖ ਲਾਭਪਾਤਰੀਆਂ ਨੂੰ ਪੀਐੱਮ ਸਵਾਨਿਧੀ ਕਰਜ਼ੇ ਵੀ ਵੰਡਣਗੇ। 2020 ਵਿੱਚ ਆਪਣੀ ਸ਼ੁਰੂਆਤ ਤੋਂ ਲੈ ਕੇ, ਪੀਐੱਮ ਸਵਾਨਿਧੀ ਯੋਜਨਾ ਨੇ ਵੱਡੀ ਗਿਣਤੀ ਲਾਭਪਾਤਰੀਆਂ ਲਈ ਰਸਮੀ ਕਰਜ਼ੇ ਤੱਕ ਪਹਿਲੀ ਵਾਰ ਪਹੁੰਚ ਨੂੰ ਸਮਰੱਥ ਬਣਾਇਆ ਹੈ ਅਤੇ ਸ਼ਹਿਰੀ ਗੈਰ-ਰਸਮੀ ਕਾਮਿਆਂ ਵਿੱਚ ਗਰੀਬੀ ਹਟਾਉਣ ਅਤੇ ਰੋਜ਼ੀ-ਰੋਟੀ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਵਿਗਿਆਨ ਅਤੇ ਨਵੀਨਤਾ ਦੇ ਖੇਤਰ ਵਿੱਚ ਪ੍ਰਧਾਨ ਮੰਤਰੀ ਤਿਰੂਵਨੰਤਪੁਰਮ ਵਿੱਚ ਸੀ ਐੱ ਸ ਆ ਈ ਆ ਰ-ਐੱਨਆਈਆਈਐੱਸਟੀ ਇਨੋਵੇਸ਼ਨ, ਤਕਨਾਲੋਜੀ ਅਤੇ ਉੱਦਮਤਾ ਹੱਬ ਦਾ ਨੀਂਹ ਪੱਥਰ ਰੱਖਣਗੇ। ਇਹ ਹੱਬ ਜੀਵਨ ਵਿਗਿਆਨ ਅਤੇ ਜੈਵਿਕ-ਅਰਥ-ਵਿਵਸਥਾ 'ਤੇ ਧਿਆਨ ਕੇਂਦ੍ਰਿਤ ਕਰੇਗਾ, ਆਧੁਨਿਕ ਬਾਇਓ-ਟੈਕਨਾਲੋਜੀ, ਟਿਕਾਊ ਪੈਕੇਜਿੰਗ ਅਤੇ ਗ੍ਰੀਨ ਹਾਈਡ੍ਰੋਜਨ ਨਾਲ ਆਯੁਰਵੇਦ ਵਰਗੀਆਂ ਰਵਾਇਤੀ ਗਿਆਨ ਪ੍ਰਣਾਲੀਆਂ ਨੂੰ ਜੋੜੇਗਾ ਅਤੇ ਸਟਾਰਟਅੱਪ ਸਿਰਜਣਾ, ਤਕਨਾਲੋਜੀ ਟ੍ਰਾਂਸਫਰ ਅਤੇ ਆਲਮੀ ਸਹਿਯੋਗ ਨੂੰ ਉਤਸ਼ਾਹਿਤ ਕਰੇਗਾ।

ਇਹ ਖੋਜ ਨੂੰ ਬਾਜ਼ਾਰ ਲਈ ਤਿਆਰ ਹੱਲਾਂ ਅਤੇ ਉੱਦਮਾਂ ਵਿੱਚ ਬਦਲਣ ਲਈ ਇੱਕ ਮੰਚ ਵਜੋਂ ਕੰਮ ਕਰੇਗਾ।ਇਸ ਦੌਰੇ ਇੱਕ ਹੋਰ ਮੁੱਖ ਫੋਕਸ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਦਾ ਹੋਵੇਗਾ।

# ਨੌਕਰੀਆਂ ਸਬੰਧੀ ਵਾਦਾਖਿਲਫੀ ਵਿਰੁੱਧ 27 ਜਨਵਰੀ ਨੂੰ ਪੀ. ਐੱਸ. ਪੀ. ਸੀ ਐੱਲ ਦੇ ਮੁੱਖ ਦ.ਫਤਰ ਦੇ ਗੇਟ ਸਾਹਮਣੇ ਤਿੱਖੇ ਰੋਸ ਪ੍ਰਦਰਸ਼ਨ ਦਾ ਐਲਾਨ

**ਪਟਿਆਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਏ.ਐੱਸ.ਐੱਸ.ਏ., ਜੇ.ਪੀ.ਏ., ਈ.ਜੀ.-2 ਦੇ ਉਮੀਦਵਾਰਾਂ ਵੱਲੋਂ ਬਿਜਲੀ ਬੋਰਡ ਦੀ ਵਾਅਦਾ ਖ਼ਿਲਾਫ਼ੀ ਨੀਤੀ ਦੇ ਵਿਰੋਧ ਵਿੱਚ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਯੂਨੀਅਨ ਦੇ ਪ੍ਰਧਾਨ ਅਮਰਜੋਤ ਸਿੰਘ ਨੇ ਪ੍ਰੈੱਸ ਨਾਮ ਬਿਆਨ ਜਾਰੀ ਕਰਦਿਆ ਦੱਸਿਆ ਕਿ 19 ਨਵੰਬਰ 2025 ਨੂੰ ਬੇਰੁਜ਼ਗਾਰ ਉਮੀਦਵਾਰਾਂ ਵੱਲੋਂ ਨੋਕਰੀਆ ਦੀ ਪ੍ਰਾਪਤੀ ਲਈ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਦੌਰਾਨ ਵਿਭਾਗ ਵੱਲੋਂ ਲਿਖਤੀ ਤੌਰ 'ਤੇ 15 ਦਿਨਾਂ ਦੇ ਅੰਦਰ ਨਿਯੁਕਤੀ ਪੱਤਰ ਦੇਣ ਦਾ ਭਰੋਸਾ ਦਿੱਤਾ ਗਿਆ ਸੀ। ਪਰ 15 ਦਿਨ ਬੀਤ ਜਾਣ ਤੋਂ ਬਾਅਦ ਵੀ ਵਿਭਾਗ ਵੱਲੋਂ ਨਾ ਤਾਂ ਨਿਯੁਕਤੀਆਂ ਕੀਤੀਆ ਗਈਆਂ ਅਤੇ ਨਾ ਹੀ ਨਿਯੁਕਤੀਆਂ ਸੰਬੰਧੀ ਕੋਈ ਸਪਸ਼ਟ ਜਾਣਕਾਰੀ ਯੂਨੀਅਨ ਨਾਲ ਸਾਂਝੀ ਕੀਤੀ ਗਈ। ਜਿਸ ਦੇ ਰੋਸ ਵਜੋਂ ਉਮੀਦਵਾਰਾਂ ਨੇ ਸਮੇਂ-ਸਮੇਂ 'ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਵੀ ਕੀਤੀਆਂ, ਪਰ ਸਾਰੀਆਂ ਮੀਟਿੰਗਾਂ ਬੇਨਤੀਜਾ ਹੀ ਰਹੀਆ। ਇਸ ਤੋਂ ਬਾਅਦ 22 ਅਤੇ 23 ਦਸੰਬਰ 2025 ਨੂੰ ਵੀ ਉਮੀਦਵਾਰਾਂ ਵੱਲੋਂ ਧਰਨਾ ਅਤੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੌਰਾਨ ਬਿਜਲੀ ਬੋਰਡ ਵਿਭਾਗ ਨੇ ਜਨਵਰੀ 2026 ਦੇ ਪਹਿਲੇ ਹਫ਼ਤੇ ਨਿਯੁਕਤੀ ਪੱਤਰ ਦੇਣ ਦਾ ਵਾਅਦਾ ਕੀਤਾ ਸੀ ਪਰ ਅੱਜ ਜਨਵਰੀ ਮਹੀਨੇ ਦਾ ਤੀਜਾ ਹਫ਼ਤਾ ਚੱਲ ਰਿਹਾ ਹੈ ਅਤੇ ਮਹੀਨਾ ਖ਼ਤਮ ਹੋਣ ਦੇ ਨਜ਼ਦੀਕ ਹੈ, ਪਰ ਬਿਜਲੀ ਬੋਰਡ ਵਿਭਾਗ ਵੱਲੋਂ ਹਾਲੇ ਤੱਕ ਨਾ ਕੋਈ ਲਿਖਤੀ ਜਾਣਕਾਰੀ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਸਕਾਰਾਤਮਕ ਜਵਾਬ ਮਿਲਿਆ ਹੈ। ਯੂਨੀਅਨ ਪ੍ਰਧਾਨ ਅਮਰਜੋਤ ਸਿੰਘ ਨੇ ਕਿਹਾ ਕਿ ਜੇਕਰ ਵਿਭਾਗ ਵੱਲੋਂ 25 ਜਨਵਰੀ 2026 ਤੱਕ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਾ ਦਿੱਤੇ ਗਏ ਜਾਂ ਕੋਈ ਕਾਲ ਜਾਂ ਈ-ਮੇਲ ਨਹੀਂ ਕੀਤੀ ਜਾਂਦੀ, ਤਾਂ 27 ਜਨਵਰੀ 2026 ਨੂੰ ਪੀ.ਐੱਸ.ਪੀ.ਸੀ.ਐੱਲ. ਦੇ ਮੁੱਖ ਦਫ਼ਤਰ ਦੇ ਮੇਨ ਗੇਟ ਸਾਹਮਣੇ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਯੂਨੀਅਨ ਵੱਲੋਂ ਇਹ ਵੀ ਕਿਹਾ ਗਿਆ ਕਿ ਇਹ ਧਰਨਾ ਅਤੇ ਰੋਸ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਅਤੇ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਕੀਤਾ ਜਾਵੇਗਾ। ਪੀ.ਐੱਸ.ਪੀ.ਸੀ.ਐੱਲ ਦੇ ਅਧਿਕਾਰੀਆ ਤੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਵਾਅਦਾ ਖਿਲਫ਼ਿਆਂ ਕਾਰਨ ਸਾਰੇ ਉਮੀਦਵਾਰਾਂ ਵਿੱਚ ਭਾਰੀ ਰੋਸ ਅਤੇ ਨਾਰਾਜ਼ਗੀ ਦੀ ਲਹਿਰ ਚੱਲ ਰਹੀ ਹੈ। ਯੂਨੀਅਨ ਦੇ ਪ੍ਰਧਾਨ ਅਮਰਜੋਤ ਸਿੰਘ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 27 ਜਨਵਰੀ ਦੇ ਰੋਸ ਪ੍ਰਦਰਸ਼ਨ ਤੋਂ ਬਾਅਦ ਵੀ ਉਮੀਦਵਾਰਾਂ ਦੀਆਂ ਮੰਗਾਂ ਨਹੀਂ ਮੰਨੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਤੇਜ ਕਰਦਿਆਂ ਗੁਪਤ ਐਕਸ਼ਨ ਲੈਂਦਿਆ ਪੀ.ਐੱਸ.ਪੀ.ਸੀ.ਐੱਲ. ਦੇ ਮੇਨ ਗੇਟ ਦਾ ਘਿਰਾਓ ਕਰਨ ਤੋਂ ਵੀ ਪਿੱਛੇ ਨਹੀਂ ਹਟਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਇਸ ਸੰਘਰਸ਼ ਦੌਰਾਨ ਯੂਨੀਅਨ ਦੇ ਕਿਸੇ ਵੀ ਸਾਥੀ ਨੂੰ ਕਿਸੇ ਕਿਸਮ ਦਾ ਜਾਨੀ ਜਾਂ ਮਾਲੀ ਨੁਕਸਾਨ ਪਹੁੰਚਦਾ ਹੈ, ਤਾਂ ਉਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ, ਬਿਜਲੀ ਬੋਰਡ ਦੀ ਮੈਨੇਜਮੈਂਟ ਅਤੇ ਪਟਿਆਲਾ ਪ੍ਰਸ਼ਾਸਨ ਦੀ ਹੋਵੇਗੀ। ਰੋਸ ਪ੍ਰਦਰਸ਼ਨ ਦੌਰਾਨ ਜਗਜੀਤ ਸਿੰਘ ਮੀਤ ਪ੍ਰਧਾਨ, ਗੁਰਨਾਮ ਸਿੰਘ ਸਕੱਤਰ,ਅਜੇ ਬਤਰਾ ਕੈਸ਼ੀਅਰ, ਪਲਵਿੰਦਰ ਸਿੰਘ ਮੀਤ ਸਕੱਤਰ, ਰਮਨਦੀਪ ਸਿੰਘ ਮੀਡੀਆ ਸਕੱਤਰ ਅਹਿਮ ਭੂਮਿਕਾ ਨਿਭਾਉਣਗੇ।



ਬਾਲ ਕਹਾਣੀ

ਰਵਿੰਦਰ ਲਾਲਪੁਰੀ

94634-52261

*ਸਖ਼ਤ ਮਿਹਨਤ ਇਕ ਦਿਨ ਜ਼ਰੂਰ ਰੰਗ ਲਿਆਉਂਦੀ ਹੈ। ਜ਼ਿੰਦਗੀ 'ਚ ਹਮੇਸ਼ਾ ਉਹ ਬੱਚੇ ਹੀ ਕਾਮਯਾਬ ਹੁੰਦੇ ਹਨ ਜੋ ਲਗਾਤਾਰ ਮਿਹਨਤ ਕਰਦੇ ਰਹਿੰਦੇ ਹਨ।*
*ਜੇ ਅਸਫ਼ਲਤਾ ਮਿਲਦੀ ਵੀ ਹੈ ਤਾਂ ਉਸ ਤੋਂ ਘਬਰਾਉਣਾ ਨਹੀਂ ਚਾਹੀਦਾ....*

# ਘੁਮੰਡ ਦਾ ਸਿਰ ਨੀਵਾਂ



ਰੋਕੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਹਰ ਸਾਲ ਕਲਾਸ ਵਿਚ ਅੱਵਲ ਆਉਂਦਾ ਪਰ ਇਸ ਗੁਣ ਨੇ ਉਸ ਵਿਚ ਹੌਲੀ-ਹੌਲੀ ਹੰਕਾਰ ਦਾ ਬੀਜ ਬੋਅ ਦਿੱਤਾ ਸੀ। ਜਿਸ ਕਾਰਨ ਉਹ ਕਮਜ਼ੋਰ ਵਿਦਿਆਰਥੀਆਂ ਦਾ ਮਜ਼ਾਕ ਉਡਾਉਂਦਾ ਰਹਿੰਦਾ। ਉਸਨੂੰ ਲਗਦਾ ਕਿ ਉਸਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।

ਇਕ ਦਿਨ ਸਤਿੰਦਰ ਨੂੰ ਗਣਿਤ ਦੇ ਇਕ ਸਵਾਲ ਵਿਚ ਦਿੱਕਤ ਆ ਰਹੀ ਸੀ ਜਿਸ ਨੂੰ ਲੈ ਕੇ ਆਪਣੇ ਅਧਿਆਪਕ ਕੋਲ ਗਿਆ ਪਰ ਅਧਿਆਪਕ ਉਸ ਸਮੇਂ ਕਿਸੇ ਦਫ਼ਤਰੀ ਕੰਮ ਵਿਚ ਵਿਅਸਤ ਸਨ ਤੇ ਉਨ੍ਹਾਂ ਨੇ ਰੋਕੀ ਨੂੰ ਬੁਲਾ ਕੇ ਸਤਿੰਦਰ ਦੀ ਮਦਦ ਕਰਨ ਲਈ ਕਿਹਾ। ਸਵਾਲ ਸਮਝਾਉਣ ਸਮੇਂ ਆਪਣੇ ਦੋਸਤਾਂ ਨਾਲ ਮਿਲ ਕੇ ਰੋਕੀ ਨੇ ਸਤਿੰਦਰ ਦਾ ਬਹੁਤ ਮਜ਼ਾਕ ਉਡਾਇਆ। ਸਤਿੰਦਰ ਨੂੰ ਬਹੁਤ ਬੁਰਾ ਲੱਗਾ ਤੇ ਉਸਨੇ ਘਰ ਆ ਕੇ ਇਹ ਸਾਰਾ ਵਾਕਿਆ ਆਪਣੇ ਦਾਦਾ ਜੀ ਨਾਲ ਸਾਂਝਾ ਕੀਤਾ ਜੋ ਇਕ ਰਿਟਾਇਰ ਅਧਿਆਪਕ ਸਨ। ਦਾਦਾ ਜੀ ਨੇ ਸਾਰਾ ਵਾਕਿਆ ਬੜੇ ਧਿਆਨ ਨਾਲ ਸੁਣਿਆ। ਸੁਣਨ ਤੋਂ ਬਾਅਦ ਦਾਦਾ ਜੀ ਨੇ ਸਤਿੰਦਰ ਨੂੰ ਖ਼ਰਗੋਸ਼ ਤੇ ਕੱਛੂ ਵਾਲੀ ਕਹਾਣੀ ਸੁਣਾਈ ਤੇ ਪੂਰੀ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਤਿੰਦਰ ਨੇ ਵੀ ਦਾਦਾ ਜੀ ਦੇ ਦੱਸੇ ਅਨੁਸਾਰ ਪੂਰੀ ਲਗਨ ਨਾਲ ਪੜ੍ਹਾਈ ਕਰਨ ਲੱਗਾ। ਦੂਜੇ ਪਾਸੇ ਰੋਕੀ ਆਪਣੇ ਹੰਕਾਰ ਕਾਰਨ ਪੜ੍ਹਾਈ ਵਿਚ ਅਵੇਸਲਾ ਹੁੰਦਾ ਗਿਆ।

ਸਮਾਂ ਬੀਤਦਾ ਗਿਆ, ਇਮਤਿਹਾਨ ਹੋ ਗਏ। ਨਤੀਜੇ ਵਾਲੇ ਦਿਨ ਜਦੋਂ ਨਤੀਜਾ ਐਲਾਨਿਆ ਗਿਆ ਤਾਂ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ। ਜਦੋਂ ਦੂਜੇ ਸਥਾਨ 'ਤੇ ਰੋਕੀ ਦਾ ਨਾਂ ਤੇ ਪਹਿਲੇ ਸਥਾਨ 'ਤੇ ਸਤਿੰਦਰ ਦਾ ਨਾਂ ਲਿਆ ਗਿਆ ਤਾਂ ਰੋਕੀ ਦਾ ਘੁਮੰਡ ਚੂਰ ਚੂਰ ਹੋ ਗਿਆ। •

## ਸਵਾਲ ਜਵਾਬ

1. ਭਾਰਤ ਦੇ ਸੰਵਿਧਾਨ ਸਭਾ ਦੀ ਪਹਿਲੀ ਬੈਠਕ ਕਦੋਂ ਹੋਈ?
   **9 ਦਸੰਬਰ 1946**
2. ਤਰਾਈਨ ਦੀ ਪਹਿਲੀ ਲੜਾਈ ਕਦੋਂ ਅਤੇ ਕਿਨ੍ਹਾਂ ਵਿਚਕਾਰ ਹੋਈ?
   **1191 ਵਿਚ ਪ੍ਰਿਥਵੀ ਰਾਜ ਚੌਹਾਨ ਅਤੇ ਮੁਹੰਮਦ ਗੋਰੀ ਵਿਚਕਾਰ।**
3. ਹਾਵੜਾ ਬ੍ਰਿਜ ਕਿੱਥੇ ਹੈ?
   **ਹੁਗਲੀ ਨਦੀ (ਪੱਛਮੀ ਬੰਗਾਲ)**
4. ਚਾਰਮੀਨਾਰ ਕਿੱਥੇ ਹੈ?
   **ਹੈਦਰਾਬਾਦ।**
5. ਭਾਰਤ ਵਿਚ ਪਹਿਲੀ ਮੈਟਰੋ ਕਿੱਥੇ ਤੇ ਕਦੋਂ ਚੱਲੀ?
   **ਕਲਕੱਤਾ ਤੋਂ ਦਮਦਮ ਵਿਚ 24 ਅਕਤੂਬਰ 1984**
6. ਮਹਾਂਭਾਰਤ ਵਿਚ ਭੀਸ਼ਮ ਪਿਤਾਮਾ ਦੀ ਮਾਤਾ ਦਾ ਨਾਂ ਦੱਸੋ।
   **ਗੰਗਾ।**
7. 2017 ਦੀ ਮਿਸ ਵਰਲਡ ਕੌਣ ਹੈ?
   **ਮਾਨੂਸ਼ੀ ਚਿੱਲਰ।**
8. ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਨਾਂ ਦੱਸੋ।
   **ਮਹਾਂ ਸਿੰਘ ਤੇ ਰਾਜ ਕੌਰ।**
9. ਭਾਰਤ ਦਾ ਪਹਿਲਾ ਗਵਰਨਰ ਕੌਣ ਸੀ?
   **ਸੀ. ਰਾਜਾ ਗੋਪਾਲ ਚਾਰੀ।**
10. ਸੰਵਿਧਾਨ ਸਭਾ ਦੀ ਸੰਘ ਸ਼ਕਤੀ ਸਮਿਤੀ ਦੇ ਪ੍ਰਧਾਨ ਕੌਣ ਸਨ?
    **ਪੰਡਿਤ ਜਵਾਹਰ ਲਾਲ ਨਹਿਰੂ।**
11. ਪਦਮਸ਼੍ਰੀ ਐਵਾਰਡ ਕਦੋਂ ਸ਼ੁਰੂ ਹੋਇਆ?
    1954
12. ਜੀਰੇ ਦੀ ਸਭ ਤੋਂ ਵੱਧ ਪੈਦਾਵਾਰ ਕਰਨ ਵਾਲੇ ਭਾਰਤ ਦੇ ਦੋ ਸੂਬੇ ਦੱਸੋ?
    **ਗੁਜਰਾਤ ਅਤੇ ਰਾਜਸਥਾਨ**

*'ਚਿੱਲਰ ਪਾਰਟੀ', 'ਐਂਟਰਟੇਨਮੈਂਟ' ਜਾਂ 'ਸਨੋ ਡੌਗਜ਼'.. ਇਹ ਫਿਲਮਾਂ ਤੁਸੀਂ ਜ਼ਰੂਰ ਦੇਖੀਆਂ ਹੋਣਗੀਆਂ ਤੇ ਮਜ਼ਾ ਵੀ ਆਇਆ ਹੋਵੇਗਾ। ਇਨ੍ਹਾਂ ਸਾਰੀਆਂ ਫਿਲਮਾਂ 'ਚ ਡੌਗ (ਕੁੱਤੇ) ਮੁੱਖ ਕਿਰਦਾਰ 'ਚ ਸਨ। ਇਨ੍ਹਾਂ ਦੀਆਂ ਸ਼ਰਾਰਤਾਂ ਤੇ ਮਾਲਕ ਪ੍ਰਤੀ ਵਫ਼ਾਦਾਰੀ ਦੇਖ ਕੇ ਤੁਹਾਡਾ ਦਿਲ ਵੀ ਭਰ ਆਇਆ ਹੋਵੇਗਾ। ਇਸ ਕਰ ਕੇ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਬਣੀਆਂ ਹਨ। ਕੁੱਝ ਇਸ ਤਰ੍ਹਾਂ ਦੀਆਂ ਫਿਲਮਾਂ ਬਾਰੇ ਦੱਸ ਰਹੇ ਹਾਂ ਜਿਸ 'ਚ ਸਾਨੂੰ ਇਹ ਸਿੱਖਣ ਨੂੰ ਮਿਲਦਾ ਹੈ ਕਿ ਜਾਨਵਰ ਵਫ਼ਾਦਾਰ ਹੁੰਦੇ ਹਨ...*

# ਕੁੱਤਿਆਂ ਦੀ ਵਫ਼ਾਦਾਰੀ



ਜਾਨਵਰਾਂ 'ਤੇ ਬਣੀਆਂ ਫਿਲਮਾਂ ਬੱਚਿਆਂ ਨੂੰ ਬਹੁਤ ਪਸੰਦ ਆਉਂਦੀਆਂ ਹਨ। ਕੀ ਤੁਹਾਨੂੰ ਪਤਾ ਹੈ ਕਿ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਕੁੱਤਿਆਂ 'ਤੇ ਬਣੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਘਰੇਲੂ ਜਾਨਵਰ ਹੈ ਤੇ ਇਨ੍ਹਾਂ ਨੂੰ ਵਧੀਆ ਤਰੀਕੇ ਨਾਲ ਟ੍ਰੇਨਿੰਗ ਦੇ ਕੇ ਫਿਲਮਾਂ 'ਚ ਲਿਆ ਜਾਂਦਾ ਹੈ। ਕੁੱਤਿਆਂ 'ਤੇ ਬਣੀਆਂ ਫਿਲਮਾਂ ਦੀ ਲਿਸਟ ਦੇਖੀ ਜਾਵੇ ਤਾਂ ਸਭ ਤੋਂ ਜ਼ਿਆਦਾ ਇਨ੍ਹਾਂ ਨੇ ਫਿਲਮਾਂ 'ਚ ਕੰਮ ਕੀਤਾ ਹੈ। ਅੱਜ ਅਸੀਂ ਤੁਹਾਨੂੰ ਕੁੱਝ ਚੁਣੀਆਂ ਹੋਈਆਂ ਫਿਲਮਾਂ ਬਾਰੇ ਦੱਸ ਰਹੇ ਹਾਂ।

### ਮਾਰਲੇ ਐਂਡ ਮੀ (marley and me)

ਜੌਨ ਤੇ ਜੇਨੀ ਵਿਆਹ ਤੋਂ ਬਾਅਦ ਫਲੋਰਿਡਾ ਜਾ ਕੇ ਨੌਕਰੀ ਕਰਦੇ ਹਨ। ਉੱਥੇ ਉਨ੍ਹਾਂ ਦਾ ਇਕ ਦੋਸਤ ਉਨ੍ਹਾਂ ਨੂੰ ਸਲਾਹ ਦਿੰਦਾ ਹੈ ਕਿ ਪਰਿਵਾਰ ਵਧਾਉਣ ਤੋਂ ਪਹਿਲਾਂ ਇਕ ਕੁੱਤੇ ਨੂੰ ਗੋਦ ਲੈ ਕੇ ਦੇਖਣਾ ਚਾਹੀਦਾ ਹੈ ਕਿ ਉਹ ਕਿਸੇ ਦੀ ਦੇਖਭਾਲ ਕਰਨ ਦੇ ਕਾਬਿਲ ਹਨ। ਫਿਰ ਉਨ੍ਹਾਂ ਦੀ ਜ਼ਿੰਦਗੀ 'ਚ ਮਾਰਲੇ ਕਦਮ ਰੱਖਦਾ ਹੈ। ਫਿਰ ਹੌਲੀ-ਹੌਲੀ ਸ਼ਰਾਰਤੀ ਮਾਰਲੇ ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਜਾਂਦਾ ਹੈ। ਇਹ ਦੇਖਣ ਦੇ ਲਾਇਕ ਹੈ। ਇਸ ਫਿਲਮ 'ਚ ਕੁੱਤੇ ਦੀ ਵਫ਼ਾਦਾਰੀ ਤੇ ਉਸ ਪ੍ਰਤੀ ਮਨੁੱਖ ਦਾ ਪਿਆਰ ਦਿਖਾਇਆ ਗਿਆ ਹੈ।




### ਹੋਟਲ ਫਾਰ ਡੌਗਜ਼ (Hotel for Dogs)

ਇਹ ਕਹਾਣੀ ਹੈ ਦੋ ਅਨਾਥ ਬੱਚਿਆਂ ਐਂਡੀ ਤੇ ਬਰੂਜ਼ ਉਨ੍ਹਾਂ ਦੇ ਕੁੱਤੇ ਫਰਾਈਡੇਅ ਦੀ। ਉਹ ਜਿੰਨਾਂ ਦੇ ਨਾਲ ਰਹਿੰਦੇ ਹਨ ਉਨ੍ਹਾਂ ਨੂੰ ਜਾਨਵਰਾਂ ਨਾਲ ਨਫ਼ਰਤ ਹੈ। ਕੁੱਝ ਲੋਕਾਂ ਦੀ ਮਦਦ ਨਾਲ ਆਪਣੇ ਕੁੱਤੇ ਦੇ ਨਾਲ-ਨਾਲ ਮੁਹੱਲੇ ਦੇ ਹੋਰ ਕੁੱਤਿਆਂ ਨੂੰ ਵੀ ਇਕ ਬੰਦ ਪਏ ਹੋਟਲ 'ਚ ਲੁਕਾ ਦਿੰਦੇ ਹਨ। ਐਂਡੀ ਤੇ ਉਸ ਦੇ ਭਰਾ ਨੂੰ ਇਕ ਨਵਾਂ ਪਰਿਵਾਰ ਮਿਲਦਾ ਹੈ ਕਿ ਨਹੀਂ, ਫਰਾਈਡੇਅ ਬਾਕੀ ਕੁੱਤਿਆਂ ਦੀ ਕਿਸ ਤਰ੍ਹਾਂ ਦੇਖਭਾਲ ਕਰਦਾ ਹੈ ਇਸ ਸਾਰ ਫਿਲਮ ਦੇਖ ਦੇ ਹੀ ਮਜ਼ਾ ਆਵੇਗਾ।




### ਐਂਟਰਟੇਨਮੈਂਟ (Entertainment)

ਅਕਸ਼ੇ ਕੁਮਾਰ ਦੀ ਇਸ ਫਿਲਮ ਦਾ ਮੁੱਖ ਹੀਰੋ ਕੁੱਤਾ ਹੈ। ਅਕਸ਼ੇ ਨੂੰ ਪਤਾ ਚੱਲਦਾ ਹੈ ਕਿ ਉਸ ਨੇ ਉਸ ਲਈ ਕਾਫ਼ੀ ਦੌਲਤ ਛੱਡੀ ਹੈ। ਉਹ ਦੌਲਤ ਲੈਣ ਜਾਂਦਾ ਹੈ ਤੇ ਪਤਾ ਲਗਦਾ ਹੈ ਕਿ ਉਸ ਦੇ ਪਿਤਾ ਸਾਰੀ ਦੌਲਤ ਐਂਟਰਟੇਨਮੈਂਟ ਕੁੱਤੇ ਦੇ ਨਾਂ ਕਰ ਗਿਆ ਹੈ। ਪਹਿਲਾਂ ਤਾਂ ਅਕਸ਼ੇ ਉਸ ਕੁੱਤੇ ਨਾਲ ਨਫ਼ਰਤ ਕਰਦਾ ਹੈ ਪਰ ਉਸ ਦੇ ਦੁਆਰਾ ਜਾਨ ਬਚਾਉਣ 'ਤੇ ਉਹ ਕੁੱਤੇ ਨਾਲ ਪਿਆਰ ਕਰਨ ਲੱਗਦਾ ਹੈ ਫਿਰ ਕਿਸ ਤਰ੍ਹਾਂ ਜਾਇਦਾਦ ਖਾਣ ਆਏ ਰਿਸ਼ਤੇਦਾਰਾਂ ਨਾਲ ਐਂਟਰਟੇਨਮੈਂਟ ਨੂੰ ਅਕਸ਼ੇ ਬਚਾਉਂਦਾ ਹੈ।



### ਟਰਨਰ ਐਂਡ ਹੂਚ (turner and hooch)

1989 'ਚ ਬਣੀ ਇਸ ਫਿਲਮ 'ਚ ਇਕ ਪੁਲਿਸ ਅਫ਼ਸਰ ਸਕੌਟ ਟਰਨਰ ਦੀ ਕਹਾਣੀ ਹੈ। ਉਸ ਦੀ ਬਦਲੀ ਹੋ ਜਾਂਦੀ ਹੈ। ਉਹ ਆਪਣੀ ਜਗ੍ਹਾ ਆਏ ਨਵੇਂ ਪੁਲਿਸ ਅਫਸਰ ਨੂੰ ਉੱਥੋਂ ਇਕ ਕਬਾੜੀ ਨੂੰ ਮਿਲਾਉਣ ਲੈ ਜਾਂਦੇ ਹਨ। ਕਬਾੜੀ ਦੇ ਕੁੱਤੇ ਦਾ ਨਾਂ ਹੂਚ ਹੈ। ਅਚਾਨਕ ਇਕ ਦਿਨ ਕਬਾੜੀ ਦੀ ਹੱਤਿਆ ਹੋ ਗਈ। ਕਮਿਸ਼ਨਰ ਨੂੰ ਕਹਿ ਕੇ ਟਰਨਰ ਕੇਸ ਆਪਣੇ ਹੱਥ 'ਚ ਲੈਂਦਾ ਹੈ। ਉਸ ਨੂੰ ਲੱਗਦਾ ਹੈ ਕਿ ਹੂਚ ਇਸ ਕੇਸ ਦਾ ਗਵਾਹ ਹੈ। ਇਸ ਲਈ ਇਹ ਹੂਚ ਨੂੰ ਆਪਣੇ ਨਾਲ ਰੱਖ ਲੈਂਦਾ ਹੈ ਪਰ ਹੂਚ ਉਸ ਦੀ ਗੱਡੀ ਦੇ ਨਾਲ-ਨਾਲ ਉਸ ਦੇ ਘਰ ਦਾ ਬੁਰਾ ਹਾਲ ਕਰ ਲੈਂਦਾ ਹੈ। ਫਿਰ ਉਹ ਹੱਤਿਆਰੇ ਨੂੰ ਫੜਨ ਦੇ ਨਾਲ-ਨਾਲ ਕੇਸ ਨੂੰ ਸੁਲਝਾਉਣ 'ਚ ਉਸ ਦੀ ਮਦਦ ਕਰਦਾ ਹੈ।

### ਹੋਮਵਾਰਡ ਬਾਉਂਡ (Homeward Bound : The Incredible journey)

ਇਹ ਕਹਾਣੀ ਚਾਂਸ ਨਾਂ ਦੇ ਕੁੱਤੇ ਦੀ ਹੈ। ਚਾਂਸ ਦੇ ਦੋਸਤ ਸ਼ੈਡੋ (ਕੁੱਤਾ) ਤੇ ਸੈਸੀ (ਬਿੱਲੀ) ਦੇ ਮਾਲਕ ਉਨ੍ਹਾਂ ਨੂੰ ਕੁੱਝ ਦਿਨਾਂ ਲਈ ਘਰ 'ਚ ਛੱਡ ਕੇ ਫਰਾਂਸਿਸਕੋ ਚਲੇ ਜਾਂਦੇ ਹਨ। ਉਨ੍ਹਾਂ ਤਿੰਨਾਂ ਨੇ ਤਹਿ ਕੀਤਾ ਕਿ ਮਾਲਕ ਨੂੰ ਲੱਭ ਕੇ ਉਹ ਉਨ੍ਹਾਂ ਕੋਲ ਜਾਣਗੇ ਫਿਰ ਸ਼ੁਰੂ ਹੁੰਦੀ ਹੈ ਉਨ੍ਹਾਂ ਦੀ ਅਨੋਖੀ ਯਾਤਰਾ। ਯਾਤਰਾ ਦੌਰਾਨ ਉਹ ਪਰੇਸ਼ਾਨੀ 'ਚ ਫ਼ਸਦੇ ਹਨ ਤੇ ਕਿਸ ਤਰ੍ਹਾਂ ਮਾਲਿਕ ਤਕ ਪਹੁੰਚਦੇ ਹਨ। •




*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਫਲਾਂ ਦਾ ਰਸ ਚੂਸਣ ਵਾਲੇ ਇਕ ਅਨੋਖੇ ਪੰਛੀ ਟਿਊਡ ਬਾਰੇ ਦੱਸ ਰਹੇ ਹਾਂ। ਇਹ ਇਨਸਾਨਾਂ ਦੀ ਆਵਾਜ਼ ਦੀ ਨਕਲ ਕਰਨ 'ਚ ਮਾਹਿਰ ਹੁੰਦਾ ਹੈ। ਆਓ ਜਾਣੀਏ ਟਿਊਡ ਬਾਰੇ...*

# ਅਨੋਖਾ ਪੰਛੀ ਟਿਊਡ




- ਟਿਊਡ ਪੰਛੀ ਦੁਨੀਆ 'ਚ ਸਿਰਫ਼ ਨਿਊਜ਼ੀਲੈਂਡ ਦੇਸ਼ 'ਚ ਮਿਲਦਾ ਹੈ। ਇਸ ਦਾ ਵਿਗਿਆਨਕ ਨਾਂ ਪ੍ਰੋਸਥੀਮੈਡੇਰਾ ਨੋਵੈਸੀਲੈਂਵੇਂਡੀ ਹੈ।
- ਟਿਊਡ ਦੀ ਇਕ ਅਨੋਖੀ ਵਿਸ਼ੇਸ਼ਤਾ ਹੈ ਕਿ ਇਹ ਇਨਸਾਨ ਦੀ ਆਵਾਜ਼ ਦੀ ਨਕਲ ਕਰ ਲੈਂਦਾ ਹੈ। ਇਸ ਤੋਂ ਇਲਾਵਾ ਇਹ ਅਲਾਰਮ, ਖਾਂਸੀ, ਸੀਟੀ, ਘੰਟੀ ਆਦਿ ਆਵਾਜ਼ਾਂ ਦੀ ਨਕਲ ਕਰ ਲੈਂਦਾ ਹੈ।
- ਟਿਊਡ ਦੇ ਸਰੀਰ 'ਤੇ ਮੌਜੂਦ ਖੰਭਾਂ ਦਾ ਰੰਗ ਹਰਾ, ਨੀਲਾ-ਬੈਂਗਣੀ ਤੇ ਭੂਰਾ ਹੁੰਦਾ ਹੈ। ਛਾਤੀ 'ਤੇ ਸਫ਼ੈਦ ਰੰਗ ਦਾ ਫਰ ਹੁੰਦਾ ਹੈ।
- ਇਸ ਦੇ ਸਰੀਰ ਦੀ ਕੁੱਲ ਲੰਬਾਈ 27 ਤੋਂ 32 ਸੈਂਟੀਮੀਟਰ ਹੁੰਦੀ ਹੈ। ਨਰ ਪੰਛੀ ਦਾ ਔਸਤਨ ਭਾਰ 15 ਤੋਂ 65 ਗ੍ਰਾਮ ਅਤੇ ਮਾਦਾ ਦਾ 58 ਤੋਂ 105 ਗ੍ਰਾਮ ਹੁੰਦਾ ਹੈ।
- ਟਿਊਡ ਭੋਜਨ ਦੇ ਰੂਪ 'ਚ ਫੁੱਲਾਂ ਦਾ ਰਸ ਚੂਸਦਾ ਹੈ। ਇਸ ਲਈ ਇਸ ਨੂੰ 'ਹਨੀ-ਈਟਰ' ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਫਲ, ਛੋਟੇ ਮੋਟੇ ਕੀੜੇ-ਮਕੌੜੇ ਵੀ ਖਾਂਦਾ ਹੈ। •

*ਤੁਸੀਂ ਬਿਊਟੀ ਪਾਰਲਰ ਤਾਂ ਦੇਖਿਆ ਹੀ ਹੋਵੇਗਾ, ਜਿੱਥੇ ਬਿਊਟੀਸ਼ੀਅਨ ਲੋਕਾਂ ਨੂੰ ਹੋਰ ਖ਼ੂਬਸੂਰਤ ਬਣਾਉਂਦੀ ਹੈ। ਇਸ ਤਰ੍ਹਾਂ ਸਮੁੰਦਰੀ ਜੀਵਾਂ 'ਚ ਵੀ ਇਕ ਬਿਊਟੀ ਐਕਸਪਰਟ ਮੱਛੀ ਹੁੰਦੀ ਹੈ, ਜੋ ਸਮੁੰਦਰ ਦੀਆਂ ਦੂਜੀਆਂ ਮੱਛੀਆਂ ਦੇ ਸਰੀਰ ਦੀ ਖ਼ਰਾਬ ਹੋ ਚੁੱਕੀ ਚਮੜੀ ਨੂੰ ਸਾਫ਼ ਕਰਦੀ ਹੈ। ਇਹ ਬਿਊਟੀ ਐਕਸਪਰਟ ਮੱਛੀ ਕਲੀਨਰ ਫਿਸ਼ ਹੈ...*

# ਮੱਛੀਆਂ ਦੀ ਬਿਊਟੀਸ਼ੀਅਨ ਕਲੀਨਰ ਫਿਸ਼



ਸਮੁੰਦਰ ਦੀਆਂ ਮੱਛੀਆਂ ਆਪਣੀ ਸਿਹਤ ਅਤੇ ਖ਼ੂਬਸੂਰਤੀ ਦਾ ਬਹੁਤ ਧਿਆਨ ਰੱਖਦੀਆਂ ਹਨ ਅਤੇ ਇਸ ਲਈ ਉਹ ਸਮੁੰਦਰ 'ਚ ਰਹਿਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਬਿਊਟੀਸ਼ੀਅਨ ਮੱਛੀਆਂ ਦੀ ਰਾਇ ਲੈਂਦੀਆਂ ਹਨ। ਇਨ੍ਹਾਂ ਬਿਊਟੀਸ਼ੀਅਨ ਮੱਛੀਆਂ ਨੂੰ ਵਿਗਿਆਨੀਆਂ ਨੇ ਕਲੀਨਰ ਫਿਸ਼ ਜਾਂ ਕਲੀਨਿੰਗ ਫਿਸ਼ ਦਾ ਨਾਂ ਦਿੱਤਾ ਹੈ।

- ਇਸ ਦੀ ਲੰਬਾਈ 10 ਸੈਂਟੀਮੀਟਰ ਭਾਵ ਲਗਪਗ 4 ਇੰਚ ਕਰ ਹੁੰਦੀ ਹੈ ਅਤੇ ਇਹ ਕਈ ਰੰਗਾਂ ਦੀ ਹੁੰਦੀ ਹੈ। ਇਸ ਜਾਤੀਆਂ ਦੀਆਂ ਸਾਰੀਆਂ ਮੱਛੀਆਂ ਬਹੁਤ ਖ਼ੂਬਸੂਰਤ ਹੁੰਦੀਆਂ ਹਨ। ਇਹ ਲੰਬੀਆਂ, ਪਤਲੀਆਂ ਹੁੰਦੀਆਂ ਹਨ। ਇਨ੍ਹਾਂ ਦੇ ਸਰੀਰ 'ਤੇ ਲੰਬੀਆਂ ਧਾਰੀਆਂ ਹੁੰਦੀਆਂ ਹਨ, ਜੋ ਇਨ੍ਹਾਂ ਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ।
- ਇਹ ਮੱਛੀਆਂ ਵੱਡੀਆਂ-ਵੱਡੀਆਂ ਮੱਛੀਆਂ ਨੂੰ ਕਲੀਨਿੰਗ ਕਰਾਉਣ ਲਈ ਆਕਰਸ਼ਕ ਕਰਦੀਆਂ ਹਨ ਅਤੇ ਇਸ ਤੋਂ ਬਾਅਦ ਇਹ ਸਾਰੀਆਂ ਮਿਲ ਕੇ ਕਲੀਨਿੰਗ ਦਾ ਕੰਮ ਕਰਦੀਆਂ ਹਨ।
- ਇਹ ਮੱਛੀਆਂ ਆਪਣੀ ਸਫ਼ਾਈ ਕਰਨ ਆਈਆਂ ਕਲੀਨਰ ਮੱਛੀਆਂ ਦੇ ਮੂੰਹ 'ਚ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮੂੰਹ ਅੰਦਰ ਮੌਜੂਦ ਕੀਟਾਣੂਆਂ ਅਤੇ ਬਿਮਾਰ ਜੰਤੂਆਂ ਦੀ ਸਫ਼ਾਈ ਕਰ ਦਿੰਦੀਆਂ ਹਨ। ਇਸ ਬਦਲੇ ਇਨ੍ਹਾਂ ਨੂੰ ਕੁਝ ਭੋਜਨ ਵੀ ਮਿਲਦਾ ਹੈ। ਦਰਅਸਲ ਕਲੀਨਰ ਫਿਸ਼ ਉਨ੍ਹਾਂ ਦੀ ਮਰ ਚੁੱਕੀ ਚਮੜੀ ਨੂੰ ਖਾਂਦੀਆਂ ਹਨ, ਜੋ ਉਨ੍ਹਾਂ ਲਈ ਪੋਸ਼ਟਿਕ ਭੋਜਨ ਸਾਬਤ ਹੁੰਦਾ ਹੈ।
- ਇਨ੍ਹਾਂ ਦਾ ਮੂੰਹ ਕਾਫ਼ੀ ਛੋਟਾ ਹੁੰਦਾ ਹੈ ਤੇ ਦੰਦ ਕਾਫ਼ੀ ਤੇਜ਼ ਹੁੰਦੇ ਹਨ ਜਿਨ੍ਹਾਂ ਦੀ ਮਦਦ ਨਾਲ ਇਹ ਸਫ਼ਾਈ ਦਾ ਕੰਮ ਕਰਦੀਆਂ ਹਨ।
- ਇਨ੍ਹਾਂ ਮੱਛੀਆਂ ਦਾ ਇਸਤੇਮਾਲ ਕਈ ਮਹਿੰਗੀ ਮੱਛੀਆਂ ਦੀ ਸਫ਼ਾਈ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਲਈ ਜਿਸ ਇਕੁਵੇਰੀਅਮ 'ਚ ਸਾਮਨ (ਪ੍ਰਜਾਤੀ ਮੱਛੀ) ਤੇ ਅਜਿਹੀਆਂ ਮੱਛੀਆਂ ਰਹਿ ਰਹੀਆਂ ਹੋਣ, ਉੱਥੇ ਕੁਝ ਕਲੀਨਰ ਮੱਛੀਆਂ ਨੂੰ ਵੀ ਛੱਡਿਆ ਜਾਂਦਾ ਹੈ।
- ਇਹ ਮੱਛੀਆਂ ਆਪਣੀ ਸਿਹਤ ਦਾ ਵੀ ਧਿਆਨ ਰੱਖਦੀਆਂ ਹਨ, ਪੂਰੀ ਨੀਂਦ ਲੈਂਦੀਆਂ ਹਨ ਅਤੇ ਰਾਤ 'ਚ ਹੀ ਸੌਂਦੀਆਂ ਹਨ।
- ਕਲੀਨਿੰਗ ਫਿਸ਼ ਦੀ ਜਾਤੀ 'ਚ ਅਨੇਕ ਮੱਛੀਆਂ ਆਉਂਦੀਆਂ ਹਨ। ਇਸ ਜਾਤੀ 'ਚ ਪਾਇਪ ਫਿਸ਼, ਚਿਚਲਿਡਸ, ਕੈਟਫਿਸ਼ ਅਤੇ ਹੋਰ ਝੀਂਗਾ ਮੱਛੀਆਂ ਆਦਿ ਸ਼ਾਮਲ ਹਨ। •

ਸੁਖਮੰਦਰ ਸਿੰਘ ਤੂਰ

*ਮਨੁੱਖ ਵੱਖ-ਵੱਖ ਘਰਾਂ 'ਚ ਰਹਿੰਦੇ ਹਨ ਪਰ ਇਕ ਅਜਿਹਾ ਘਰ ਵੀ ਜਿਸ ਨੂੰ ਸਾਰੇ ਸਾਂਝਾ ਕਰਦੇ ਹਨ। ਇੱਥੇ ਅਸੀਂ ਧਰਤੀ ਦੀ ਗੱਲ ਕਰ ਰਹੇ ਹਾਂ ਜੋ ਕਿ ਇਸ ਸੂਰਜ ਮੰਡਲ ਦਾ ਇਕੱਲਾ ਗ੍ਰਹਿ ਹੈ ਜਿੱਥੇ ਜੀਵਨ ਸੰਭਵ ਹੈ...*

# ਧਰਤੀ!!! ਜਿੱਥੇ ਧੜਕਦੀ ਹੈ ਜ਼ਿੰਦਗੀ



ਬੱਚਿਓ! ਧਰਤੀ ਸੂਰਜ ਮੰਡਲ ਦਾ ਇਕੋ-ਇਕ ਅਜਿਹਾ ਗ੍ਰਹਿ ਹੈ, ਜਿੱਥੇ ਜ਼ਿੰਦਗੀ ਧੜਕਦੀ ਹੈ। ਇਸ ਦੀ ਸੂਰਜ ਤੋਂ ਦੂਰੀ ਕੋਈ 9 ਕਰੋੜ 30 ਲੱਖ ਮੀਲ ਹੈ। ਸੂਰਜ ਦੀ ਪਰਿਕਰਮਾ ਕਰਦਿਆਂ ਇਸ ਨੂੰ 365 ਦਿਨ ਲੱਗਦੇ ਹਨ ਅਤੇ ਆਪਣੀ ਧੁਰੀ ਦੁਆਲੇ ਚੱਕਰ ਕੱਟਣ ਲਈ 24 ਘੰਟੇ ਦਾ ਸਮਾਂ ਲਗਦਾ ਹੈ।

ਚੰਨ ਧਰਤੀ ਦਾ ਇਕੋ-ਇਕ ਕੁਦਰਤੀ ਉਪਗ੍ਰਹਿ ਹੈ, ਜੋ ਧਰਤੀ ਦੇ ਚਾਰੇ ਪਾਸੇ ਚੱਕਰ ਲਗਾਉਂਦਾ ਰਹਿੰਦਾ ਹੈ। ਧਰਤੀ 'ਤੇ ਚੱਕਰ ਲਗਾਉਣ ਲਈ ਇਸ ਨੂੰ ਕਈ ਸਾਲਾਂ ਦਾ ਸਮਾਂ ਲਗਦਾ ਹੈ। ਧਰਤੀ ਤੋਂ ਇਹ 384000 ਕਿਲੋਮੀਟਰ ਦੂਰ ਹੈ। ਪੁਲਾੜ ਮਾਹਿਰਾਂ ਅਨੁਸਾਰ ਚੰਨ ਧਰਤੀ ਤੋਂ ਦੂਰ ਜਾ ਰਿਹਾ ਹੈ। ਇਕ ਸਮਾਂ ਅਜਿਹਾ ਵੀ ਆਵੇਗਾ ਕਿ ਇਹ ਧਰਤੀ ਤੋਂ ਨੰਗੀ ਅੱਖ ਨਾਲ ਨਹੀਂ ਦਿਸੇਗਾ, ਭਾਵ ਧਰਤੀ ਤੋਂ ਬਹੁਤ ਦੂਰ ਚਲਿਆ ਜਾਵੇਗਾ। ਧਰਤੀ 'ਤੇ ਆਕਸੀਜਨ ਅਤੇ ਪਾਣੀ ਮੌਜੂਦ ਹਨ, ਜੋ ਜ਼ਿੰਦਗੀ ਲਈ ਅਤਿ ਲੋੜੀਂਦੇ ਹਨ। ਧਰਤੀ ਤੋਂ 80 ਕਿਲੋਮੀਟਰ ਉਚਾਈ ਤਕ ਓਜ਼ੋਨ ਨਾਂ ਦੀ ਇਕ ਪਰਤ ਹੈ। ਇਹ ਪਰਤ ਸੂਰਜ ਤੋਂ ਆਉਣ ਵਾਲੀਆਂ ਪੈਰਾਬੈਂਗਣੀ ਕਿਰਨਾਂ ਨੂੰ ਆਪਣੇ ਅੰਦਰ ਸਮਾਅ ਲੈਂਦੀ ਹੈ। ਜੇ ਇਹ ਪਰਤ ਨਾ ਹੁੰਦੀ ਤਾਂ ਸੂਰਜ ਤੋਂ ਆਉਣ ਵਾਲੀਆਂ ਇਨ੍ਹਾਂ ਖਤਰਨਾਕ ਕਿਰਨਾਂ ਨੇ ਧਰਤੀ ਦੇ ਜੀਵਨ ਦਾ ਨਾਂਮੋ-ਨਿਸ਼ਾਨ ਮਿਟਾ ਦੇਣਾ ਸੀ।

ਬੱਚਿਓ! ਗੁਰੂਤਾ ਖਿੱਚ ਕਾਰਨ ਹੀ ਧਰਤੀ 'ਤੇ ਮੌਜੂਦ ਹਰ ਚੀਜ਼ ਦਾ ਭਾਰ ਹੈ। ਜੇ ਧਰਤੀ ਸੂਰਜ ਦੁਆਲੇ ਚੱਕਰ ਲਗਾਉਣੇ ਬੰਦ ਕਰ ਦੇਵੇ ਤਾਂ ਇੱਥੇ ਭਾਰੀ ਉੱਥਲ-ਪੁੱਥਲ ਮੱਚ ਜਾਵੇਗੀ ਅਤੇ ਅਸੀਂ ਰੂੰ ਦੇ ਫੰਦੇ ਵਾਂਗ ਉੱਪਰ ਵੱਲ ਉੱਡ ਜਾਵਾਂਗੇ। ਧਰਤੀ ਅਤੇ ਬਾਕੀ ਗ੍ਰਹਿ ਸੂਰਜ ਦੀ ਖਿੱਚ ਨਾਲ ਆਪਸ ਵਿਚ ਬੱਝੇ ਹੋਏ ਹਨ ਅਤੇ ਇਕ ਨਿਯਮ ਅਨੁਸਾਰ ਗਤੀ ਕਰ ਰਹੇ ਹਨ। •

# ਤਿੱਤਲੀ ਤੋਂ ਵੀ ਤੇਜ਼ ਨੇ ਅੱਖਾਂ ਵਾਲੇ...

ਮੈਂਟਿਸ ਸ਼ਰਿੰਪ ਆਮਤੌਰ 'ਤੇ ਪ੍ਰਸ਼ਾਂਤ ਮਹਾਂਸਾਗਰ 'ਚ ਪਾਇਆ ਜਾਂਦਾ ਹੈ। ਇਹ ਤਿੰਨ ਹਜ਼ਾਰ ਫੁੱਟ ਗਹਿਰੇ ਪਾਣੀ 'ਚ ਰਹਿੰਦਾ ਹੈ। ਉਂਝ ਇਸ ਨੂੰ ਹਿੰਦ ਮਹਾਂਸਾਗਰ 'ਚ ਵੀ ਦੇਖਿਆ ਗਿਆ ਹੈ। ਦੁਨੀਆ 'ਚ ਇਸ ਦੀਆਂ 400 ਤੋਂ ਜ਼ਿਆਦਾ ਪ੍ਰਜਾਤੀਆਂ ਮਿਲਦੀਆਂ ਹਨ। ਜਿਨ੍ਹਾਂ 'ਚੋਂ ਸਭ ਤੋਂ ਆਕਰਸ਼ਕ ਪੀਕਾਕ ਮੈਂਟਿਸ ਸ਼ਰਿੰਪ ਹੁੰਦੀ ਹੈ। ਪੀਕਾਕ ਮੈਂਟਿਸ ਸ਼ਰਿੰਪ ਦਾ ਸਰੀਰ ਦਿਖਾਈ ਦੇਣ 'ਚ ਮੋਰਨੀ ਦੀ ਤਰ੍ਹਾਂ ਹੁੰਦਾ ਹੈ।

- ਆਮਤੌਰ 'ਤੇ ਇਹ ਜੀਵ ਛੋਟਾ ਹੁੰਦਾ ਹੈ। ਇਸ ਦੀ ਲੰਬਾਈ ਲਗਪਗ 4 ਇੰਚ ਹੁੰਦੀ ਹੈ। ਹਾਲਾਂਕਿ ਵਿਗਿਆਨੀਆਂ ਨੇ 18 ਇੰਚ ਤਕ ਦੇ ਮੈਂਟਿਸ ਸ਼ਰਿੰਪ ਵੀ ਦੇਖੇ ਹਨ।
- ਇਸ ਜੀਵ ਦੀਆਂ ਅੱਖਾਂ 'ਚ ਕਈ ਖ਼ੂਬੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਦੋਵੇਂ ਅੱਖਾਂ ਇਨ੍ਹਾਂ ਦੇ ਸਿਰ ਉਪਰ ਇਕ ਐਂਟੀਨੇ ਦੀ ਤਰ੍ਹਾਂ ਉੱਠੀਆਂ ਹੋਈਆਂ ਹੁੰਦੀਆਂ ਹਨ ਅਤੇ ਉੱਭਰੀਆਂ ਹੋਈਆਂ ਹੁੰਦੀਆਂ ਹਨ। ਇੰਨਾ ਹੀ ਨਹੀਂ, ਇਸ ਦੀਆਂ ਦੋਵੇਂ ਅੱਖਾਂ ਦੇ ਵਾਲ ਵੱਖ-ਵੱਖ ਦਿਸ਼ਾਵਾਂ 'ਚ ਕਾਫ਼ੀ ਪਿੱਛੇ ਤਕ ਹੋ ਸਕਦੇ ਹਨ। ਭਾਵ ਇਕ ਅੱਖ ਤੋਂ ਇਹ ਦੂਜੀ ਅੱਖ ਵੱਲ੍ਹ ਦੀਆਂ ਸਾਰੀਆਂ ਚੀਜ਼ਾਂ 'ਤੇ ਗਹਿਰੀ ਨਜ਼ਰ ਰੱਖ ਸਕਦਾ ਹੈ ਤੇ ਉਸ ਸਮੇਂ ਦੂਜੀ ਅੱਖ ਤੋਂ ਚਾਰੇ ਪਾਸੇ ਦੇਖ ਸਕਦਾ ਹੈ।
- ਸਾਡੀਆਂ ਅੱਖਾਂ ਤਿੰਨ ਰੰਗਾਂ ਤੋਂ ਬਣੇ ਇੰਦਰਧਨੁਸ਼ ਨੂੰ ਦੇਖ ਸਕਦੀਆਂ ਹਨ। ਤਿੱਤਲੀ ਪੰਜ ਰੰਗਾਂ ਤੋਂ ਬਣੇ ਇੰਦਰਧਨੁਸ਼ ਨੂੰ ਦੇਖ ਸਕਦੀ ਹੈ ਪਰ ਪੀਕਾਕ ਮੈਂਟਿਸ ਸ਼ਰਿੰਪ 16 ਰੰਗਾਂ ਦੇ ਬਣੇ ਇੰਦਰਧਨੁਸ਼ ਨੂੰ ਵੀ ਦੇਖ ਸਕਦਾ ਹੈ। ਅਜਿਹੀ ਰੋਸ਼ਨੀ ਅਲਟ੍ਰਾ ਵਾਇਲੇਟ ਸਪੈਕਟਰਮ ਨਾਲ ਨਿਕਲਦੀ ਹੈ, ਜਿਸ ਨੂੰ ਸਾਡੀਆਂ ਅੱਖਾਂ ਨਹੀਂ ਦੇਖ ਸਕਦੀਆਂ।
- ਜਦੋਂ ਇਹ ਕੇਕੜੇ, ਘੋਗੇ ਕਠੋਰ ਸਰੀਰ ਵਾਲੇ ਜੀਵਾਂ 'ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਪੰਚ ਮਾਰਨਾ ਕਹਿੰਦੇ ਹਨ। ਇਸ ਦੇ ਪੰਚ ਦੀ ਰਫ਼ਤਾਰ ਇੰਨੀ ਤੇਜ਼ ਹੁੰਦੀ ਹੈ ਕਿ ਪੰਚ ਪੈਂਦੇ ਹੀ ਤੇਜ਼ ਆਵਾਜ਼ ਆਉਂਦੀ ਹੈ, ਚਿੰਗਾਰੀ ਉੱਠਦੀ ਹੈ ਅਤੇ ਉਸ ਜਗ੍ਹਾ ਦੇ ਪਾਣੀ 'ਚ ਭਾਫ਼ ਵੀ ਬਣਦੀ ਹੈ।
ਅਜਿਹੇ ਹਮਲੇ ਨੂੰ ਇਸ ਦਾ ਸਰੀਰ ਨਹੀਂ ਝੱਲਦਾ ਅਤੇ ਇਸ ਦੀ ਲਪੇਟ 'ਚ ਆ ਜਾਂਦਾ ਹੈ। ਵਿਗਿਆਨੀਆਂ ਅਨੁਸਾਰ ਇਸ ਦੇ ਹਮਲੇ ਦੀ ਰਫ਼ਤਾਰ ਪਲਕ ਝਪਕਣ ਨਾਲ ਵੀ 50 ਗੁਣਾ ਤੇਜ਼ ਹੁੰਦੀ ਹੈ ਅਤੇ ਹਮਲੇ ਦੀ ਤਾਕਤ 0.22 ਕੈਲੀਬਰ ਬੁਲੇਟ ਜਿੰਨੀ ਹੁੰਦੀ ਹੈ।
- ਇਹ ਕਾਫ਼ੀ ਖ਼ੂਬਸੂਰਤ ਜੀਵ ਹੈ, ਫਿਰ ਵੀ ਇਸ ਨੂੰ ਇਕੁਵੇਰੀਅਮ 'ਚ ਰੱਖਣ ਦੇ ਬਾਰੇ 'ਚ ਨਾ ਹੀ ਸੋਚੋ ਕਿਉਂਕਿ ਇਹ ਇਕੁਵੇਰੀਅਮ ਦੇ ਸ਼ੀਸ਼ੇ ਤੋੜ ਸਕਦਾ ਹੈ ਅਤੇ ਉੱਥੇ ਖੜ੍ਹੇ ਲੋਕਾਂ ਲਈ ਖ਼ਤਰਨਾਕ ਸਾਬਿਤ ਹੋ ਸਕਦਾ ਹੈ। •



*ਮੈਂਟਿਸ ਸ਼ਰਿੰਪ ਇਕ ਖ਼ੂਬਸੂਰਤ ਜੀਵ ਹੈ ਪਰ ਫਿਰ ਵੀ ਇਸ ਨੂੰ ਇਕੁਵੇਰੀਅਮ 'ਚ ਰੱਖਣ ਬਾਰੇ ਨਾ ਸੋਚੋ...*

*ਤੁਹਾਡੇ 'ਚੋਂ ਜ਼ਿਆਦਾਤਰ ਬੱਚੇ ਕੀੜਿਆਂ ਨੂੰ ਪਸੰਦ ਨਹੀਂ ਕਰਦੇ ਪਰ ਕੀ ਤੁਹਾਨੂੰ ਪਤਾ ਹੈ, ਉਨ੍ਹਾਂ ਦੇ ਆਪਸੀ ਗੱਲਬਾਤ ਕਰਨ ਦਾ ਤਰੀਕਾ ਕਾਫ਼ੀ ਦਿਲਚਸਪ ਹੈ। ਆਓ ਜਾਣੀਏ ਇਨ੍ਹਾਂ ਬਾਰੇ...*

# ਕਿਵੇਂ ਕਰਦੇ ਹਨ ਕੀੜੇ ਗੱਲਬਾਤ





ਕੀਟ ਵਿਗਿਆਨੀਆਂ ਨੇ ਕੀੜਿਆਂ 'ਤੇ ਕਾਫ਼ੀ ਖੋਜ ਕੀਤੀ ਹੈ। ਕੀੜਿਆਂ ਦੇ ਸੰਵਾਦ ਭਾਵ ਗੱਲਬਾਤ 'ਤੇ ਅਮਰੀਕੀ ਕੀਟ ਵਿਗਿਆਨੀਆਂ ਦਾ ਵਿਚਾਰ ਹੈ ਕਿ ਕੀੜੇ ਵੀ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਜੇ ਉਨ੍ਹਾਂ 'ਚ ਇਹ ਸਮਰੱਥਾ ਨਾ ਹੁੰਦੀ ਤਾਂ ਉਨ੍ਹਾਂ ਦਾ ਜਿਊਂਦੇ ਰਹਿਣਾ ਅਸੰਭਵ ਹੁੰਦਾ।

### ਦਿਲ ਦੀਆਂ ਗੱਲਾਂ

ਹਾਲਾਂਕਿ ਛੋਟੇ ਕੀੜਿਆਂ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਉਹ ਆਪਸ 'ਚ ਮਿਲ ਕੇ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਜਾਣ ਜਾਂਦੇ ਹਨ। ਇਸ ਤਰ੍ਹਾਂ ਉਹ ਹਲਕੇ-ਹਲਕੇ ਸੰਕੇਤਾਂ ਨਾਲ ਆਪਸੀ ਗੱਲਬਾਤ ਕਰਦੇ ਹਨ।

### ਪੈਰਾਂ ਨੂੰ ਰਗੜ ਕੇ ਕਰਦੇ ਹਨ ਆਵਾਜ਼

ਜਰਮਨ ਕੀਟ ਵਿਗਿਆਨੀਆਂ ਨੇ ਟਿੱਡਿਆਂ ਦੀ ਭਾਸ਼ਾ ਨੂੰ ਲੱਭਣ ਲਈ ਯੂਰਪ ਦੇ ਜੰਗਲਾਂ 'ਚ ਖੋਜ ਕੀਤੀ। ਉਨ੍ਹਾਂ ਨੇ ਟਿੱਡਿਆਂ ਦੀਆਂ 400 ਆਵਾਜ਼ਾਂ ਰਿਕਾਰਡ ਕੀਤੀਆਂ।

### ਡਾਂਸ ਵੀ ਹੈ ਮਾਧਿਅਮ

ਮਧੂਮੱਖੀ ਮਾਹਿਰ ਵਿਗਿਆਨੀਆਂ ਨੇ ਮਧੂਮੱਖੀਆਂ ਦੀ ਗੱਲਬਾਤ ਦੇ ਮਾਧਿਅਮ ਨੂੰ ਡਾਂਸ ਮੰਨਿਆ ਹੈ। ਉਹ ਕਲਾਬਾਜ਼ੀਆਂ ਕਰਦੀਆਂ ਹਨ ਤੇ ਆਪਣੇ ਸਾਥੀਆਂ ਨੂੰ ਸੰਕੇਤ ਦਿੰਦੀਆਂ ਹਨ। ਇਸ ਆਧਾਰ 'ਤੇ ਉਨ੍ਹਾਂ ਦਾ ਝੁੰਡ ਫੁੱਲਾਂ ਦਾ ਰਸ ਪ੍ਰਾਪਤ ਕਰਨ ਲਈ ਸਹੀ ਦਿਸ਼ਾ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਕਾਰਲਬਾਲ ਨੇ ਮਧੂਮੱਖੀ ਦੇ ਡਾਂਸ 'ਤੇ ਇਕ ਫਿਲਮ ਵੀ ਬਣਾਈ ਹੈ।

### ਰੋਸ਼ਨੀ

ਜੁਗਨੂੰ ਵਰਗੇ ਕਈ ਕੀੜੇ ਆਪਣੇ ਸਰੀਰ ਤੋਂ ਰੋਸ਼ਨੀ ਕੱਢਦੇ ਹਨ। ਕੈਲ ਕੀੜਾ ਤਾਂ ਰੇਲਵੇ ਦੇ ਸਿਗਨਲ ਦੀ ਤਰ੍ਹਾਂ ਲਾਲ, ਹਰੀ ਰੋਸ਼ਨੀ ਜਲਾਉਂਦਾ-ਬੁਝਾਉਂਦਾ ਹੈ। ਉਨ੍ਹਾਂ ਦੇ ਜਲਣ-ਬੁੱਝਣ ਅਤੇ ਤੇਜ਼ 'ਚ ਥੋੜ੍ਹਾ ਅੰਤਰ ਹੁੰਦਾ ਹੈ। ਉਸ ਨਾਲ ਉਹ ਆਪਣੀ ਜਾਤੀ ਦੇ ਹੋਰ ਕੀੜਿਆਂ ਨਾਲ ਗੱਲਬਾਤ ਕਰਦੇ ਹਨ।

### ਸੁੰਘਣ ਨਾਲ ਲੱਗਦਾ ਹੈ ਸਾਥੀ ਦਾ ਪਤਾ

ਕਿੰਨੇ ਹੀ ਕੀੜਿਆਂ ਦਾ ਕੰਮ ਉਨ੍ਹਾਂ ਦੀ ਸੁੰਘਣ ਸ਼ਕਤੀ ਨਾਲ ਲਗਦਾ ਹੈ। ਜੀਵਨ 'ਚ ਉਪਯੋਗੀ ਕਿੰਨੀਆਂ ਹੀ ਜਾਣਕਾਰੀਆਂ ਤੇ ਵਸਤੂਆਂ ਤੇ ਜੀਵਾਂ ਦੇ ਸਰੀਰ ਤੋਂ ਨਿਕਲਣ ਵਾਲੀ ਗੰਧ ਦੇ ਆਧਾਰ 'ਤੇ ਪ੍ਰਾਪਤ ਕਰ ਲੈਂਦੇ ਹਨ।

### ਕੀੜੀਆਂ

ਕੀੜੀਆਂ ਆਪਣੇ ਸਰੀਰ ਤੋਂ ਇਕ ਰਸ ਕੱਢਦੀਆਂ ਹਨ ਤਾਂ ਕਿ ਹੋਰ ਕੀੜੀਆਂ ਉਨ੍ਹਾਂ ਦੇ ਬੁਲਾਉਣ 'ਤੇ ਵਿਸ਼ੇਸ਼ ਕੰਮ ਲਈ ਉਨ੍ਹਾਂ ਦੇ ਰਸਤੇ ਨੂੰ ਸੁੰਘਦੀਆਂ ਹੋਈਆਂ ਪਿੱਛੇ ਆਉਣ। ਕੀੜੀਆਂ ਲਾਈਨ 'ਤੇ ਇਸ ਸਹਾਰੇ ਹੀ ਚਲਦੀਆਂ ਹਨ।

- ਸ਼ਹਿਦ ਦੀ ਮੱਖੀ ਦੀ ਆਵਾਜ਼ ਵੀ ਤੁਸੀਂ ਸੁਣੀ ਹੀ ਹੋਵੇਗੀ। ਜਦੋਂ ਇਸ ਦੇ ਚਾਰੇ ਖੰਭ ਘੁੰਮਦੇ ਹਨ ਤਾਂ ਇਹ ਆਵਾਜ਼ 11,400 ਸਟ੍ਰੋਕ ਪ੍ਰਤੀ ਮਿੰਟ ਹੁੰਦੀ ਹੈ। ਮਧੂਮੱਖੀ 25 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡਦੀ ਹੈ।
- ਅਫਰੀਕਾ ਦੀ ਸੀਸੀ ਮੱਖੀ ਹਰ ਸਾਲ 66,000 ਲੋਕਾਂ ਦੀ ਜਾਨ ਲੈ ਲੈਂਦੀ ਹੈ।
- ਜਰਮਨ ਕਾਕਰੋਚ ਦੁਨੀਆ ਦਾ ਸਭ ਤੋਂ ਲਚਕੀਲਾ ਜੀਵ ਹੈ। ਇਹ ਪਰਮਾਣੂ ਹਮਲੇ ਤੋਂ ਬਾਅਦ ਵੀ ਜਿਊਂਦਾ ਰਹਿ ਸਕਦਾ ਹੈ। •

### ਅੱਖਾਂ ਨਾਲ ਵੀ ਕਰਦੇ ਹਨ ਗੱਲਾਂ

ਕੀਟ ਵਿਗਿਆਨੀਆਂ ਅਨੁਸਾਰ ਪੰਛੀ ਹੀ ਨਹੀਂ, ਕੀੜੇ ਵੀ ਅੱਖਾਂ ਦੇ ਇਸ਼ਾਰਿਆਂ ਨਾਲ ਆਪਣੇ ਮਨ ਦੀਆਂ ਗੱਲਾਂ ਸਾਥੀਆਂ ਨੂੰ ਦਸ ਦਿੰਦੇ ਹਨ।

### ਪ੍ਰੇਇੰਗ ਮੈਂਟਿਸ

ਇਹ ਕੀਟ ਆਪਣੇ ਅੱਗੇ ਦੇ ਪੈਰ ਇਸ ਤਰ੍ਹਾਂ ਜੋੜ ਕੇ ਰੱਖਦਾ ਹੈ ਜਿਵੇਂ ਪ੍ਰਾਰਥਨਾ ਕਰ ਰਿਹਾ ਹੋਵੇ। ਇਹ ਡੱਡੂ, ਸੱਪ ਤੇ ਚਿੜੀ ਨੂੰ ਆਪਣਾ ਸ਼ਿਕਾਰ ਬਣਾ ਲੈਂਦਾ ਹੈ।

### ਸਪਿਨੀ ਫਲਾਵਰ ਮੈਂਟਿਸ

ਇਸ ਦੀ ਬਣਾਵਟ ਫੁੱਲ ਦੀ ਤਰ੍ਹਾਂ ਹੁੰਦੀ ਹੈ। ਇਸ ਦੀ ਲੰਬਾਈ 4 ਸੈਂਟੀਮੀਟਰ ਤਕ ਹੁੰਦੀ ਹੈ। ਇਹ ਦੱਖਣੀ ਅਫ਼ਰੀਕਾ 'ਚ ਮਿਲਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮਾਦਾ ਦੇ ਆਂਡਿਆਂ ਦੀ ਥੈਲੀ ਉਨ੍ਹਾਂ ਦੇ ਆਕਾਰ ਤੋਂ ਤਿੰਨ ਗੁਣਾਂ ਵੱਡੀ ਹੁੰਦੀ ਹੈ।

### ਸਕਾਰਪੀਅਨ ਫਲਾਈ

ਇਸ ਨੂੰ ਦੇਖ ਕਿ ਇਕ ਵਾਸਪ ਦੀ ਪਿੱਠ 'ਤੇ ਬਿੱਛੂ ਦਾ ਡੰਗ ਲੱਗਿਆ ਹੋਵੇ। ਇਹ ਪੂਰੀ ਦੁਨੀਆ 'ਚ ਮਿਲਦੀ ਹੈ। ਇਸ ਨੂੰ ਤਿੱਤਲੀ ਅਤੇ ਪਤੰਗਿਆਂ ਦਾ ਪੂਰਵਜ ਮੰਨਿਆ ਜਾਂਦਾ ਹੈ ਅਤੇ ਇਹ ਉਨ੍ਹਾਂ ਦੇ ਲੇਪੀਡੋਪਟਰਾ ਪਰਿਵਾਰ 'ਚ ਹੀ ਆਉਂਦੀ ਹੈ।



## ਬਾਲ ਕੈਨਵਸ



ਸ਼ੰਮੀ
ਜਮਾਤ : ਅੱਠਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



ਪ੍ਰੀਤੀ
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



ਕ੍ਰਿਸ਼ਨਾ
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੋਪੜ।



ਲਵਪ੍ਰੀਤ
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਾਨਸਾ।




ਸਵਰਨਜੀਤ ਕੌਰ
ਜਮਾਤ : ਅੱਠਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।

# ਭਾਰਤ ਵਿੱਚ ਵੋਟਾਂ ਦੀ ਗਿਣਤੀ ਸਿਰਫ਼ ਪ੍ਰਕਿਰਿਆਤਮਕ ਅਭਿਆਸ ਨਹੀਂ ਸਗੋਂ ਸੰਸਥਾਗਤ ਵਿਸ਼ਵਾਸ-ਨਿਰਮਾਣ ਪ੍ਰਕਿਰਿਆ : ਮੁੱਖ ਚੋਣ ਅਧਿਕਾਰੀ ਪੰਜਾਬ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2025 ਦੇ ਸ਼ੁਰੂ ਤੱਕ ਰਜਿਸਟਰਡ ਹੋਏ ਲਗਭਗ 991 ਮਿਲੀਅਨ ਵੋਟਰਾਂ ਦੇ ਨਾਲ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਅਤੇ ਗੁੰਝਲਦਾਰ ਲੋਕਤੰਤਰੀ ਅਭਿਆਸ ਨੂੰ ਅੰਜਾਮ ਦਿੰਦਾ ਹੈ। ਹਰ ਵੋਟ ਦੀ ਸਹੀ ਅਤੇ ਪਾਰਦਰਸ਼ੀ ਢੰਗ ਨਾਲ ਗਿਣਤੀ ਯਕੀਨੀ ਬਣਾਉਣਾ ਹੀ ਭਾਰਤ ਦੇ ਚੋਣ ਲੋਕਤੰਤਰੀ ਢਾਂਚੇ ਦਾ ਆਧਾਰ ਰਿਹਾ ਹੈ। ਨਵੀਂ ਦਿੱਲੀ ਵਿੱਚ ਲੋਕਤੰਤਰ ਅਤੇ ਚੋਣ ਪ੍ਰਬੰਧਨ ’ਤੇ ਅੰਤਰਰਾਸ਼ਟਰੀ ਕਾਨਫਰੰਸ (ਆਈ.ਆਈ.ਸੀ.ਡੀ.ਈ.ਐਮ.) 2026 ਵਿੱਚ ਚੋਣ ਪ੍ਰਕਿਰਿਆ ਦੇ ਅਹਿਮ ਪੜਾਅ ਵਜੋਂ ਵੋਟ ਗਿਣਤੀ ਦੀ ਮਹੱਤਤਾ ਬਾਰੇ ਬੋਲਦਿਆਂ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਰਤ ਦੀ ਵੋਟਾਂ ਦੀ ਗਿਣਤੀ ਇੱਕ ਮਜ਼ਬੂਤ ਸੰਵਿਧਾਨਕ ਫ਼ਤਵੇ ਅਤੇ ਲੋਕ ਪ੍ਰਤੀਨਿਧਤਾ ਐਕਟ, 1951 ਅਤੇ ਕੰਡਕਟ ਆਫ਼ ਇਲੈਕਸ਼ਨ ਰੂਲਜ਼, 1961 ਤਹਿਤ ਵਿਆਪਕ ਕਾਨੂੰਨੀ ਢਾਂਚੇ ਦੁਆਰਾ ਕੀਤੀ ਜਾਂਦੀ ਹੈ। ਇਹ ਵਿਵਸਥਾਵਾਂ ਦੇਸ਼ ਭਰ ਵਿੱਚ ਚੋਣ ਨਤੀਜਿਆਂ ਦੀ ਘੋਸ਼ਣਾ ਦੌਰਾਨ ਇਕਸਾਰਤਾ, ਨਿਰੰਤਰਤਾ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਣਾਉਂਦੀਆਂ ਹਨ।



ਭਾਰਤ ਦਾ ਪੇਪਰ ਬੈਲਟ ਤੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮਜ਼), ਜੋ ਵੋਟਰ ਵੈਰੀਫਾਈਬਲ ਪੇਪਰ ਆਡਿਟ ਟ੍ਰੇਲ (ਵੀਵੀਪੀਏਟੀ) ਪ੍ਰਣਾਲੀਆਂ ਨਾਲ ਲੈਸ ਹਨ, ਵੱਲ ਤਬਦੀਲ ਹੋਣ ਨਾਲ ਪਾਰਦਰਸ਼ਤਾ, ਕੁਸ਼ਲਤਾ ਅਤੇ ਵੋਟਰ ਵਿਸ਼ਵਾਸ ਵਧਿਆ ਹੈ। ਵੋਟਾਂ ਦੀ ਗਿਣਤੀ ਇੱਕ ਬਹੁਤ ਹੀ ਨਿਯੰਤ੍ਰਿਤ ਮਾਹੌਲ ਵਿੱਚ ਕੀਤੀ ਜਾਂਦੀ ਹੈ ਜਿਸ ਵਿੱਚ ਗਿਣਤੀ ਕੇਂਦਰਾਂ ਦੀ ਸੁਚੱਜੀ ਯੋਜਨਾਬੰਦੀ, ਗਿਣਤੀ ਲਈ ਗਿਣੀਆਂ-ਮਿੱਥੀਆਂ ਮੇਜ਼ਾਂ ਅਤੇ ਉਮੀਦਵਾਰਾਂ ਜਾਂ ਉਨ੍ਹਾਂ ਦੇ ਅਧਿਕਾਰਤ ਗਿਣਤੀ ਏਜੰਟਾਂ ਦੀ ਲਾਜ਼ਮੀ ਮੌਜੂਦਗੀ ਯਕੀਨੀ ਬਣਾਈ ਜਾਂਦੀ ਹੈ। ਮੁੱਖ ਚੋਣ ਅਧਿਕਾਰੀ, ਪੰਜਾਬ ਦੀ ਪ੍ਰਧਾਨਗੀ ਹੇਠ ਹੋਏ ਇੱਕ ਸੈਸ਼ਨ ਦੌਰਾਨ ਬੋਲਦਿਆਂ ਉਨ੍ਹਾਂ ਦੱਸਿਆ ਕਿ ਈ.ਵੀ.ਐਮ. ਅਤੇ ਵੀ.ਵੀ.ਪੀ.ਏ.ਟੀ. ਦੀ ਸੁਰੱਖਿਆ ਬਹੁ-ਪੱਧਰੀ ਪ੍ਰਬੰਧਾਂ ਦੁਆਰਾ ਯਕੀਨੀ ਬਣਾਈ ਜਾਂਦੀ ਹੈ, ਜਿਸ ਵਿੱਚ ਸੁਰੱਖਿਅਤ ਆਵਾਜਾਈ, ਸੀਲਿੰਗ ਪ੍ਰੋਟੋਕੋਲ, ਚੌਵੀ ਘੰਟੇ ਸੀਸੀਟੀਵੀ ਨਿਗਰਾਨੀ ਅਤੇ ਸਟਰਾਂਗ ਰੂਮਾਂ ਵਿੱਚ ਕੇਂਦਰੀ ਅਤੇ ਰਾਜ ਸੁਰੱਖਿਆ ਬਲਾਂ ਦੀ ਤਾਇਨਾਤੀ ਸ਼ਾਮਲ ਹੈ। ਭਾਰਤ ਦੇ ਚੋਣ ਕਮਿਸ਼ਨ ਵੱਲੋਂ ਨਿਯੁਕਤ ਕੀਤੇ ਗਏ ਨਿਰੀਖਕ ਪੂਰੀ ਨਿਰਪੱਖਤਾ ਅਤੇ ਨਿਯਮਾਂ ਦੀ ਸਖ਼ਤੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਾਰੀ ਪ੍ਰਕਿਰਿਆ ਦੀ ਨੇੜਿਓਂ ਨਿਗਰਾਨੀ ਕਰਦੇ ਹਨ।

‘ਹਰ ਵੋਟ ਮਾਇਨੇ ਰੱਖਦੀ ਹੈ’ ’ਤੇ ਜ਼ੋਰ ਦਿੰਦਿਆਂ ਮੁੱਖ ਚੋਣ ਅਧਿਕਾਰੀ ਪੰਜਾਬ ਨੇ ਕਿਹਾ ਕਿ ਵੋਟਾਂ ਦੀ ਆਜ਼ਾਦ ਅਤੇ ਨਿਰਪੱਖ ਗਿਣਤੀ ਚੁਣੀ ਹੋਈ ਸਰਕਾਰ ਦੀ ਸਮਾਨਤਾ, ਸਮਾਵੇਸ਼ ਅਤੇ ਜਾਇਜ਼ਤਾ ਦੇ ਸਿਧਾਂਤਾਂ ਨੂੰ ਬਰਕਰਾਰ ਰੱਖਦੀ ਹੈ। ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ ਕਿ ਬਜ਼ੁਰਗ ਵੋਟਰਾਂ, ਦਿਵਿਆਂਗਜਨਾ ਅਤੇ ਹਾਸ਼ੀਏ ’ਤੇ ਧੱਕੇ ਹੋਰ ਸਮੂਹਾਂ ਦਾ ਫ਼ਤਵਾ ਵੀ ਅੰਤਿਮ ਨਤੀਜੇ ਵਿੱਚ ਵਾਜਿਬ ਢੰਗ ਨਾਲ ਸ਼ਾਮਲ ਹੋਵੇ।

ਜ਼ਿਕਰਯੋਗ ਹੈ ਕਿ ਗ਼ਲਤ ਜਾਣਕਾਰੀ, ਲੰਬੇ ਸਮੇਂ ਤੱਕ ਗਿਣਤੀ ਕਰਨ ਦੌਰਾਨ ਸਟਾਫ ਦੀ ਥਕਾਵਟ, ਤਕਨੀਕੀ ਦਿੱਕਤਾਂ ਅਤੇ ਮੌਸਮ ਦੀ ਖ਼ਰਾਬੀ ਵਰਗੀਆਂ ਅਚਨਚੇਤ ਚੁਣੌਤੀਆਂ ਨੂੰ ਮੱਦੇਨਜ਼ਰ ਰੱਖਦਿਆਂ ਚੋਣ ਕਮਿਸ਼ਨ, ਗਿਣਤੀ ਪ੍ਰਕਿਰਿਆ ਦੀ ਮਜ਼ਬੂਤੀ ਨੂੰ ਬਣਾਈ ਰੱਖਣ ਲਈ ਸਿਖਲਾਈ, ਲੌਜਿਸਟਿਕਸ ਅਤੇ ਤਕਨੀਕੀ ਸੁਰੱਖਿਆ ਨੂੰ ਲਗਾਤਾਰ ਮਜ਼ਬੂਤ ਕਰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਭਾਰਤ ਵਿੱਚ ਵੋਟਾਂ ਦੀ ਗਿਣਤੀ ਸਿਰਫ਼ ਇੱਕ ਪ੍ਰਕਿਰਿਆਤਮਕ ਅਭਿਆਸ ਨਹੀਂ ਸਗੋਂ ਇੱਕ ਸੰਸਥਾਗਤ ਵਿਸ਼ਵਾਸ-ਨਿਰਮਾਣ ਪ੍ਰਕਿਰਿਆ ਹੈ, ਜੋ ਲੋਕਤੰਤਰ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ। ਚੋਣ ਕਮਿਸ਼ਨ ਹਰ ਨਾਗਰਿਕ ਨੂੰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਉਸ ਦੀ ਵੋਟ ਸੁਰੱਖਿਅਤ, ਮੁੱਲਵਾਨ ਹੈ ਅਤੇ ਪੂਰੀ ਇਮਾਨਦਾਰੀ ਨਾਲ ਗਿਣੀ ਜਾਂਦੀ ਹੈ।

# ਮਿਆਰੀ ਖੋਜ ਕੇਵਲ ਅੰਕੜੇ ਇਕੱਠੇ ਕਰਨਾ ਨਹੀਂ ਹੁੰਦੀ: ਉਪ-ਕੁਲਪਤੀ ਡਾ. ਜਗਦੀਪ ਸਿੰਘ

**ਪਟਿਆਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ.-ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ (ਐਮ.ਐਮ.ਟੀ.ਟੀ.ਸੀ.) ਵੱਲੋਂ ‘ਰਿਸਰਚ ਮੈਥਡੋਲੋਜੀ’ (ਖੋਜ ਵਿਧੀ) ਸਬੰਧੀ ਵਿਸ਼ੇ ਉੱਤੇ ਕਰਵਾਇਆ ਗਿਆ 12-ਰੋਜ਼ਾ ਅੰਤਰ-ਅਨੁਸ਼ਾਸਨੀ ਆਨਲਾਈਨ ਰਿਫ਼ਰੈਸ਼ਰ ਕੋਰਸ ਸਫਲਤਾਪੂਰਵਕ ਸੰਪੰਨ ਹੋ ਗਿਆ ਹੈ।




ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਸਮਾਪਤੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਖੋਜ ਵਿਧੀ ਅਰਥਪੂਰਨ ਅਤੇ ਨੈਤਿਕ ਖੋਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਮਿਆਰੀ ਖੋਜ ਕੇਵਲ ਅੰਕੜੇ ਇਕੱਠੇ ਕਰਨਾ ਨਹੀਂ, ਸਗੋਂ ਸਹੀ ਸਵਾਲ ਪੁੱਛਣ ਅਤੇ ਨੈਤਿਕਤਾ ਨੂੰ ਕਾਇਮ ਰੱਖਦਿਆਂ ਸਮਾਜਿਕ ਕਦਰਾਂ ਕੀਮਤਾਂ ਪੈਦਾ ਕਰਨ ਬਾਰੇ ਹੁੰਦੀ ਹੈ।

ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਉਪ-ਕੁਲਪਤੀ ਪ੍ਰੋ. (ਡਾ.) ਰੇਣੂ ਵਿੱਗ ਨੇ ਖੋਜਾਰਥੀਆਂ ਲਈ ਸਾਹਿਤਕ ਸਮੀਖਿਆ, ਪੇਟੈਂਟ, ਟੈਕਨਾਲੋਜੀ ਟ੍ਰਾਂਸਫਰ ਅਤੇ ਸਟਾਰਟ-ਅੱਪਸ ਦੀ ਮਹੱਤਤਾ ’ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਇਹ ਕੋਰਸ ਅਕਾਦਮਿਕ ਖੇਤਰ ਵਿੱਚ ਖੋਜ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਵਧਾਉਣ ਵਿੱਚ ਸਹਾਈ ਸਿੱਧ ਹੋਵੇਗਾ।

ਐਮ.ਐਮ.ਟੀ.ਟੀ.ਸੀ. ਦੇ ਡਾਇਰੈਕਟਰ ਪ੍ਰੋ. (ਡਾ.) ਰਮਨ ਮੈਣੀ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਕੋਰਸ ਅਧਿਆਪਕਾਂ ਨੂੰ ਨਵੀਨਤਮ ਖੋਜ ਸਾਧਨਾਂ ਅਤੇ ਅਕਾਦਮਿਕ ਇਮਾਨਦਾਰੀ (Plagiarism) ਪ੍ਰਤੀ ਜਾਗਰੂਕ ਕਰਨ ਲਈ ਉਲੀਕਿਆ ਗਿਆ ਸੀ। ਕੋਰਸ ਕੋਆਰਡੀਨੇਟਰ ਡਾ. ਸੁਰੇਸ਼ ਕੁਮਾਰ ਅਤੇ ਕੋ-ਕੋਆਰਡੀਨੇਟਰ ਡਾ. ਭਾਰਤੀ ਸਪਰਾ ਨੇ ਪ੍ਰੋਗਰਾਮ ਦੀ ਸਫਲਤਾ ਬਾਰੇ ਦੱਸਦਿਆਂ ਕਿਹਾ ਕਿ ਇਸ ਵਿੱਚ ਦੇਸ਼ ਭਰ ਦੇ ਵੱਖ-ਵੱਖ ਅਨੁਸ਼ਾਸਨਾਂ ਦੇ ਅਧਿਆਪਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਕੋਰਸ ਦੌਰਾਨ ਡਾਟਾ ਵਿਸ਼ਲੇਸ਼ਣ, ਖੋਜ ਡਿਜ਼ਾਈਨ ਅਤੇ ਡਿਜੀਟਲ ਟੂਲਸ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ।

# ਗਣਤੰਤਰ ਦਿਵਸ ਲਈ ਪੰਜਾਬ ਸਰਕਾਰ ਦੀ ਝਾਕੀ ਮਨੁੱਖੀ ਏਕਤਾ ਦੇ ਅਧਿਆਤਮਕ ਨੂਰ ਅਤੇ ਕੁਰਬਾਨੀ ਦੀ ਭਾਵਨਾ ਦਾ ਪ੍ਰਤੀਕ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਣਤੰਤਰ ਦਿਵਸ ਪਰੇਡ- 2026 ਲਈ ਪੰਜਾਬ ਸਰਕਾਰ ਦੁਆਰਾ ਤਿਆਰ ਕੀਤੀ ਗਈ ਝਾਕੀ ਮਨੁੱਖੀ ਏਕਤਾ, ਦਇਆ-ਭਾਵਨਾ ਅਤੇ ਧਾਰਮਿਕ ਕਦਰਾਂ-ਕੀਮਤਾਂ ਦੇ ਉੱਚਤਮ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਅਧਿਆਤਮਕਤਾ ਅਤੇ ਕੁਰਬਾਨੀ ਦੀ ਨਿਰਸਵਾਰਥ ਭਾਵਨਾ ਦਾ ਵਿਲੱਖਣ ਪ੍ਰਤੀਕ ਹੈ।




ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਝਾਕੀ ਦੇ ਦੋ ਹਿੱਸੇ ਹਨ- ਟਰੈਕਟਰ ਅਤੇ ਟ੍ਰੇਲਰ।

ਝਾਕੀ ਦੇ ਟਰੈਕਟਰ ਹਿੱਸੇ ਵਿੱਚ ਹੱਥ ਦਾ ਨਿਸ਼ਾਨ ਬਣਿਆ ਹੋਇਆ ਹੈ ਜੋ ਮਨੁੱਖਤਾਵਾਦੀ ਅਤੇ ਦਇਆ-ਭਾਵਨਾ ਵਾਲੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਿਆਂ ਅਧਿਆਤਮਿਕਤਾ ਦਾ ਚਾਨਣ ਬਿਖੇਰਦਾ ਹੈ। ਇਸਦੇ ਨਾਲ ਹੀ ਇਸਦੇ ਮੂਹਰਲੇ ਹਿੱਸੇ ਵਿੱਚ ‘ਏਕ ਓਂਕਾਰ’ (ਪਰਮਾਤਮਾ ਇੱਕ ਹੈ) ਦਾ ਨਿਸ਼ਾਨ, ਜਿਸਨੂੰ ਘੁੰਮਦੇ ਹੋਏ ਦਿਖਾਇਆ ਗਿਆ ਹੈ ਅਤੇ ਕੱਪੜੇ ਦਾ ਇੱਕ ਟੁਕੜਾ ਜਿਸ ’ਤੇ ‘ਹਿੰਦ ਦੀ ਚਾਦਰ’ ਦੀ ਉਕਰੀ ਹੋਈ ਲਿਖਤ ਹੈ, ਜੋ ਜ਼ੁਲਮ ਤੋਂ ਰਾਖੀ ਦੀ ਗੁਹਾਰ ਲਾਉਣ ਵਾਲਿਆਂ ਲਈ ਸੁਰੱਖਿਆ ਦਾ ਪ੍ਰਤੀਕ ਹੈ।

ਟ੍ਰੇਲਰ ਵਾਲੇ ਹਿੱਸੇ ਵਿੱਚ ਰਾਗੀ ਸਿੰਘਾਂ ਦੁਆਰਾ ਸ਼ਬਦ ਕੀਰਤਨ ਕੀਤਾ ਜਾ ਰਿਹਾ ਹੈ ਜਿਸਦੇ ਪਿੱਛਲੇ ਹਿੱਸੇ ਵਿੱਚ ਖੰਡਾ ਸਾਹਿਬ ਦਾ ਨਿਸ਼ਾਨ ਹੈ ਜੋ ਸਮੁੱਚੇ ਆਲੇ ਦੁਆਲੇ ਨੂੰ ਇੱਕ ਅਲੌਕਿਕ ਤੇ ਅਧਿਆਤਮਕ ਰੰਗਤ ਵਿੱਚ ਰੰਗਦਾ ਹੈ। ਇਹ ਅਸਥਾਨ ਦਿੱਲੀ ਦੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦੇ ਬਿਲਕੁਲ ਸਾਹਮਣੇ ਸੁਸ਼ੋਭਿਤ ਹੈ ਅਤੇ ਇਸ ਚੌਕ ’ਤੇ ਰੋਜ਼ਾਨਾ ਸ਼ਬਦ ਕੀਰਤਨ ਹੁੰਦਾ ਹੈ। ਟ੍ਰੇਲਰ ਵਾਲੇ ਹਿੱਸੇ ਦੇ ਕਿਨਾਰੇ ’ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦਾ ਮਾਡਲ ਸੁਸ਼ੋਭਿਤ ਹੈ, ਜਿਸ ਅਸਥਾਨ ਵਿਖੇ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ।

ਸਾਈਡ ਪੈਨਲ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖਾਂ ਭਾਈ ਮਤੀ ਦਾਸ ਜੀ, ਜਿਨ੍ਹਾਂ ਨੂੰ ਜ਼ਿੰਦਾ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਸੀ, ਭਾਈ ਸਤੀ ਦਾਸ ਜੀ, ਜਿਨ੍ਹਾਂ ਨੂੰ ਉੱਨ ਵਿੱਚ ਲਪੇਟ ਕੇ ਜ਼ਿੰਦਾ ਸਾੜ ਦਿੱਤਾ ਗਿਆ ਸੀ ਅਤੇ ਭਾਈ ਦਿਆਲਾ ਜੀ, ਜਿਨ੍ਹਾਂ ਨੂੰ ਉਬਲਦੀ ਦੇਗ ਵਿੱਚ ਪਾ ਕੇ ਸ਼ਹੀਦ ਕੀਤਾ ਗਿਆ ਸੀ, ਦੀ ਸ਼ਹਾਦਤ ਨੂੰ ਦਰਸਾਉਂਦੇ ਹਨ। ਇਹ ਸਿੱਖ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸਮਰਪਿਤ ਸ਼ਰਧਾਲੂ ਸਨ ਅਤੇ ਗੁਰੂ ਸਾਹਿਬ ਦੇ ਉੱਚਤਮ ਆਦਰਸ਼ਾਂ ਦੀ ਨਿਤਨੇਮ ਨਾਲ ਪਾਲਣਾ ਕਰਦੇ ਹੋਏ ਉਨ੍ਹਾਂ ਨੇ ਸ਼ਹਾਦਤ ਦਾ ਰਾਹ ਚੁਣਿਆ। ਬੁਲਾਰੇ ਨੇ ਅੱਗੇ ਕਿਹਾ ਕਿ ਇਨ੍ਹਾਂ ਸਿੱਖ ਸ਼ਰਧਾਲੂਆਂ ਦੀ ਸ਼ਹਾਦਤ ਨੇ ਮਨੁੱਖਤਾ ਲਈ ਇੱਕ ਅਲੌਕਿਕ ਮਿਸਾਲ ਕਾਇਮ ਕੀਤੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਹਾੜਾ 23 ਨਵੰਬਰ ਤੋਂ 29 ਨਵੰਬਰ, 2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ ਸੀ, ਜਿਸ ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ ਪੂਰੀ ਸ਼ਰਧਾ-ਭਾਵਨਾ ਤੇ ਧਾਰਮਿਕ ਜਾਹੋ-ਜਲਾਲ ਨਾਲ ਕਰਵਾਏ ਗਏ।

ਸੂਬਾ ਸਰਕਾਰ ਨੇ ਪਹਿਲੀ ਵਾਰ ਭਾਈ ਜੈਤਾ ਜੀ ਯਾਦਗਾਰ ਵਿਖੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਕਰਵਾਇਆ ਜਿਸ ਨਾਲ ਇਹ ਇਤਿਹਾਸ ਦੇ ਪੰਨਿਆਂ ਵਿੱਚ ਇੱਕ ਵਿਲੱਖਣ ਸਮਾਗਮ ਬਣ ਗਿਆ ਹੈ।

ਧਾਰਮਿਕ ਸਮਾਗਮ 25 ਅਕਤੂਬਰ, 2025 ਨੂੰ ਨਵੀਂ ਦਿੱਲੀ ਦੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਅਰਦਾਸ ਨਾਲ ਸ਼ੁਰੂ ਹੋਏ। ਇਸੇ ਤਰ੍ਹਾਂ ਸ੍ਰੀਨਗਰ (ਜੰਮੂ ਤੇ ਕਸ਼ਮੀਰ), ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਫਰੀਦਕੋਟ ਅਤੇ ਗੁਰਦਾਸਪੁਰ ਤੋਂ ਨਗਰ ਕੀਰਤਨ ਚੱਲ ਕੇ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਏ। ਇਸ ਤੋਂ ਇਲਾਵਾ ਪੂਰੇ ਪੰਜਾਬ ਵਿੱਚ ਨਗਰ ਕੀਰਤਨ ਅਤੇ ਧਾਰਮਿਕ ਸਮਾਗਮ ਕਰਵਾਏ ਗਏ।

## ਹਲਕਾ ਸਨੌਰ ਦੇ ਛੇ ਪਿੰਡਾਂ ਵਿੱਚ ਆਗਣਵਾੜੀ ਸੈਂਟਰਾਂ ਦਾ ਉਦਘਾਟਨ

# 42 ਲੱਖ ਰੁਪਏ ਦੀ ਲਾਗਤ ਨਾਲ ਵੱਖ ਵੱਖ ਆਂਗਨਵਾੜੀ ਸੈਂਟਰਾਂ ਰਾਹੀਂ ਬੱਚਿਆਂ ਅਤੇ ਮਹਿਲਾਵਾਂ ਨੂੰ ਮਿਲਣਗੀਆਂ ਬਿਹਤਰ ਸਹੂਲਤਾਂ : ਹਡਾਣਾ

**ਸਨੌਰ,27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਵਿੱਚ ਬੱਚਿਆਂ ਅਤੇ ਮਹਿਲਾਵਾਂ ਦੀ ਸਿਹਤ, ਪੋਸ਼ਣ ਅਤੇ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਿਆ ਗਿਆ। ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਵੱਲੋਂ ਹਲਕੇ ਦੇ ਵੱਖ-ਵੱਖ ਛੇ ਪਿੰਡ ਅਸਰਪੁਰ, ਕਸਬਾ ਰੁੜਕੀ ਸੰਕਰਪੁਰ, ਬਲੱਮਗੜ੍ਹ, ਭੁਨਰਹੇੜੀ, ਖਾਂਸਾ ਵਿੱਚ ਨਵੇਂ ਆਗਣਵਾੜੀ ਸੈਂਟਰਾਂ ਦਾ ਉਦਘਾਟਨ ਕੀਤਾ ਗਿਆ। ਦਸਣਯੋਗ ਹੈ ਕਿ ਇਨ੍ਹਾਂ ਸੈਂਟਰਾਂ ’ਤੇ ਕੁੱਲ 42 ਲੱਖ ਰੁਪਏ ਦੀ ਲਾਗਤ ਆਈ ਹੈ, ਜੋ ਸਰਕਾਰ ਵੱਲੋਂ ਲੋਕ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਮੁਢਲੀ ਪਹਿਲ ਹੈ। ਉਦਘਾਟਨ ਸਮਾਗਮਾਂ ਦੌਰਾਨ ਬੀ ਡੀ ਪੀ ਓ, ਸੀ ਡੀ ਪੀ ਓ, ਆਪ ਆਗੂ, ਵੱਖ ਵੱਖ ਪਿੰਡਾਂ ਦੇ ਪੰਚਾਇਤ ਮੈਂਬਰ ਅਤੇ ਸਮਾਜਿਕ ਪਤਵੰਤਿਆ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਰਹੇ। ਉਦਘਾਟਨ ਸਮਾਗਮ ਦੌਰਾਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਆਗਣਵਾੜੀ ਸੈਂਟਰ ਸਿਰਫ਼ ਇਮਾਰਤਾਂ ਨਹੀਂ, ਸਗੋਂ ਭਵਿੱਖ ਦੀ ਨੀਹ ਹਨ। ਇਥੇ ਨੰਨੇ ਬੱਚਿਆਂ ਨੂੰ ਪੋਸ਼ਣਯੁਕਤ ਆਹਾਰ, ਪ੍ਰੀ-ਸਕੂਲ ਸਿੱਖਿਆ ਅਤੇ ਮਾਤਾਵਾਂ ਨੂੰ ਸਿਹਤ ਸੰਬੰਧੀ ਮਾਰਗਦਰਸ਼ਨ ਮਿਲਦਾ ਹੈ। ਉਨ੍ਹਾਂ ਕਿਹਾ ਕਿ ਹਲਕਾ ਸਨੌਰ ਦੇ ਹਰ ਪਿੰਡ ਤੱਕ ਬੁਨਿਆਦੀ ਸਹੂਲਤਾਂ ਪਹੁੰਚਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵਿਕਾਸਕਾਰੀ ਪ੍ਰੋਜੈਕਟ ਵੀ ਲਾਗੂ ਕੀਤੇ ਜਾਣਗੇ। ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਇਹ ਸਾਰੇ ਸੈਂਟਰ ਸਾਫ਼-ਸੁਥਰੇ, ਹਵਾਦਾਰ ਅਤੇ ਵਾਤਾਵਰਣ ਅਨੁਕੂਲ ਨਾਲ ਤਿਆਰ ਕੀਤੇ ਗਏ ਹਨ ਤਾਂ ਜੋ ਨੰਨੇ ਬੱਚੇ ਬਿਨਾਂ ਕਿਸੇ ਡਰ ਦੇ ਇਥੇ ਆ ਸਕਣ। ਉਨ੍ਹਾਂ ਨੇ ਆਗਣਵਾੜੀ ਵਰਕਰਾਂ ਦੀ ਭੂਮਿਕਾ ਦੀ ਵੀ ਸਲਾਹਨਾ ਕਰਦੇ ਹੋਏ ਕਿਹਾ ਕਿ ਇਹ ਵਰਕਰ ਸਮਾਜ ਦੀ ਨੀਹ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ। ਪਿੰਡ ਵਾਸੀਆਂ ਨੇ ਨਵੇਂ ਆਗਣਵਾੜੀ ਸੈਂਟਰ ਬਣਾਉਣ ’ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਨਾਲ ਬੱਚਿਆਂ ਅਤੇ ਮਹਿਲਾਵਾਂ ਨੂੰ ਆਪਣੇ ਹੀ ਪਿੰਡ ਵਿੱਚ ਬਿਹਤਰ ਸਹੂਲਤਾਂ ਮਿਲਣਗੀਆਂ ਅਤੇ ਉਨ੍ਹਾਂ ਦੀ ਜੀਵਨ ਗੁਣਵੱਤਾ ਵਿੱਚ ਸੁਧਾਰ ਆਵੇਗਾ।



# ਅਦਾਲਤਾਂ ਤੋਂ ਵੀ ਸਿੱਖਾਂ ਨੂੰ ਨਹੀਂ ਮਿਲ ਰਿਹਾ ਇਨਸਾਫ : ਪ੍ਰੋ. ਬਡੂੰਗਰ

## ’84 ਸਿੱਖ ਵਿਰੋਧੀ ਦੰਗੇ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਰਹੇ



**ਪਟਿਆਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

’84 ਸਿੱਖ ਕਤਲੇਆਮ ਮਾਮਲੇ ਵਿਚ ਦਿੱਲੀ ਦੀ ਅਦਾਲਤ ਵੱਲੋਂ ਸਿੱਖ ਵਿਰੋਧੀ ਦੰਗਿਆਂ ਵਿਚ ਸ਼ਾਮਲ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਸਿੰਘ ਨੂੰ ਬਰੀ ਕੀਤੇ ਜਾਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਡੂੰਘੀ ਚਿੰਤਾ ਦੇ ਨਾਲ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਅਦਾਲਤੀ ਫੈਸਲੇ ਨਾਲ ਇਕ ਵਾਰ ਫੇਰ ਅਦਾਲਤ ਤੋਂ ਇਨਸਾਫ ਦੀ ਆਸ ਲਗਾਈ ਬੈਠੀਆਂ ਉਨ੍ਹਾਂ ਧਿਰਾਂ ਨੂੰ ਵੱਡੀ ਠੇਸ ਪੁੱਜੀ ਹੈ, ਜੋ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਦੀ ਲੜਾਈ ਲੜ ਰਹੀਆਂ ਹਨ।

ਸਾਬਕਾ ਪ੍ਰਧਾਨ ਨੇ ਕਿਹਾ ਕਿ ਦੇਸ਼ ਵਿਚ 1984 ਦੌਰਾਨ ਜੋ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਉਹ ਸੋਚੀ ਸਾਜਿਸ਼ ਦਾ ਹਿੱਸਾ ਰਿਹਾ ਅਤੇ ਪੀੜਤ ਧਿਰਾਂ ਨੇ ਅੱਗੇ ਆ ਕੇ ਉਨ੍ਹਾਂ ਲੋਕਾਂ ਦੀ ਪਹਿਚਾਣ ਕੀਤੀ, ਜਿਨਾਂ ਨੇ ਸਿੱਖ ਵਿਰੋਧੀ ਦੰਗਿਆਂ ਨੂੰ ਅੰਜਾਮ ਪਹੁੰਚਾਇਆ। ਉਨ੍ਹਾਂ ਕਿਹਾ ਕਿ ਬੇਹੱਦ ਅਫਸੋਸ ਹੁੰਦਾ ਹੈ ਕਿ ਜਦੋਂ ਸਿੱਖ ਇਨਸਾਫ ਲੈਣ ਲਈ ਅਦਾਲਤਾਂ ਤੱਕ ਪਹੁੰਚ ਕਰਦੇ ਹਨ ਤਾਂ ਉਥੋਂ ਵੀ ਕਈ ਵਾਰ ਅਜਿਹੇ ਨਿਰਾਸ਼ਾ ਵਾਲੇ ਫੈਸਲੇ ਆਉਂਦੇ ਹਨ, ਜਿਸ ਨਾਲ ਸਿੱਖ ਹਿਰਦੇ ਵਲਧੂੰਰੇ ਜਾਂਦੇ ਹਨ।

ਪ੍ਰੋ. ਬਡੂੰਗਰ ਨੇ ਕਿਹਾ ਕਿ ਦੇਸ਼ ਦੀਆਂ ਅਦਾਲਤਾਂ ਤੋਂ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਇਹ ਚਿੰਤਾ ਹੋਰ ਵੀ ਵੱਡੀ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਦਾਲਤਾਂ ਵਿਚ ਕਈ ਪੀੜਤ ਧਿਰਾਂ ਨੇ ਪਹੁੰਚ ਕਰਕੇ ਇਨਸਾਫ ਦੀ ਮੰਗ ਰੱਖੀ, ਪ੍ਰੰਤੂ ਲੰਮਾ ਸਮਾਂ ਇਨ੍ਹਾਂ ਕੇਸਾਂ ਦੀ ਪੈਰਵਾਈ ਕਰਨ ਤੋਂ ਬਾਅਦ ਵੀ ਅਦਾਲਤਾਂ ਸਿੱਖਾਂ ਨੂੰ ਇਨਸਾਫ ਨਹੀਂ ਦੇ ਪਾ ਰਹੀਆਂ।

# ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਦੀ ਰਫਤਾਰ ਹੋ ਰਹੀ ਹੈ ਲਗਾਤਾਰ ਤੇਜ਼ : ਕੁਲਵੰਤ ਸਿੰਘ



**ਮੁਹਾਲੀ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਮੋਹਾਲੀ ਦੇ ਵਿੱਚ ਵਿਕਾਸ ਕਾਰਜਾਂ ਦੀ ਰਫਤਾਰ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਬਰਕਰਾਰ ਰਹੇਗੀ ਹਲਕੇ ਵਿੱਚ 60 ਪਿੰਡ ਹਨ, ਅਤੇ ਇਹਨਾਂ ਵਿੱਚੋਂ ਲਗਭਗ 30 ਸੜਕਾਂ ਦੇ ਬਣਨ ਦਾ ਕੰਮ ਸ਼ੁਰੂ ਹੋ ਚੁੱਕਾ ਅਤੇ ਅੱਜ ਵਿਧਾਨ ਸਭਾ ਹਲਕਾ ਮੋਹਾਲੀ ਵਿੱਚ ਪੈਂਦੀਆਂ 5 ਸੜਕਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਗੱਲ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪਿੰਡ ਬਲਿਆਲੀ ਦੀ ਫਿਰਨੀ, ਬੱਲੋ ਮਾਜਰੇ ਦੀ ਫਿਰਨੀ- ਜੋ ਕਿ ਮੇਨ ਸੜਕ ਤੋਂ ਪਹੁੰਚ ਮਾਰਗ ਵੀ ਬਣ ਰਹੀ ਅਤੇ ਮੇਨ ਰੋਡ ਤੋਂ ਨਾਲ ਹੀ ਮੇਨ ਰੋਡ ਤੋਂ ਗੁਰਦੁਆਰਾ ਸਾਹਿਬ ਵਾਲੇ ਪਾਸੇ, ਖਰੜ ਚੰਡੀਗੜ੍ਹ ਰੋਡ ਤੇ ਪੈਂਦੇ ਪਿੰਡ ਰਾਏਪੁਰ ਅਤੇ ਪਿੰਡ ਤੜੌਲੀ ਜਿਹੜੀ ਅੱਜ ਬਣ ਰਹੀ ਇਹ ਕੰਮ ਕਰੀਬ ਸਵਾ ਕਰੋੜ ਰੁਪਏ ਦੀ ਲਾਗਤ ਦੇ ਨਾਲ ਪੂਰੇ ਹੋਣਗੇ , ਅਤੇ ਇਹ ਸਭ ਕੰਮ ਛੇ ਮਹੀਨਿਆਂ ਦੀ ਸਮਾਂਬੱਧ ਸਮੇਂ ਦੇ ਵਿੱਚ ਪੂਰੇ ਹੋ ਜਾਣਗੇ,

ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਲੋਕ ਮਸਲਿਆਂ ਦਾ ਸਥਾਈ ਹੱਲ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਬਲੌਂਗੀ ਦੇ ਵਿੱਚ ਜੋ ਸੜਕ ਪਿਛਲੇ ਲਗਭਗ 20 ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਨਹੀਂ ਬਣ ਸਕੀ ਸੀ ਉਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਉਂਦੇ ਸਾਰ ਹੀ ਬਣਵਾ ਦਿੱਤਾ , ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਅੱਜ ਤੋਂ ਹੀ ਪੰਜਾਬ ਦੇ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ 10 ਲੱਖ ਰੁਪਏ ਦੀ ਬੀਮਾ ਯੋਜਨਾ ਸਕੀਮ ਸ਼ੁਰੂ ਹੋਣ ਜਾ ਰਹੀ ਹੈ। ਇਸ ਸਕੀਮ ਨਾਲ ਸੰਬੰਧਿਤ ਸਭਨਾਂ ਦੇ ਕਾਰਡ ਮੁਫਤ ਬਣਨਗੇ ਅਤੇ 10 ਲੱਖ ਤੱਕ ਦਾ ਇਲਾਜ ਮੁਫਤ ਹੋਵੇਗਾ। ਉਹਨਾਂ ਕਿਹਾ ਕਿ ਅਪ੍ਰੈਲ ਦੇ ਮਹੀਨੇ ਤੋਂ ਹੀ ਪੰਜਾਬ ਦੀਆਂ ਮਹਿਲਾਵਾਂ ਦੇ ਖਾਤਿਆਂ ਵਿੱਚ 1100 ਪ੍ਰਤੀ ਮਹੀਨਾ ਆਉਣੇ ਸ਼ੁਰੂ ਹੋ ਜਾਣਗੇ, ਉਹਨਾਂ ਕਿਹਾ ਕਿ ਬਲੌਂਗੀ ਦੇ ਵਿੱਚ ਟਰੈਫਿਕ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਇਸ ਦੇ ਨਾਲ ਹੀ ਇੱਕ ਹੋਰ ਪੁਲ ਜਲਦੀ ਹੀ ਬਣਾ ਦਿੱਤਾ ਜਾਵੇਗਾ ਤਾਂ ਕਿ ਰਾਹਗੀਰਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਤੇ ਰਣਜੀਤ ਸਿੰਘ ਐਕਸੀਅਨ ਪੀ.ਡਬਲਿਊ.ਡੀ., ਭਰਤ ਐਸ.ਡੀ.ਓ. ਪੀ.ਡਬਲਿਊ.ਡੀ., ਕੁਲਦੀਪ ਸਿੰਘ ਸਮਾਣਾ, ਕੁਲਬੀਰ ਸਿੰਘ ਬਲਿਆਲੀ ਸਰਪੰਚ, ਗੁਰਪ੍ਰੀਤ ਸਿੰਘ ਚਾਹਲ, ਮਲਕੀਤ ਸਿੰਘ ਬਲਾਕ ਪ੍ਰਧਾਨ, ਗੁਰਜਿੰਦਰ ਸਿੰਘ ਸਰਪੰਚ ਬੱਲੋ ਮਾਜਰਾ, ਬਲਜੀਤ ਸਿੰਘ ਵਿੱਕੀ ਬਲਾਕ ਪ੍ਰਧਾਨ, ਸਤਨਾਮ ਸਿੰਘ ਸਰਪੰਚ ਬਲੌਂਗੀ, ਮੱਖਣ ਸਿੰਘ ਸਰਪੰਚ ਬਲੌਂਗੀ, ਰੀਟਾ ਬਲੌਂਗੀ, ਮਗਨ ਲਾਲ, ਮਮਤਾ ਜੈਨ,ਰਣਜੀਤ ਸੈਣੀ, ਗਿਰੀ ਨਾਥ ਝਾਅ, ਰਜਿੰਦਰ ਸਿੰਘ ਰਾਜੂ ਸਰਪੰਚ ਬੜਮਾਜਰਾ, ਗੁਰਨਾਮ ਸਿੰਘ ਸਰਪੰਚ ਬੜਮਾਜਰਾ ਕਲੌਨੀ, ਮਨਪ੍ਰੀਤ ਸਿੰਘ ਮਨੀ, ਗੁਰਵਿੰਦਰ ਸਿੰਘ ਪਿੰਕੀ, ਗੋਗਾ ਦੇਵੀ ਪੰਚ, ਭੁਪਿੰਦਰ ਸਿੰਘ ਜੋਗੀ ਪੰਚ, ਹਰਪਾਲ ਸਿੰਘ ਸਰਪੰਚ ਤੜੌਲੀ,ਸਰਬਜੀਤ ਸਿੰਘ ਰੋਕੀ ਬਲੌਂਗੀ, ਮਨਪ੍ਰੀਤ ਸਿੰਘ ਮਨੀ ਰਾਏਪੁਰ, ਇਕਬਾਲ ਸਿੰਘ ਚਿੱਟਾ ਸਰਪੰਚ, ਆਰਤੀ ਜੁਝਾਰਨਗਰ, ਗੁਰਨਾਮ ਸਿੰਘ ਬੜਮਾਜਰਾ ਵੀ ਹਾਜ਼ਰ ਸਨ।

# ਮੁੱਖ ਮੰਤਰੀ ਸਿਹਤ ਯੋਜਨਾ ਦਾ ਕਦਮ ਇਤਿਹਾਸਕ ਮੀਲ ਪੱਥਰ ਹੋਵੇਗਾ ਸਾਬਤ: ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਇੱਥੇ ਦੱਸਿਆ ਕਿ ਪੰਜਾਬ ਵਿੱਚ ‘ਮੁੱਖ ਮੰਤਰੀ ਸਿਹਤ ਯੋਜਨਾ’ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਸੂਬੇ ਦੇ ਸਿਹਤ ਖੇਤਰ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗੀ।



ਉਨ੍ਹਾਂ ਕਿਹਾ ਕਿ ਕਿਸੇ ਵੀ ਗਰੀਬ ਜਾਂ ਮੱਧ ਵਰਗੀ ਪਰਿਵਾਰ ਨੂੰ ਇਲਾਜ ਲੈਣ ਲਈ ਹੁਣ ਵਿੱਤੀ ਤੰਗੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਯੋਜਨਾ ਤਹਿਤ ਹਰ ਪੰਜਾਬੀ ਨੂੰ ਸਾਲਾਨਾ 10 ਲੱਖ ਰੁਪਏ ਤੱਕ ਮੁਫ਼ਤ ਸਿਹਤ ਬੀਮੇ ਦਾ ਲਾਭ ਮਿਲੇਗਾ। ਉਨ੍ਹਾਂ ਅੱਗੇ ਦੱਸਿਆ ਕਿ ਮਰੀਜ਼ ਨੂੰ ਹਸਪਤਾਲ ਵਿੱਚ ਇੱਕ ਵੀ ਰੁਪਿਆ ਜਮ੍ਹਾ ਕਰਵਾਉਣ ਦੀ ਲੋੜ ਨਹੀਂ ਹੋਵੇਗੀ ਅਤੇ ਉਨ੍ਹਾਂ ਦੇ ਸਾਰੇ ਖਰਚਿਆਂ ਦਾ ਭੁਗਤਾਨ ਸਿੱਧਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਇਹ ਸਹੂਲਤ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਵਿੱਚ ਨਿੱਜੀ (ਸੂਚੀਬੱਧ) ਹਸਪਤਾਲਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਯੋਜਨਾ ਪੰਜਾਬ ਦੇ ਹਰੇਕ ਵਾਸੀ ਲਈ ਹੈ। ਇਸ ਯੋਜਨਾ ਤਹਿਤ ਜਾਤ, ਧਰਮ ਜਾਂ ਕੋਈ ਸਿਆਸੀ ਭੇਦਭਾਵ ਨਹੀਂ ਹੋਵੇਗਾ।

ਸਪੀਕਰ ਨੇ ਸੂਬਾ ਵਾਸੀਆਂ ਨੂੰ ਨਿਯਮਤ ਕਸਰਤ ਅਤੇ ਯੋਗਾ ਕਰਨ ਦੀ ਸਲਾਹ ਵੀ ਦਿੱਤੀ ਤਾਂ ਜੋ ਉਨ੍ਹਾਂ ਦਾ ਜੀਵਨ ਚੰਗੀ ਸਿਹਤ ਅਤੇ ਖੁਸ਼ੀਆਂ ਨਾਲ ਭਰਪੂਰ ਹੋਵੇ।

# ਮਾਨ ਵੱਲੋਂ 10 ਲੱਖ ਰੁਪਏ ਦੀ ਕੈਸ਼ਲੈੱਸ ਸਿਹਤ ਯੋਜਨਾ ਦਾ ਡਿਪਟੀ ਸਪੀਕਰ ਰੌੜੀ ਨੇ ਕੀਤਾ ਧੰਨਵਾਦ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਸੂਬੇ ਦੇ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਿਹਤ ਯੋਜਨਾ ਲਾਂਚ ਕਰਨ ਦਾ ਵੱਡਾ ਐਲਾਨ ਕੀਤਾ ਗਿਆ ਹੈ। ਇਸ ਇਤਿਹਾਸਕ ਯੋਜਨਾ ਨਾਲ ਪੰਜਾਬ ਦੇ ਹਰ ਵਰਗ ਦੇ ਨਾਗਰਿਕਾਂ ਨੂੰ ਬਿਨਾਂ ਕਿਸੇ ਵਿੱਤੀ ਬੋਝ ਦੇ ਉੱਚ-ਮਿਆਰੀ ਇਲਾਜ ਦੀ ਸਹੂਲਤ ਮਿਲੇਗੀ।

ਇਸ ਸਬੰਧੀ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੋਜਨਾ ਆਮ ਆਦਮੀ ਦੀ ਸਿਹਤ ਨੂੰ ਪ੍ਰਾਥਮਿਕਤਾ ਦੇਣ ਵਾਲੀ ਆਮ ਆਦਮੀ ਪਾਰਟੀ ਸਰਕਾਰ ਦੀ ਲੋਕ-ਹਿਤੈਸ਼ੀ ਸੋਚ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਵਿੱਚ ਇਹ ਕਦਮ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ।

ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਅਕਸਰ ਗੰਭੀਰ ਬੀਮਾਰੀਆਂ ਦੇ ਇਲਾਜ ਲਈ ਲੋਕਾਂ ਨੂੰ ਆਪਣੀ ਜਾਇਦਾਦ ਵੇਚਣ ਜਾਂ ਕਰਜ਼ੇ ਲੈਣੇ ਪੈਂਦੇ ਸਨ, ਪਰ ਹੁਣ ਇਸ ਕੈਸ਼ਲੈੱਸ ਯੋਜਨਾ ਨਾਲ ਪੰਜਾਬ ਵਾਸੀਆਂ ਨੂੰ ਇਲਾਜ ਲਈ ਕਿਸੇ ਵੀ ਤਰ੍ਹਾਂ ਦੀ ਵਿੱਤੀ ਚਿੰਤਾ ਨਹੀਂ ਰਹੇਗੀ। ਇਹ ਯੋਜਨਾ ਸਰਕਾਰੀ ਦੇ ਨਾਲ-ਨਾਲ ਚੁਣਿੰਦੇ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਲਾਗੂ ਹੋਵੇਗੀ, ਜਿਸ ਨਾਲ ਇਲਾਜ ਦੀ ਪਹੁੰਚ ਹੋਰ ਵੀ ਵਧੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿਹਤ, ਸਿੱਖਿਆ ਅਤੇ ਲੋਕ-ਭਲਾਈ ਨੂੰ ਸਭ ਤੋਂ ਉੱਚੀ ਤਰਜੀਹ ਦਿੱਤੀ ਹੈ। 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਿਹਤ ਸਹੂਲਤ ਦੇ ਕੇ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਸਿਰਫ਼ ਵਾਅਦੇ ਨਹੀਂ ਕਰਦੀ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ ’ਤੇ ਵੀ ਲਾਗੂ ਕਰਦੀ ਹੈ।

ਡਿਪਟੀ ਸਪੀਕਰ ਰੌੜੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਗੰਭੀਰ ਬੀਮਾਰੀਆਂ ਦਾ ਇਲਾਜ ਬਿਨਾਂ ਨਕਦ ਰਕਮ ਦੇ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੋਵਾਂ ਵਿੱਚ ਰਹਿੰਦੇ ਲੋਕਾਂ ਲਈ ਇਕਸਾਰ ਤੌਰ ’ਤੇ ਲਾਗੂ ਹੋਵੇਗੀ, ਜਿਸ ਨਾਲ ਸਿਹਤ ਸੇਵਾਵਾਂ ਵਿੱਚ ਬਰਾਬਰੀ ਆਵੇਗੀ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦਾ ਮਕਸਦ ਇੱਕ ਐਸਾ ਪੰਜਾਬ ਬਣਾਉਣਾ ਹੈ, ਜਿੱਥੇ ਕੋਈ ਵੀ ਵਿਅਕਤੀ ਪੈਸਿਆਂ ਦੀ ਕਮੀ ਕਾਰਨ ਇਲਾਜ ਤੋਂ ਵਾਂਝਾ ਨਾ ਰਹੇ। ਇਹ ਯੋਜਨਾ ਸਿਰਫ਼ ਇੱਕ ਸਕੀਮ ਨਹੀਂ, ਸਗੋਂ ਲੋਕਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਅੰਤ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਦੁਬਾਰਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਇਸ ਇਤਿਹਾਸਕ ਫ਼ੈਸਲੇ ਲਈ ਸਦਾ ਆਭਾਰੀ ਰਹਿਣਗੇ ਅਤੇ ਇਹ ਯੋਜਨਾ ਆਉਣ ਵਾਲੇ ਸਮੇਂ ਵਿੱਚ ਸਿਹਤ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਵੇਗੀ। ਇਸ ਮੌਕੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਦੇ ਮੈਂਬਰ, ਬਲਾਕ ਸੰਮਤੀ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਹਾਜ਼ਰ ਸਨ।

# ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਵਰਕਰਾਂ ਦੀਆਂ ਪੰਜ ਜਥੇਬੰਦੀਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਖਜਾਨਾ ਮੰਤਰੀ ਦੇ ਪੁੱਤਲੇ ਸਾੜੇ ਗਏ

**ਪਟਿਆਲਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਪਟਿਆਲਾ ਦੇ ਨਵਾਂ ਬੱਸ ਸਟੈਂਡ ਵਿਖੇ ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਵਰਕਰਾਂ ਦੀਆਂ ਪੰਜ ਜਥੇਬੰਦੀਆਂ ਸਬੰਧਤ ਏਟਕ, ਇੰਟਕ, ਐਸ.ਸੀ.ਬੀ.ਸੀ., ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਤੇ ਆਧਾਰਤ ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਖਜਾਨਾ ਮੰਤਰੀ ਦੇ ਪੁੱਤਲੇ ਸਾੜੇ ਗਏ ਅਤੇ ਰੋਸ ਭਰਪੂਰ ਵਿਸ਼ਾਲ ਰੈਲੀ ਕਰਨ ਉਪਰੰਤ ਸਾਰੇ ਬਸ ਸਟੈਂਡ ਵਿੱਚ ਰੋਸ ਮਾਰਚ ਕਰਦੇ ਹੋਏ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਜ਼ੋਰਦਾਰ ਨਾਅਰੇਬਾਜੀ ਕੀਤੀ ਅਤੇ ਬਸ ਸਟੈਂਡ ਤੇ ਹਜਾਰਾਂ ਦੀ ਗਿਣਤੀ ਵਿੱਚ ਆਉਂਦੇ ਜਾਂਦੇ ਲੋਕਾਂ ਨੂੰ ਪੰਜਾਬ ਸਰਕਾਰ ਵਲੋਂ ਪੀ.ਆਰ.ਟੀ.ਸੀ. ਦੇ ਵਰਕਰਾਂ ਨੂੰ 22 ਤਾਰੀਖ ਤੱਕ ਵੀ ਤਨਖਾਹਾਂ ਅਤੇ ਪੈਨਸ਼ਨਾਂ ਨਾ ਦਿੱਤੇ ਜਾਣ ਬਾਰੇ ਕੀਤੇ ਜਾ ਰਹੇ ਆਰਥਿਕ ਜੁਲਮ ਸਬੰਧੀ ਖੁਲ੍ਹਕੇ ਦੱਸਿਆ ਕਿ ਕਿਵੇਂ ਪੰਜਾਬ ਸਰਕਾਰ ਔਰਤਾਂ ਨੂੰ ਅਤੇ ਪੁਲੀਸ ਸਮੇਤ ਹੋਰ ਕਈ ਕੈਟਾਗਰੀਆਂ ਨੂੰ ਦਿੱਤੀਆਂ ਜਾ ਰਹੀਆਂ ਮੁਫ਼ਤ ਸਫਰ ਸਹੂਲਤਾਂ ਦੇ 600 ਕਰੋੜ ਰੁਪਏ ਤੋਂ ਵੱਧ ਦੀ ਬਣਦੀ ਰਕਮ ਵਿਚੋਂ ਤਨਖਾਹ—ਪੈਨਸ਼ਨ ਜਿਹੜੀ ਕਿ ਵਰਕਰਾਂ ਨੂੰ ਇਸ ਮਹਿੰਗਾਈ ਦੇ ਦੌਰ ਵਿੱਚ ਹਰ ਪਹਿਲੀ ਤਾਰੀਖ ਨੂੰ ਮਿਲਣੀ ਜਰੂਰੀ ਹੁੰਦੀ ਹੈ ਉਸ ਦੇ ਭੁਗਤਾਨ ਲਈ ਵੀ 30—35 ਕਰੋੜ ਰੁਪਏ ਮਹੀਨਾ ਨਹੀਂ ਦਿੰਦੀ। ਦੂਸਰੇ ਪਾਸੇ ਸਰਕਾਰ ਝੂਠੇ ਢੰਡੋਰੇ ਪਿਟਦੀ ਹੈ ਕਿ ਉਹ ਆਮ ਲੋਕਾਂ ਨੂੰ ਮੁਫ਼ਤ ਸਫਰ ਸਹੂਲਤਾਂ ਦੇ ਕੇ ਕਿੱਡਾ ਵੱਡਾ ਪਰਉਪਕਾਰ ਕਰ ਰਹੀ ਹੈ ਜਦ ਕਿ ਇਹ ਪਰਉਪਕਾਰ ਪੀ.ਆਰ.ਟੀ.ਸੀ. ਦੇ 10000 ਪਰਿਵਾਰਾਂ ਨੂੰ ਭੁੱਖੇ ਮਾਰਕੇ ਕੀਤਾ ਜਾ ਰਿਹਾ ਹੈ। ਪੀ.ਆਰ.ਟੀ.ਸੀ. ਦੇ ਅਦਾਰੇ ਨੂੰ ਸਰਕਾਰ ਵੱਲੋਂ ਖਤਮ ਕਰਨ ਦੇ ਰਾਹ ਪਾ ਦਿੱਤਾ ਗਿਆ ਹੈ। ਕਿਉਂਕਿ ਇਸ ਸਰਕਾਰ ਨੇ ਅਦਾਰੇ ਵਿੱਚ ਆਪਣੇ 4 ਸਾਲ ਦੇ ਕਾਰਜਕਾਲ ਵਿੱਚ ਇੱਕ ਵੀ ਨਵੀਂ ਬਸ ਨਹੀਂ ਪੈਣ ਦਿੱਤੀ ਜਦ ਕਿ ਸਰਕਾਰ ਨੇ ਬੱਸਾਂ ਲਈ ਆਪਣੇ ਕੋਲੋ ਕੋਈ ਪੈਸਾ ਵੀ ਨਹੀਂ ਦੇਣਾ ਹੁੰਦਾ ਸਿਰਫ ਬੱਸਾਂ ਪਾਉਣ ਦੀ ਮਨਜੂਰੀ ਹੀ ਦੇਣੀ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਰੋਡਵੇਜ—ਪਨਬਸ ਵਿੱਚ ਤਾਂ 1000 ਤੋਂ ਵੱਧ ਬੱਸਾਂ 2400 ਬੱਸਾਂ ਦੇ ਫਲੀਟ ਵਿਚੋਂ ਕੰਡਮ ਹੋ ਕੇ ਘਟ ਚੁੱਕੀਆਂ ਹਨ। ਅਜਿਹੇ ਤੋਂ ਸਪਸ਼ਟ ਹੈ ਕਿ ਸਰਕਾਰ ਵਲੋਂ ਪ੍ਰਾਈਵੇਟ ਬੱਸ ਟਰਾਂਸਪੋਰਟ ਮਾਫੀਏ ਨੂੰ ਪ੍ਰਫੁੱਲਤ ਹੋਣ ਦਾ ਖੁਲਕੇ ਮੌਕਾ ਦਿੱਤਾ ਜਾ ਰਿਹਾ ਹੈ।



ਬਸ ਸਟੈਂਡ ਪਟਿਆਲਾ ਤੇ ਕੀਤੀ ਗਈ ਇਸ ਵਿਸ਼ਾਲ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਬਰਾਨ ਸਰਵ ਸ੍ਰੀ ਬਲਦੇਵ ਰਾਜ ਬੱਤਾ, ਰਾਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਭਾਗ ਤੇ ਕਾਬਜ ਹੋਈ ਹੈ ਉਸੇ ਸਮੇਂ ਤੋਂ ਹੀ ਸਰਕਾਰੀ ਟਰਾਂਸਪੋਰਟ ਨੂੰ ਖਤਮ ਕਰਨ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਪੀ.ਆਰ.ਟੀ.ਸੀ. ਦੇ ਵਰਕਰਾਂ ਦੇ ਕਾਨੂੰਨੀ ਤੌਰ ਤੇ ਬਣਦੇ ਲਗਭਗ 150 ਕਰੋੜ ਰੁਪਏ ਦੇ ਬਕਾਏ ਨਹੀਂ ਦਿੱਤੇ ਜਾ ਰਹੇ ਜਿਹੜੇ ਕਿ ਪੇ ਕਮਿਸ਼ਨ ਦਾ ਏਰੀਅਰ, ਸੇਵਾ ਮੁਕਤ ਹੋਏ ਵਰਕਰਾਂ ਦੇ ਕਰੋੜਾਂ ਰੁਪਏ ਦੇ ਸੇਵਾ ਮੁਕਤੀ ਬਕਾਏ, ਕਰੋੜਾਂ ਰੁਪਏ ਮੈਡੀਕਲ ਬਿੱਲ, ਡੀ.ਏ. ਦਾ ਏਰੀਅਰ, ਰਿਵਾਈਜਡ ਗੁਰੈਚਟੀ ਦੇ ਬਕਾਏ, ਏ.ਸੀ.ਪੀ. ਦੇ ਬਕਾਏ ਆਦਿ ਦੇ ਰੂਪ ਵਿੱਚ ਖੜੇ ਹਨ। ਜਿਹੜਾ ਸਭ ਤੋਂ ਵੱਡਾ ਘਿਨਾਉਣਾ ਆਰਥਕ ਜੁਲਮ ਹਰ ਮਹੀਨੇ ਪੀ.ਆਰ.ਟੀ.ਸੀ. ਦੇ ਮੌਜੂਦਾ ਅਤੇ ਸੇਵਾ ਮੁਕਤ ਕਰਮਚਾਰੀਆਂ ਦੇ 10000 ਟੱਬਰਾਂ ਨਾਲ ਹਰ ਮਹੀਨੇ ਤਨਖਾਹ ਅਤੇ ਪੈਨਸ਼ਨ ਪਹਿਲੀ ਤਾਰੀਖ ਨੂੰ ਨਾ ਦੇ ਕੇ ਕੀਤਾ ਜਾਂਦਾ ਹੈ ਉਸ ਬਾਰੇ ਤਾਂ ਹੰਕਾਰ ਦੇ ਘੋੜੇ ਤੇ ਚੜੀ ਇਹ ਸਰਕਾਰ ਅਤੇ ਬੇਪਰਵਾਹ ਹੋਈ ਪੀ.ਆਰ.ਟੀ.ਸੀ. ਦੇ ਮੈਨੇਜਮੈਂਟ ਨੂੰ ਭੋਰਾ ਵੀ ਫਿਕਰ ਨਹੀਂ ਜਾਪਦਾ ਕਿ ਉਹ ਸੋਚ ਸਕਣ ਕੇ ਇਨ੍ਹਾਂ ਟੱਬਰਾਂ ਦੀ ਰੋਟੀ ਕਿਵੇਂ ਚਲਦੀ ਹੋਵੇਗੀ, ਕਿਵੇਂ ਉਹ ਬੱਚਿਆਂ ਦੀਆਂ ਫੀਸਾਂ, ਬੀਮਾਰੀਆਂ ਦੇ ਖਰਚੇ, ਬੈਂਕਾਂ ਦੀਆਂ ਕਿਸ਼ਤਾਂ ਅਤੇ ਹੋਰ ਸਮਾਜਿਕ ਜਿੰਮੇਵਾਰੀਆਂ ਪੂਰੀਆਂ ਕਰਦੇ ਹੋਣਗੇ। ਸਰਕਾਰ ਦੀ ਇਹ ਵੀ ਕੀ ਨੈਤੀਕਤਾ ਹੈ ਕਿ ਜਿਸ ਅਦਾਰੇ ਦੀ ਉਸਨੇ ਕੋਈ ਵਿੱਤੀ ਮਦਦ ਨਹੀਂ ਕਰਨੀ ਉਸ ਅਦਾਰੇ ਵਿੱਚ ਆਪਣੇ ਸਿਆਸੀ ਚੇਅਰਮੈਨ, ਵਾਈਸ ਚੇਅਰਮੈਨ ਅਤੇ 5—7 ਬੋਰਡ ਮੈਂਬਰਾਂ ਨੂੰ ਨਿਯੁਕਤ ਕਰਕੇ ਕਰੋੜਾਂ ਰੁਪਏ ਦਾ ਬੇਲੋੜਾ ਵਿੱਤੀ ਬੋਝ ਪਾਏ ਜਦ ਕਿ ਇਨ੍ਹਾਂ ਨਿਯੁਕਤੀਆਂ ਦਾ ਅਦਾਰੇ ਨੂੰ ਉੱਕਾ ਹੀ ਕੋਈ ਫਾਇਦਾ ਨਹੀਂ। ਐਕਸ਼ਨ ਕਮੇਟੀ ਦੇ ਆਗੂਆਂ ਨੇ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਦੀ ਸਖਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਵਰਕਰਾਂ ਦੇ ਕਾਨੂੰਨੀ ਹੱਕਾਂ ਨੂੰ ਪੈਰਾ ਥੱਲੇ ਮਧੋਲਿਆ ਜਾ ਰਿਹਾ ਹੈ। ਕਿਉਂਕਿ ਬਣਦੀਆ ਤਰੱਕੀਆਂ ਨਹੀਂ ਕੀਤੀਆਂ ਜਾ ਰਹੀਆਂ, ਕੰਟਰੈਕਟ ਅਤੇ ਆਊਟ ਸੋਰਸ ਤੇ 15—15 ਸਾਲਾਂ ਤੋਂ ਕੰਮ ਕਰਦੇ ਵਰਕਰਾਂ ਨੂੰ ਰੈਗੂਲਰ ਕਰਨ ਲਈ ਕੋਈ ਕਦਮ ਨਾ ਚੁੱਕਣਾ, 2004 ਤੋਂ ਪਹਿਲਾਂ ਭਰਤੀ ਹੋਏ ਕੁੱਝ ਵਰਕਰਾਂ ਨੂੰ ਪੈਨਸ਼ਨ ਦਾ ਲਾਭ ਨਾ ਦੇਣਾ, ਸੋਧੇ ਹੋਏ ਟੀ.ਏ. / ਡੀ.ਏ. ਰੇਟ ਅਜੇ ਤੱਕ ਲਾਗੂ ਨਾ ਕਰਨੇ, ਸੇਵਾ ਮੁਕਤ ਵਰਕਰਾਂ ਨੂੰ ਦੋ ਸਾਲ ਬਾਅਦ ਇੱਕ ਬੇਸਿਕ ਪੇ ਦੇ ਬਰਾਬਰ ਯਾਤਰਾ ਭੱਤੇ ਦੇ ਤੌਰ ਤੇ ਨਾ ਦੇਣਾ, ਪੇ ਪੈਰਿਟੀ ਨਾ ਕਰਨਾ, ਅਦਾਲਤਾ ਦੇ ਫੈਸਲੇ ਲਾਗੂ ਨਾ ਕਰਨਾ, ਮੈਡੀਕਲ ਬਿੱਲਾਂ ਦੇ ਬਕਾਏ ਨਾ ਦੇਣਾ, ਰਿਟ ਨੰਬਰ 8240 ਦੇ ਫੈਸਲੇ ਅਨੁਸਾਰ 600 ਤੋਂ ਵੱਧ ਵਰਕਰਾਂ ਨੂੰ ਪੈਨਸ਼ਨ ਨਾ ਲਗਾਉਣਾ ਅਤੇ 1900 ਅਤੇ 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ 400—500 ਬਜੁਰਗ ਵਰਕਰਾਂ ਨੂੰ ਪੈਨਸ਼ਨ ਦਾ ਲਾਭ ਨਾ ਦੇਣਾ ਆਦਿ ਅਨੇਕਾਂ ਹੱਕੀ ਮਸਲੇ ਹਨ ਜਿਨ੍ਹਾਂ ਨੂੰ ਜਾਣ ਬੁੱਝ ਕੇ ਲਟਕਾਇਆ ਜਾ ਰਿਹਾ ਹੈ ਆਦਿ ਅਨੇਕਾਂ ਹੱਕੀ ਮਸਲੇ ਹਨ ਜਿਨ੍ਹਾਂ ਨੂੰ ਜਾਣਬੁੱਝ ਕੇ ਲਟਕਾਇਆ ਜਾ ਰਿਹਾ ਹੈ।

ਅੱਜ ਦੀ ਇਸ ਵਿਸ਼ਾਲ ਰੈਲੀ ਵਿੱਚ ਪੀ.ਆਰ.ਟੀ. ਸੀ. ਰਿਟਾਇਰ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਦੇ ਸ੍ਰੀ ਜ਼ੋਗਿੰਦਰ ਸਿੰਘ ਅਤੇ ਸ਼ਿਵ ਕੁਮਾਰ ਦੀ ਅਗਵਾਈ ਵਿੱਚ 25—30 ਸੇਵਾ ਮੁਕਤ ਕਰਮਚਾਰੀਆਂ ਨੇ ਵੀ ਇਸ ਰੋਸ ਰੈਲੀ ਅਤੇ ਰੋਸ ਮੁਜਾਹਰੇ ਵਿੱਚ ਸ਼ਮੂਲੀਅਤ ਕੀਤੀ ਅਤੇ ਅੱਗੇ ਵਾਸਤੇ ਵੀ ਇਸੇ ਤਰ੍ਹਾਂ ਸਾਥ ਦੇਣ ਦਾ ਭਰੋਸਾ ਦਿੱਤਾ। ਐਕਸ਼ਨ ਕਮੇਟੀ ਵਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਜੇਕਰ ਹਰ ਮਹੀਨੇ ਦੀ 7 ਤਾਰੀਖ ਤੱਕ ਤਨਖਾਹ ਅਤੇ ਪੈਨਸ਼ਨ ਸਮੇਂ ਸਿਰ ਨਾ ਕੀਤੀ ਗਈ ਤਾਂ ਤੁਰੰਤ ਅਗਲੇ ਦਿਨ ਸਖਤ ਐਕਸ਼ਨ ਕੀਤਾ ਜਾਇਆ ਕਰੇਗਾ।

# ਹਿਬਰੂ ਭਾਸ਼ਾ ਗਿਆਤਾ ਸਨ ਯਿਸੂ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲਿਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਪਿਤਾ ਯੂਸਫ਼ ਅਤੇ ਮਾਂ ਮਰੀਅਮ ਨੂੰ ਤਾਂ ਯਿਸੂ ਬਾਰੇ ਮੁਕੰਮਲ ਜਾਣਕਾਰੀ ਸੀ ਕਿ ਉਹ ਪਵਿੱਤਰ ਆਤਮਾ ਵੱਲੋਂ ਪੈਦਾ ਹੋਏ ਸਨ, ਇਸੇ ਲਈ ਉਹ ਹੋਰ ਬੱਚਿਆਂ ਸਾਹਮਣੇ ਕਦੇ-ਕਦੇ ਯਿਸੂ ਦੀ ਤਰਫ਼ਦਾਰੀ ਵੱਧ ਕਰ ਦਿੰਦੇ ਸਨ ਪਰ ਯਿਸੂ ਨੇ ਅਜਿਹੀ ਵਿਸ਼ੇਸ਼ ਤਰਫ਼ਦਾਰੀ ਨੂੰ ਛੇਤੀ ਪਰਵਾਨ ਨਹੀਂ ਕਰਦੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਨਾਲ ਕੋਈ ਵੀ ਵਿਸ਼ੇਸ਼ ਵਿਵਹਾਰ ਕਰੇ (ਯੂਰੈਂਸ਼ੀਆ-124 3.2)

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਨਾਸਰਤ ਵਿਚ ਦੂਰ-ਦੁਰਾਡੇ ਦੇ ਦੇਸ਼ਾਂ ਦੇ ਸੈਲਾਨੀ, ਵਪਾਰੀ ਤੇ ਆਮ ਯਾਤਰੀ ਕਾਫ਼ਲਿਆਂ ਦੇ ਰੂਪ ਵਿਚ ਬਹੁਤ ਵੱਧ ਆਉਂਦੇ ਰਹਿੰਦੇ ਸਨ। ਯਿਸੂ ਨੂੰ ਉਨ੍ਹਾਂ ਯਾਤਰੀਆਂ ਨਾਲ ਵੀ ਗੱਲ ਕਰਨਾ ਬਹੁਤ ਵਧੀਆ ਲੱਗਾ ਸੀ ਕਿਉਂਕਿ ਉਨ੍ਹਾਂ ਤੋਂ ਉਨ੍ਹਾਂ ਨੂੰ ਕੌਮਾਂਤਰੀ ਪੱਧਰ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਸਨ ਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਸਿੱਖਣ ਨੂੰ ਮਿਲਦੀਆਂ ਸਨ। ਇਸੇ ਲਈ ਯਿਸੂ ਇਕ ਅਜਿਹੀ ਦੁਕਾਨ ਉੱਤੇ ਚਲੇ ਜਾਂਦੇ ਸਨ, ਜਿਸ ਉੱਤੇ ਵਿਦੇਸ਼ੀ ਸੈਲਾਨੀਆਂ ਦੀ ਭੀੜ ਵੱਧ ਰਹਿੰਦੀ ਸੀ। ਇਸ ਤਰ੍ਹਾਂ ਯਿਸੂ ਇਸ ਛੋਟੀ ਜਿਹੀ ਉਮਰੇ ਵੀ ਪੂਰੀ ਤਰ੍ਹਾਂ ਜਾਗਰੂਕ ਸਨ (ਯੂਰੈਂਸ਼ੀਆ-124 3.3)

ਸੰਨ 5 ਦੀ 24 ਜੂਨ ਬੁੱਧਵਾਰ ਸ਼ਾਮੀਂ ਯੂਸਫ਼ ਤੇ ਮਰੀਅਮ ਦੀ ਸੱਤਵੀਂ ਸੰਤਾਨ ਜਿਯੂਡ ਨੇ ਜਨਮ ਲਿਆ। ਮਾਂ ਮਰੀਅਮ ਉਸ ਵੇਲੇ ਕਈ ਹਫ਼ਤਿਆਂ ਤਕ ਬਹੁਤ ਜ਼ਿਆਦਾ ਬੀਮਾਰ ਰਹੇ ਸਨ, ਇਸੇ ਲਈ ਪਿਤਾ ਯੂਸਫ਼ ਨੂੰ ਬਹੁਤ ਸਮਾਂ ਘਰ 'ਚ ਰਹਿਣਾ ਪਿਆ ਸੀ। ਅਜਿਹੇ ਵੇਲੇ ਯਿਸੂ ਹੀ ਆਪਣੇ ਦੁਨਿਆਵੀ ਪਿਤਾ ਯੂਸਫ਼ ਦੇ ਬਾਹਰਲੇ ਸਾਰੇ ਕੰਮ ਸੰਭਾਲ਼ਦੇ ਰਹੇ ਸਨ। ਨਾਲ ਹੀ ਉਹ ਆਪਣੀ ਦੁਨਿਆਵੀ ਮਾਂ ਦੀ ਪੂਰੀ ਦੇਖਭਾਲ਼ ਕਰਦੇ ਸਨ। ਉਸ ਤੋਂ ਬਾਅਦ ਕਦੇ ਕਿਸੇ ਨੇ ਯਿਸੂ ਵਿਚ ਬਚਪਨ ਵਾਲੀ ਕੋਈ ਗੱਲ ਨਹੀਂ ਵੇਖੀ। ਉਹ ਵੱਡਿਆਂ ਵਾਂਗ ਹੀ ਸਾਰੇ ਕੰਮ ਕਰਦੇ ਸਨ ਤੇ ਤਦ ਉਹ 11 ਸਾਲ ਦੇ ਹੋਣ ਵਾਲੇ ਸਨ (ਯੂਰੈਂਸ਼ੀਆ-124 3.4)

ਇਕ ਯਹੂਦੀ ਧਾਰਮਿਕ ਅਧਿਆਪਕ ਹਰੇਕ ਹਫ਼ਤੇ ਕੇਵਲ ਇਕ ਸ਼ਾਮ ਲਈ ਯਿਸੂ ਨੂੰ ਪੜ੍ਹਾਉਣ ਲਈ ਆਉਂਦਾ ਸੀ। ਉਸੇ ਨੇ ਯਿਸੂ ਨੂੰ ਹਿਬਰੂ ਭਾਸ਼ਾ ਵਿਚ ਲਿਖੇ



ਧਾਰਮਿਕ ਗ੍ਰੰਥਾਂ ਬਾਰੇ ਵਿਸਥਾਰਪੂਰਬਕ ਗਿਆਨ ਦਿੱਤਾ ਸੀ। ਉਹ ਯਿਸੂ ਵਿਚ ਬਹੁਤ ਜ਼ਿਆਦਾ ਦਿਲਚਸਪੀ ਲੈਂਦਾ ਸੀ ਕਿਉਂਕਿ ਯਿਸੂ ਪੜ੍ਹਨ-ਲਿਖਣ ਵਿਚ ਬਹੁਤ ਜ਼ਿਆਦਾ ਹੁਸ਼ਿਆਰ ਸਨ। ਯਿਸੂ ਤੋਂ ਉਸ ਅਧਿਆਪਕ ਨੂੰ ਬਹੁਤ ਆਸਾਂ ਸਨ। ਇਸੇ ਲਈ ਉਹ ਉਨਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨੀ ਚਾਹੁੰਦਾ ਸੀ। ਉਸ ਨੇ ਯਿਸੂ ਨੂੰ ਕਈ ਵਾਰ ਸਲਾਹ ਦਿੱਤੀ ਸੀ ਕਿ ਉਹ ਯੇਰੂਸਲੇਮ ਚਲੇ ਜਾਣ ਤੇ ਉੱਥੇ ਪ੍ਰਸਿੱਧ ਤੇ ਵਿਦਵਾਨ ਰੱਬੀਆਂ ਤੋਂ ਨਵੇਂ ਅਤੇ ਉੱਚ-ਪੱਧਰੀ ਗਿਆਨ ਹਾਸਲ ਕਰਨ ਪਰ ਯਿਸੂ ਨੇ ਕਦੇ ਉਨ੍ਹਾਂ ਦਾ ਇਹ ਸੁਝਾਅ ਨਹੀਂ ਮੰਨਿਆ ਕਿਉਂਕਿ ਉਨ੍ਹਾਂ ਦੇ ਮਨ ਵਿਚ ਤਾਂ ਕੁਝ ਹੋਰ ਹੀ ਚੱਲ ਰਿਹਾ ਸੀ (ਯੂਰੈਂਸ਼ੀਆ-124 3.5)

ਅਨੁਵਾਦ **-ਮਹਿਤਾਬ-ਉਦ-ਦੀਨ**

# ਗੁਰਦੁਆਰਾ ਪਾਤਸ਼ਾਹੀ ਦਸਵੀਂ ਪਿੰਡ ਭਾਗੂ

ਕੁਲਦੀਪ ਸਿੰਘ ਬੰਗੀ

ਇਸ ਪਵਿੱਤਰ ਸਥਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਜਗ੍ਹਾ 'ਤੇ ਗੁਰੂ ਜੀ ਦੋ ਵਾਰ ਆਏ। ਪਹਿਲੀ ਵਾਰ ਗੁਰੂ ਜੀ ਭਾਈ ਰਾਮ ਸਿੰਘ ਦੇ ਪਿੰਡ ਚੱਕ ਤੋਂ ਚੱਲ ਕੇ ਪਿੰਡ ਭੁੱਚੋ ਖੁਰਦ ( ਗੁਰਦੁਆਰਾ ਲਵੇਰੀਸਰ) ਹੁੰਦੇ ਹੋਏ 19 ਹਾੜ੍ਹ 1763 ਬਿਕਰਮੀ ਨੂੰ ਏਥੇ ਪਹੁੰਚੇ। ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ ਜੀ ਤੇ ਕੁਝ ਸਿੰਘ ਉਨ੍ਹਾਂ ਦੇ ਨਾਲ ਸਨ। ਉਸ ਸਮੇਂ ਏਥੇ ਕੱਚੇ ਤਲਾਅ ਦੁਆਲੇ ਕਰੀਰ ਅਤੇ ਵਣਾਂ ਦੀ ਸੰਘਣੀ ਅਤੇ ਛਾਂਦਾਰ ਝਿੜੀ ਸੀ। ਸੋਹਣੀ ਅਤੇ ਰਮਣੀਕ ਜਗ੍ਹਾ ਵੇਖ ਕੇ ਗੁਰੂ ਜੀ ਨੇ ਏਥੇ ਡੇਰਾ ਲਾਇਆ। ਜਿਸ ਕਰੀਰ ਨਾਲ ਗੁਰੂ ਜੀ ਨੇ ਆਪਣਾ ਘੋੜਾ ਬੰਨਿਆ ਸੀ ਉਹ ਕਰੀਰ ਅੱਜ ਵੀ ਸਰੋਵਰ ਵਾਲੇ ਪਾਸੇ ਖੜ੍ਹਾ ਹੈ।

ਜਦੋਂ ਗੁਰੂ ਜੀ ਪਿੰਡ ਚੱਕ ਠਹਿਰੇ ਹੋਏ ਸਨ ਤਾਂ ਚੌਧਰੀ ਦਿਆਲ ਦਾਸ ਭੁੱਚੋ ਖੁਰਦ ਵਾਲੇ ਨੇ ਗੁਰੂ ਅਤੇ ਸੰਗਤ ਲਈ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਭੇਜਿਆ ਤਾਂ ਗੁਰੂ ਜੀ ਨੇ ਉਨ੍ਹਾਂ ਦਾ ਕੜਾਹਿ ਪ੍ਰਸ਼ਾਦਿ ਪ੍ਰਵਾਨ ਨਾ ਕੀਤਾ। ਗੁਰੂ ਜੀ ਦਾ ਇਨਕਾਰ ਕਰਨ ਦਾ ਕਾਰਨ ਇਹ ਸੀ ਕਿ ਜਦ ਗੁਰੂ ਜੀ ਨੇ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਤਿਆਰ ਕੀਤਾ ਸੀ ਤਾਂ ਭਾਈ ਦਿਆਲ ਦਾਸ ਨੇ ਰੰਘਰੇਟੇ ਸਿੰਘਾਂ ਹੱਥੋਂ ਅੰਮ੍ਰਿਤ ਛਕਣ ਤੋਂ ਨਾਂਹ ਕਰ ਦਿੱਤੀ ਸੀ। ਜਦ ਗੁਰੂ ਜੀ ਏਥੇ ਪਹੁੰਚੇ ਤਾਂ ਦਿਆਲ ਦਾਸ ਆਪਣਾ ਕੜਾਹ ਪ੍ਰਸ਼ਾਦਿ ਗੱਡੇ 'ਤੇ ਲੈ ਕੇ ਗੁਰੂ ਜੀ ਦੇ ਪਿੱਛੇ ਏਥੇ ਪੁੱਜੇ। ਆਪਣੀ ਭੁੱਲ ਲਈ ਮੁਆਫੀ ਮੰਗੀ ਤੇ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਮੁਆਫ ਕਰ ਦਿੱਤਾ ਤੇ ਸਾਰਾ ਪ੍ਰਸ਼ਾਦਿ



ਸੰਗਤਾਂ ਵਿਚ ਵਰਤਾਇਆ। ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਦਿਆਲ ਦਾਸ ਨੂੰ ਅੰਮ੍ਰਿਤ ਛਕਾ ਕੇ ਦਿਆਲ ਦਾਸ ਤੋਂ ਦਿਆਲ ਸਿੰਘ ਬਣਾ ਦਿੱਤਾ। ਦੂਸਰੇ ਦਿਨ ਅੰਮ੍ਰਿਤ ਵੇਲੇ ਗੁਰੂ ਜੀ ਅਤੇ ਸਰਬੱਤ ਸੰਗਤ ਨੇ ਸਰੋਵਰ ਵਿਚ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਦਾ ਨਿੱਤਨੇਮ ਕੀਤਾ ਅਤੇ ਦਿਨ ਚੜ੍ਹੇ ਗੁਰੂ ਜੀ ਬਠਿੰਡੇ ਦਾ ਕਿਲ੍ਹਾ ਵੇਖਣ ਲਈ ਰਵਾਨਾ ਹੋ ਗਏ।

ਦੂਸਰੀ ਵਾਰ ਗੁਰੂ ਜੀ ਲੱਖੀ ਜੰਗਲ ਹਰ ਰਾਇਪੁਰ ਤੋਂ ਦਮਦਮਾ ਸਾਹਿਬ ਜਾਂਦੇ ਹੋਏ ਇਸ ਜਗ੍ਹਾ 'ਤੇ ਠਹਿਰੇ ਤੇ ਕੁਝ ਚਿਰ ਆਰਾਮ ਕਰ ਕੇ ਅੱਗੇ ਚਲੇ ਗਏ। ਹੁਣ ਇਸ ਜਗ੍ਹਾ 'ਤੇ ਹਰ ਸਾਲ 17, 18 ਅਤੇ 19 ਹਾੜ੍ਹ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਦਿਵਸ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਤੇ ਦੂਰੋਂ-ਦੂਰੋਂ ਸੰਗਤਾਂ ਆ ਕੇ ਨਤਮਸਤਕ ਹੁੰਦੀਆਂ ਹਨ।

**ਮੋਬਾ. - 94174-07778**

# ਧਰਮ ਹੇਤ ਸਾਕਾ ਜਿਨਿ ਕੀਆ



ਗਗਨਦੀਪ ਸਿੰਘ ਗੁਰਾਇਆ
9781500050



ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਸਾਖ ਵਦੀ 5, ਸੰਮਤ 1678 ਮੁਤਾਬਕ 1 ਅਪ੍ਰੈਲ 1621 ਦਿਨ ਐਤਵਾਰ ਨੂੰ ਗੁਰੂ ਨਾਨਕ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਦੇ ਗ੍ਰਿਹ ਦੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਅਵਤਾਰ ਧਾਰਿਆ। ਬਚਪਨ ਵਿਚ ਆਪ ਜੀ ਦਾ ਨਾਮ ਤਿਆਗ ਮੱਲ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਗ਼ਲਾਂ ਨਾਲ ਹੋਈ ਜੰਗ ਸਮੇਂ ਆਪ ਨੇ ਤਲਵਾਰਬਾਜ਼ੀ ਦੇ ਅਜਿਹੇ ਜੌਹਰ ਵਿਖਾਏ ਕਿ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਖ਼ੁਸ਼ ਹੋ ਕੇ ਆਪ ਜੀ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ। ਆਪ ਬਚਪਨ ਤੋਂ ਹੀ ਫ਼ਕੀਰਾਨਾ ਤੇ ਮਸਤ ਮੌਲਾ ਸੁਭਾਅ ਦੇ ਮਾਲਕ ਸਨ। ਛੋਟੀ ਉਮਰੇ ਹੀ ਕਿਸੇ ਗ਼ਰੀਬ ਬੱਚੇ ਦਾ ਤਨ ਵਸਤਰਹੀਣ ਤੱਕ ਕੇ ਆਪ ਨੇ ਆਪਣੇ ਸਰੀਰ ਉੱਤੇ ਧਾਰਨ ਕੀਤੇ ਕੀਮਤੀ ਵਸਤਰ ਉਸ ਨੂੰ ਪਹਿਨਾ ਦਿੱਤੇ।

ਉਨ੍ਹਾਂ ਦਾ ਵਿਆਹ 16 ਅਸੂ, ਸੰਮਤ 1689 ਮੁਤਾਬਿਕ 1 ਅਕਤੂਬਰ 1632 ਦਿਨ ਸੋਮਵਾਰ ਨੂੰ ਮਾਤਾ ਗੁਜਰੀ ਜੀ ਨਾਲ ਸੰਪੰਨ ਹੋਇਆ। ਬਾਬਾ ਬਕਾਲਾ ਵਿਖੇ ਭੋਰਾ ਸਾਹਿਬ ਵਿਚ ਆਪ ਨੇ ਲਗਪਗ 27 ਸਾਲ ਭਜਨ ਬੰਦਗੀ ਕੀਤੀ। ਮਾਤਾ ਗੁਜਰੀ ਜੀ ਨੇ ਇਸ ਸਮੇਂ ਦੌਰਾਨ ਭੋਰਾ ਸਾਹਿਬ ਦੇ ਬਾਹਰ ਪਹਿਰਾ ਦੇ ਕੇ ਨਾਮ ਸਿਮਰਨ ਕੀਤਾ। ਇਸ ਸਮੇਂ ਦੌਰਾਨ ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੌਵੇਂ ਗੁਰੂ ਬਾਰੇ ਬਾਬੇ ਬਕਾਲੇ ਵਿਚ ਦੱਸ ਕੇ ਕੇਵਲ 8 ਸਾਲ ਦੀ ਉਮਰ ਵਿਚ ਦਿੱਲੀ ਵਿਚ ਜੋਤੀ ਜੋਤ ਸਮਾ ਗਏ। ਇਸ ਉਪਰੰਤ ਆਪੇ ਬਣੇ 22 ਗੁਰੂ ਬਾਬਾ ਬਕਾਲਾ ਵਿਖੇ ਮੰਜੀਆਂ ਲਗਾ ਕੇ ਬੈਠ ਗਏ ਪਰ ਇਕ ਸੱਚੇ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਨੇ 'ਗੁਰੂ ਲਾਧੋ ਰੇ' ਦਾ ਹੋਕਾ ਦੇ ਕੇ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕੀਤਾ। ਆਪ ਜੀ ਨੂੰ ਗੁਰਿਆਈ ਸਾਵਣ ਅਮਾਵਸ ਸੰਮਤ 1721 ਮੁਤਾਬਿਕ 11 ਅਗਸਤ 1664 ਦਿਨ ਵੀਰਵਾਰ ਨੂੰ ਮਿਲੀ। ਇਸ ਤਰ੍ਹਾਂ ਆਪ ਗੁਰੂ ਨਾਨਕ ਦੀ ਨੌਵੀਂ ਜੋਤ ਦੇ ਰੂਪ ਵਿਚ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਤਲੁਜ ਦੇ ਕੰਢੇ 'ਤੇ ਕਹਿਲੂਰ ਦੇ ਰਾਜੇ ਭੀਮ ਚੰਦ ਤੋਂ ਮਾਖੋਵਾਲ ਪਿੰਡ ਦੀ ਜ਼ਮੀਨ 2200/- ਰੁਪਏ ਵਿਚ ਖ਼ਰੀਦ ਕੇ 19 ਜੂਨ 1665 ਦਿਨ ਸੋਮਵਾਰ ਨੂੰ 'ਚੱਕ ਮਾਤਾ ਨਾਨਕੀ ਜੀ' ਨਗਰ ਵਸਾਇਆ ਜੋ ਕਿ ਅੱਜਕੱਲ੍ਹ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਜੀ ਘਰ ਪੋਹ ਸੁਦੀ ਸੱਤਵੀਂ ਸੰਮਤ 1723 ਮੁਤਾਬਿਕ 22 ਦਸੰਬਰ 1666 ਦਿਨ ਸ਼ਨੀਵਾਰ ਨੂੰ ਪਟਨਾ ਸਾਹਿਬ ਬਿਹਾਰ ਦੀ ਧਰਤੀ 'ਤੇ ਪੁੱਤਰ ਦੇ ਰੂਪ ਵਿਚ ਦਸਵੇਂ ਪਾਤਸ਼ਾਹ ਨੇ ਅਵਤਾਰ ਧਾਰਿਆ।

ਇਸ ਸਮੇਂ ਸਮਕਾਲੀਨ ਹੁਕਮਰਾਨ ਔਰੰਗਜ਼ੇਬ ਨੇ ਜ਼ੁਲਮਾਂ ਦੀ ਅੱਤ ਕੀਤੀ ਹੋਈ ਸੀ। ਉਹ ਧੱਕੇ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ ਅਤੇ ਮੰਦਰਾਂ ਨੂੰ ਤੋੜ ਕੇ ਹਿੰਦੂ ਸੰਸਕ੍ਰਿਤੀ ਨੂੰ ਮਲੀਆ ਮੇਟ ਕਰ ਰਿਹਾ ਸੀ। ਇਸ ਸਮੇਂ ਕਸ਼ਮੀਰੀ ਪੰਡਤ, ਅਮਰਨਾਥ ਦੇ ਮੁੱਖ ਪੁਜਾਰੀ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਹਿੰਦੂ ਧਰਮ ਅਤੇ ਤਿਲਕ ਜੰਞੂ ਦੀ ਰਾਖੀ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਏ। ਉਸ ਸਮੇਂ ਬਾਲ ਗੋਬਿੰਦ ਰਾਏ ਕੇਵਲ 9 ਵਰ੍ਹਿਆਂ ਦੇ ਸਨ। ਪੰਡਿਤਾਂ ਨੂੰ ਦੁਖੀ ਵੇਖ ਕੇ ਆਪ ਨੇ ਕਾਰਨ ਪੁੱਛਿਆ ਤਾਂ ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਇਨ੍ਹਾਂ ਦਾ ਧਰਮ ਅਤੇ ਹੋਂਦ ਖ਼ਤਰੇ ਵਿਚ ਹੈ। ਜੇਕਰ ਕੋਈ ਮਹਾਂਪੁਰਸ਼ ਆਪਣਾ ਬਲੀਦਾਨ ਦੇਵੇ ਤਾਂ ਇਨ੍ਹਾਂ ਦੀ ਹੋਂਦ ਬਚ ਸਕਦੀ ਹੈ। ਤਾਂ ਬਾਲ ਗੋਬਿੰਦ ਰਾਏ ਨੇ ਕਿਹਾ ਕਿ ਇਸ ਸਮੇਂ ਆਪ ਜੀ ਤੋਂ ਵੱਡਾ ਹੋਰ ਕੋਈ ਮਹਾਂਪੁਰਸ਼ ਦੁਨੀਆ 'ਤੇ ਨਹੀਂ ਹੈ। ਆਪ ਹੀ ਆਪਣਾ ਬਲੀਦਾਨ ਦੇ ਕੇ ਇਨ੍ਹਾਂ ਦਾ ਧਰਮ ਬਚਾ ਸਕਦੇ ਹੋ। ਇਸ ਤਰ੍ਹਾਂ ਛੋਟੀ ਉਮਰੇ ਹੀ ਉਨ੍ਹਾਂ ਨੇ ਹਿੰਦੂ ਧਰਮ ਅਤੇ ਤਿਲਕ ਜੰਞੂ ਦੀ ਰੱਖਿਆ ਲਈ ਆਪ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵੱਲ ਆਪਣੇ ਸਰੀਰ ਦਾ ਬਲੀਦਾਨ ਦੇਣ ਵਾਸਤੇ ਤੋਰਿਆ। ਦੁਨੀਆ ਵਿਚ ਇਹ ਪਹਿਲੀ ਮਿਸਾਲ ਹੈ, ਜਦੋਂ ਕੋਈ ਖ਼ੁਦ ਕਿਸੇ ਦੇ ਧਰਮ ਦੀ ਖ਼ਾਤਰ ਸ਼ਹੀਦ ਹੋਣ ਲਈ ਕਤਲਗਾਹ ਤਕ ਚੱਲ ਕੇ ਗਿਆ ਹੋਵੇ। ਗੁਰੂ ਸਾਹਿਬ ਰਸਤੇ ਵਿਚ ਸੰਗਤਾਂ ਨੂੰ ਤਾਰਦੇ ਹੋਏ ਅਤੇ ਗੁਰੂ ਨਾਨਕ ਦੇ ਘਰ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਔਰੰਗਜ਼ੇਬ ਕੋਲ ਪੁੱਜੇ।

ਪਿੰਜਰੇ ਵਿਚ ਕੈਦ ਸਮੇਂ ਆਪ ਨੂੰ ਹੁਕਮਰਾਨ ਨੇ ਸਵਾਲ ਕੀਤਾ ਕਿ ਤੁਹਾਡੇ ਪਹਿਲੇ ਸਤਿਗੁਰੂ ਨਾਨਕ ਦੇਵ ਜੀ ਨੇ ਜਨੇਊ ਪਾਉਣ ਤੋਂ ਮਨ੍ਹਾ ਕੀਤਾ ਸੀ ਪਰ ਆਪ ਜੰਞੂ ਅਤੇ ਤਿਲਕ ਲਈ ਕੁਰਬਾਨ ਹੋ ਰਹੇ ਹੋ ਤਾਂ ਗੁਰੂ ਸਾਹਿਬ ਨੇ ਜੁਆਬ ਦਿੱਤਾ ਕਿ ਅਸੀਂ ਕੇਵਲ ਧੱਕੇ ਦੇ ਖ਼ਿਲਾਫ਼ ਹਾਂ, ਕਿਸੇ ਧਰਮ ਦੇ ਨਹੀਂ। ਪਹਿਲੇ ਜਾਮੇ ਵਿਚ ਧੱਕੇ ਨਾਲ ਜਨੇਊ ਪਾਉਣ ਨਹੀਂ ਦਿੱਤਾ, ਹੁਣ ਧੱਕੇ ਨਾਲ ਕਿਸੇ ਦਾ ਜਨੇਊ ਲਹਿਣ ਵੀ ਨਹੀਂ ਦੇਣਾ ਇਹ ਗੁਰੂ ਨਾਨਕ ਦੇ ਘਰ ਦਾ ਅਸੂਲ

ਹੈ ਕਿ ਸ਼ਰਨ ਵਿੱਚ ਆਇਆਂ ਨੂੰ ਗਲ ਨਾਲ ਲਾਇਆ ਜਾਂਦਾ ਹੈ। ਗੁਰੂ ਨਾਨਕ ਦਾ ਘਰ ਜਿਸ ਦੀ ਇਕ ਵਾਰ ਬਾਂਹ ਫੜ ਲੈਂਦਾ ਹੈ, ਆਪਣਾ ਸਿਰ ਤਾਂ ਦੇ ਸਕਦਾ ਪਰ ਬਾਂਹ ਨਹੀਂ ਛੱਡਦਾ।

ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਗੁਰੂ ਸਾਹਿਬ ਦੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਲਪੇਟ ਕੇ ਜਿਊਂਦੇ ਅੱਗ ਲਾ ਕੇ ਸ਼ਹੀਦ ਕੀਤਾ ਅਤੇ ਭਾਈ ਦਿਆਲਾ ਜੀ ਨੂੰ ਵੱਡੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਸਿੱਖ ਬਾਣੀ ਪੜ੍ਹਦੇ ਹੋਏ ਸ਼ਹੀਦ ਤਾਂ ਹੋ ਗਏ ਪਰ ਧਰਮ ਤੋਂ ਨਹੀਂ ਡੋਲ੍ਹੇ। ਉਨ੍ਹਾਂ ਨੇ ਆਖ਼ਰੀ ਇੱਛਾ ਵੀ ਇਹ ਪ੍ਰਗਟ ਕੀਤੀ ਕਿ ਸ਼ਹੀਦੀ ਸਮੇਂ ਆਖਰੀ ਸੁਆਸ ਤਕ ਉਨ੍ਹਾਂ ਦਾ ਮੁੱਖ ਪਿੰਜਰੇ ਵਿਚ ਕੈਦ ਗੁਰੂ ਤੇਗ ਬਹਾਦਰ ਜੀ ਵੱਲ ਹੋਣਾ ਚਾਹੀਦਾ ਹੈ। ਅੰਤ ਮੱਘਰ ਸੁਦੀ 5, ਸੰਮਤ 1732 ਮੁਤਾਬਿਕ 11 ਨਵੰਬਰ 1675 ਦਿਨ ਵੀਰਵਾਰ ਨੂੰ ਦੁਪਹਿਰ ਚਾਂਦਨੀ ਚੌਕ ਦਿੱਲੀ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਜਲਾਦ ਨੇ ਤਲਵਾਰ ਦੇ ਵਾਰ ਨਾਲ ਸੀਸ ਧੜ ਤੋਂ ਵੱਖ ਕਰ ਕੇ ਸ਼ਹੀਦ ਕੀਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੂਰੇ ਹਿੰਦੁਸਤਾਨ ਨੂੰ ਆਪਣੇ ਸਰੀਰ ਰੂਪੀ ਚਾਦਰ ਨਾਲ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਢੱਕ ਲਿਆ, ਪਰ ਹਿੰਦੂ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ।

ਉਸ ਜਗ੍ਹਾ ਅੱਜ ਅਤਿ ਸੁੰਦਰ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਚਾਂਦਨੀ ਚੌਕ ਵਿਖੇ ਸਥਿਤ ਹੈ। ਮਹਾਨ ਸਿੱਖ ਭਾਈ ਲੱਖੀ ਸ਼ਾਹ ਵਣਜਾਰੇ ਨੇ ਗੁਰੂ ਸਾਹਿਬ ਦੇ ਧੜ ਨੂੰ ਹਨੇਰੀ ਵਿਚ ਚੁੱਕ ਕੇ ਆਪਣੇ ਘਰ ਲੈ ਆਂਦਾ ਅਤੇ ਆਪਣੇ ਘਰ ਨੂੰ ਅੱਗ ਲਗਾ ਕੇ ਧੜ ਦਾ ਸੰਸਕਾਰ ਕਰ ਦਿੱਤਾ ਜਿੱਥੇ ਅੱਜ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸਥਿਤ ਹੈ। ਗੁਰੂ ਦੇ ਸਿੱਖ ਭਾਈ ਜੈਤਾ ਜੀ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰੂ ਸਾਹਿਬ ਦੇ ਪਵਿੱਤਰ ਸੀਸ ਨੂੰ ਚੁੱਕ ਕੇ ਝੋਲੀ ਵਿਚ ਪਾ ਕੇ ਕਰਨਾਲ, ਤਰਾਵੜੀ, ਜ਼ੀਰਕਪੁਰ ਆਦਿ ਹੁੰਦੇ ਹੋਏ ਲੰਬਾ ਪੈਂਡਾ ਤਹਿ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨਾਲ ਮਿਲ ਕੇ ਸੀਸ ਦਾ ਸੰਸਕਾਰ ਕੀਤਾ ਅਤੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ 'ਰੰਗਰੇਟੇ-ਗੁਰੂ ਕੇ ਬੇਟੇ' ਦਾ ਮਾਣ ਦੇ ਕੇ ਨਿਵਾਜਿਆ। ਇਹ ਵੀ ਦੁਨੀਆ ਵਿਚ ਵਿਲੱਖਣ ਮਿਸਾਲ ਹੈ ਕਿ ਕਿਸੇ ਸ਼ਹੀਦ ਦੇ ਸੰਸਕਾਰ ਲਈ ਦੋ ਅੰਗੀਠੇ ਤਿਆਰ ਹੋਏ ਹੋਣ ਅਤੇ ਦੋ ਵੱਖ-ਵੱਖ ਥਾਵਾਂ 'ਤੇ ਧੜ ਅਤੇ ਸੀਸ ਦਾ ਸੰਸਕਾਰ ਹੋਇਆ ਹੋਵੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਕ ਵੱਡਾ ਸਾਕਾ ਕਰ ਕੇ ਤਿਲਕ ਜੰਞੂ ਦੀ ਰੱਖਿਆ ਕੀਤੀ ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ, ਕੀਨੋ ਬਡੋ ਕਲੂ ਮਹਿ ਸਾਕਾ ।

ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰੁ ਨਾ ਦੀਆ ॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖਾ ਦੇਹੀ ਵਿਚ 54 ਕੁ ਸਾਲ ਆਯੂ ਭੋਗ ਕੇ ਜੋਤੀ ਜੋਤ ਸਮਾ ਗਏ। ਆਪ ਜੀ ਦੀ ਸਾਰੀ ਬਾਣੀ ਵੈਰਾਗਮਈ ਹੈ। ਆਪ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 116 ਸ਼ਬਦ ਤੇ ਸਲੋਕ 16 ਰਾਗਾਂ ਵਿਚ ਹਨ।

## ਕਹੁ ਨਾਨਕ ਸੁਨੁ ਰੇ ਮਨਾ



ਇਕਵਾਕ ਸਿੰਘ ਪੱਟੀ

ਮਨੁੱਖੀ ਅਧਿਕਾਰਾਂ ਲਈ ਆਪਣੀ ਸ਼ਹਾਦਤ ਦੇਣ ਵਾਲੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ 5 ਵੈਸਾਖ ਸੰਤ 1678, ਚੰਦ ਦੇ ਹਿਸਾਬ ਨਾਲ ਵੈਸਾਖ ਸੁਦੀ 5, 1 ਅਪ੍ਰੈਲ 1621 ਦਿਨ ਐਤਵਾਰ ਨੂੰ ਮਾਤਾ ਨਾਨਕੀ ਜੀ ਦੀ ਕੁਖੋਂ ਅੰਮ੍ਰਿਤਸਰ ਜਿਥੇ ਅੱਜ ਗੁਰਦੁਆਰਾ ਗੁਰੂ ਕੇ ਮਹਲ ਸਥਿਤ ਹੈ ਵਿਖੇ ਹੋਇਆ। ਆਪ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੁੱਚੀ ਮਾਨਵਤਾ ਨੂੰ ਸਰਬ ਸਾਂਝਾ ਉਪਦੇਸ਼ ਦੇਣ ਲਈ ਅਤੇ ਇਕ ਨਵੀਂ ਨਿਰੋਈ ਜੀਵਨ ਜਾਂਚ ਜਿਸ ਦਾ ਮੁੱਢ ਬਾਬਾ ਨਾਨਕ ਜੀ ਰੱਖ ਕੇ ਗਏ ਸਨ ਨੂੰ ਅੱਗੇ ਵਧਾਉਣ ਲਈ ਲੰਮੇ-ਲੰਮੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਨਾਮੀ ਨਗਰ ਵਸਾਇਆ ਜਿਸ ਨੂੰ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ 'ਤੇ ਜਾਣਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 59 ਸ਼ਬਦ ਅਤੇ 57 ਸਲੋਕ ਹਨ। ਉਨ੍ਹਾਂ ਜੈਜਾਵੰਤ ਰਾਗ ਵਿਚ ਆਪਣੀ ਬਾਣੀ ਉਚਾਰੀ। ਉਨ੍ਹਾਂ ਮਨੁੱਖਤਾ ਨੂੰ ਸਰਬਸਾਂਝਾ ਉਪਦੇਸ਼ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਦਾ ਸਿਧਾਂਤ ਹੋਰ ਮਜ਼ਬੂਤੀ ਨਾਲ ਦ੍ਰਿੜ ਕਰਵਾਇਆ ਕਿ ਇਹ ਰਚਨਾ ਪਰਮਾਤਮਾ ਦੀ ਬਣਾਈ ਹੋਈ ਹੈ ਅਤੇ ਅਕਾਲ ਪੁਰਖ ਆਪ ਇਸ ਕਾਇਨਾਤ ਵਿਚ ਵੱਸ ਰਿਹਾ ਹੈ :

ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥
(ਧਨਾਸਾਰੀ ਮਹਲਾ 9, ਪੰਨਾ 684)
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥
(ਰਾਗ ਬਸੰਤ ਹਿੰਡੋਲ ਮਹਲਾ 9, ਪੰਨਾ 1186)

ਮਨੁੱਖਾ ਜੀਵਨ ਦਾ ਮਨੋਰਥ ਸਮਝਾਉਂਦਿਆਂ ਉਨ੍ਹਾਂ ਦੱਸਿਆ ਕਿ,
ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥
(ਗਉੜੀ ਮਹਲਾ 9, ਪੰਨਾ 219)
ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥ ਕੀਨੁ ॥
(ਸਲੋਕ ਮਹਲਾ 9, ਸਲੋਕ 1, ਪੰਨਾ 1426)

ਇਸ ਜਗਤ ਦੀ ਅਸਥਿਰਤਾ ਬਾਰੇ ਆਪ ਜੀ ਨੇ ਪਾਵਣੁ ਗੁਰਬਾਣੀ ਅੰਦਰ ਫੁਰਮਾਨ ਕੀਤਾ
ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ (ਸਲੋਕ 49, ਪੰਨਾ 1429)

ਆਪ ਜੀ ਨੇ ਪਾਵਨ ਬਾਣੀ ਵਿਚ ਦੱਸਿਆ ਕਿ ਮਨੁੱਖ ਸੁੱਖਾਂ ਦੀ ਪ੍ਰਾਪਤੀ ਅਤੇ ਲਾਲਸਾ ਵਿਚ ਹੋਰ ਵੀ ਜ਼ਿਆਦਾ ਦੁੱਖ ਭੋਗਦਾ ਹੈ, ਸੰਸਾਰ ਵਿਚ ਉਹੀ ਹੁੰਦਾ ਹੈ ਜੋ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ :
ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥ (ਸਲੋਕ 39, ਪੰਨਾ 1428)

ਆਪ ਜੀ ਨੇ ਫੁਰਮਾਇਆ ਕੇ ਮਨੁੱਖ ਦਿਨ ਰਾਤ ਮਾਇਆ ਪਿੱਛੇ ਭੱਜਿਆ ਫਿਰਦਾ ਹੈ, ਪਰ ਫਿਰ ਵੀ ਇਸ ਦੇ ਮਨ ਦੀ ਮੈਲ ਦੂਰ ਨਹੀਂ ਹੁੰਦੀ :
ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ
(ਟੋਡੀ ਮਹਲਾ 9, ਪੰਨਾ 718)

ਬੇਸ਼ੱਕ ਅੱਜ ਕੱਲ੍ਹ ਦੇ ਅਖੌਤੀ ਬਾਬੇ ਆਪਣੇ ਨਾਲ ਗੰਨਮੈਨ, ਆਕਸੀਜਨਾਂ, ਜੈੱਡ ਸੁਰੱਖਿਆਂ ਨਾਲ ਨਾਲ ਲਈ ਫਿਰਦੇ ਹਨ ਅਤੇ ਦੂਜੇ ਪਾਸੇ ਆਪਣੇ ਰੱਬ ਹੋਣ ਦਾ ਦਾਅਵਾ ਵੀ ਕਰਦੇ ਹਨ ਪਰ ਸਗਿਤੂਰੂ ਤੇਗ ਬਹਾਦਰ ਸਾਹਿਬ ਜੀ ਨੇ ਸਪੱਸਟ ਕਰ ਦਿੱਤਾ ਕਿ ਮਾਇਆ ਵਿਚ ਖੱਚਤ ਜੀਵ ਨੂੰ ਹੀ ਮੌਤ ਦਾ ਡਰ ਹੁੰਦਾ ਹੈ ਤੇ ਇਸ ਡਰ ਤੋਂ ਛੁਟਕਾਰਾ ਸਿਰਫ਼ ਅਕਾਲ ਪੁਰਖ ਨਾਲ ਪਿਆਰ ਪਾਉਣ ਉਪਰੰਤ ਹੀ ਮਿਲ ਸਕਦਾ ਹੈ ਅਤੇ ਜੋ ਨਾਮ ਸਿਮਰਨ ਨਹੀਂ ਕਰਦੇ ਉਹੀ ਜਨਮ ਮਰਨ ਦੇ ਗੇੜ ਵਿਚ ਫਸੇ ਰਹਿੰਦੇ ਹਨ :
ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥ (ਸਲੋਕ 31, ਪੰਨਾ 1428)

ਅਖੌਤੀ ਤੀਰਥਾਂ ਬਾਰੇ ਸਪੱਸ਼ਟ ਕਰਦਿਆਂ ਆਪ ਜੀ ਨੇ ਫੁਰਮਾਇਆ :
ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥
(ਬਿਲਾਵਲੁ ਮਹਲਾ 9, ਪੰਨਾ 830)

ਇਸ ਤਰ੍ਹਾਂ ਸਾਨੂੰ ਸਤਿਗੁਰੂ ਜੀ ਦੀ ਪਾਵਨ ਬਾਣੀ ਤੋਂ ਹਰ ਤਰ੍ਹਾਂ ਦੀ ਜੀਵਨ ਸਬੰਧੀ ਸੇਧ ਮਿਲਦੀ ਹੈ

ਜੋ ਉਨ੍ਹਾਂ ਦੀ ਬਾਣੀ ਨੂੰ ਸਹਿਜ ਨਾਲ ਪੜ੍ਹਿਆਂ ਹੀ ਪਤਾ ਲੱਗ ਸਕਦੀ ਹੈ। ਸਾਨੂੰ ਸਾਰਿਆਂ ਨੂੰ ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ ਤਾਂ ਹੀ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ। ਉਨ੍ਹਾਂ ਦੀ ਧਰਮ ਦੀ ਰੱਖਿਆ ਕਾਰਨ ਕੀਤੀ ਕੁਰਬਾਨੀ ਸਾਡੇ ਲਈ ਪ੍ਰੇਰਨਾ ਸਰੋਤ ਹੈ।

# ਅਬੂ ਬਕਰ ਸਿੱਦੀਕ, ਹਜ਼ਰਤ

ਪ੍ਰੋ. ਗੁਰਚਰਨ ਸਿੰਘ ਤਲਵਾੜਾ

ਹਜ਼ਰਤ ਅਬੂ ਬਕਰ ਸਿੱਦੀਕ ਪੈਗ਼ੰਬਰੇ ਇਸਲਾਮ ਦੇ ਸਭ ਤੋਂ ਨਜ਼ਦੀਕੀ ਸਾਥੀਆਂ ਵਿੱਚੋਂ ਸਨ ਅਤੇ ਹਜ਼ੂਰੇ ਅਕਰਮ ਦੇ ਨਜ਼ਦੀਕੀ ਰਿਸ਼ਤੇਦਾਰ ਸਨ। ਆਪ 'ਖ਼ੁਲਫਾ-ਏ-ਰਾਸ਼ਿਦੀਨ' ਵਿੱਚੋਂ ਪਹਿਲੇ ਖ਼ਲੀਫਾ ਸਨ। ਆਪ ਦਾ ਜਨਮ 573 ਈਸਵੀ ਵਿਚ ਮੱਕਾ ਦੇ ਕੁਰੈਸ਼ ਕਬੀਲੇ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਹਜ਼ਰਤ ਉਸਮਾਨ ਅਤੇ ਮਾਤਾ ਦਾ ਨਾਂ ਬੀਬੀ ਸਲਮਾ ਸੀ। ਆਪ ਹਜ਼ਰਤ ਮੁਹੰਮਦ ਸਾਹਿਬ ਦੇ ਨਜ਼ਦੀਕੀ ਦੋਸਤ ਸਨ ਅਤੇ ਉਨ੍ਹਾਂ ਨੂੰ ਜਦੋਂ ਨਬੁੱਵਤ ਅਤਾ ਹੋਈ ਤਾਂ ਉਨ੍ਹਾਂ ਵਿਅਕਤੀਆਂ ਵਿੱਚੋਂ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸਲਾਮ ਕਬੂਲ ਕੀਤਾ। ਆਪ ਅੱਲਾਹ ਦੇ ਰਸੂਲ ਦੇ ਸਭ ਤੋਂ ਵਿਸ਼ਵਾਸ-ਪਾਤਰ ਸਹਾਬੀਆਂ ਵਿੱਚੋਂ ਸਨ। ਸੰਨ 622 ਈਸਵੀ ਵਿਚ ਜਦੋਂ ਮਦੀਨਾ ਲਈ ਹਿਜਰਤ ਕੀਤੀ ਗਈ ਤਾਂ ਹਜ਼ਰਤ ਮੁਹੰਮਦ ਸਾਹਿਬ ਨਾਲ ਆਪ ਇਕੱਲੇ ਵਿਅਕਤੀ ਸਨ। ਆਪ ਨੇ ਹਜ਼ਰਤ ਮੁਹੰਮਦ ਸਾਹਿਬ ਦਾ ਹਰ ਦੁੱਖ-ਸੁੱਖ ਵਿਚ ਸਾਥ ਦਿੱਤਾ। ਦੀਨ ਦੀ ਖ਼ਾਤਰ ਲੜੀਆਂ ਲੜਾਈਆਂ



ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਆਪ ਦੀ ਖ਼ਿਲਾਫ਼ਤ ਦਾ ਸਮਾਂ 632 ਈਸਵੀ ਤੋਂ 634 ਈਸਵੀ ਤਕ ਸੀ। ਆਪ ਦੇ ਦੌਰੇ ਖ਼ਿਲਾਫ਼ਤ ਕੁਰਆਨ ਮਜੀਦ ਦੇ ਸੰਕਲਨ ਦਾ ਕੰਮ ਆਰੰਭ ਹੋ ਗਿਆ ਸੀ। ਇਸਲਾਮੀ ਰਾਜ ਦੇ ਵਿਸਥਾਰ ਦਾ ਆਰੰਭ ਵੀ ਆਪ ਦੇ ਸਮੇਂ ਹੋ ਗਿਆ ਸੀ। ਰੂਮ ਅਤੇ ਈਰਾਨ ਦੇ ਬਹੁਤ ਸਾਰੇ ਨਗਰਾਂ ਉੱਤੇ ਜਿੱਤ ਪ੍ਰਾਪਤ ਕੀਤੀ ਗਈ। ਸੰਨ 634 ਈਸਵੀ ਵਿਚ ਕੁਝ ਸਮਾਂ ਬਿਮਾਰ ਰਹਿਣ ਉਪਰੰਤ ਆਪ ਦਾ ਦੇਹਾਂਤ ਹੋ ਗਿਆ। ਆਪ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਮਜ਼ਾਰ ਦੇ ਸੱਜੇ ਪਾਸੇ ਦਫ਼ਨਾਇਆ ਗਿਆ। ਆਪ ਬਾਰੇ ਪੈਗ਼ੰਬਰੇ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ ਸੀ,'ਆਪ ਗਾਰ-ਏ-ਸੌਰ ਵਿਚ ਮੇਰੇ ਸਾਥੀ ਸੀ ਅਤੇ ਹੌਜ਼-ਏ-ਕੌਸਰ 'ਤੇ ਵੀ ਮੇਰੇ ਸਾਥੀ ਹੋਵੋਗੇ।"

94634-63193

# ਨਿਰਸਵਾਰਥ ਕੰਮ ਦੀ ਮਹੱਤਤਾ



**ਪਰਮੇਸ਼ਵਾਸ ਦਾ ਅਰਥ ਸਰੇਸ਼ਟ ਧਨੁਸ਼ਵਾਲਾ ਨਹੀਂ, ਬਲਕਿ ਪਰਮ+ਈਸ਼+ਵਾਸ ਹੈ। ਸ਼ਿਖਾ-ਸੂਤਰ ਦਾ ਤਿਆਗ ਹੀ ਸ਼ਿਖੰਡੀ ਹੈ । ਸਿਰ ਦੇ ਵਾਲ ਕਟਵਾ ਇਹ ਸੰਨਿਆਸ ਦਾ ਪ੍ਰਤੀਕ ਹੈ...**

ਕਾਇਆ ਰੂਪੀ ਕਾਸ਼ੀ। ਪੁਰਸ਼ ਜਦ ਸਭ ਪਾਸਿਆਂ ਤੋਂ ਮਨ ਸਮੇਤ ਇੰਦਰੀਆਂ ਨੂੰ ਸਮੇਟ ਕੇ ਕਾਇਆ 'ਚ ਹੀ ਕੇਂਦ੍ਰਿਤ ਕਰਦਾ ਹੈ ਤਾਂ ਪਰੇਸ਼ਵਾਸ ਭਾਵ ਪਰਮ ਈਸ਼ 'ਚ ਵਾਸ ਦਾ ਅਧਿਕਾਰੀ ਬਣ ਜਾਂਦਾ ਹੈ। ਪਰਮ ਈਸ਼ 'ਚ ਵਾਸ ਦਿਵਾਉਣ 'ਚ ਸਮਰੱਥ ਕਾਇਆ ਹੀ ਕਾਸ਼ੀ ਹੈ। ਕਾਇਆ 'ਚ ਵੀ ਪਰਮ ਈਸ਼ ਦਾ ਨਿਵਾਸ ਹੈ। ਪਰਮੇਸ਼ਵਾਸ ਦਾ ਅਰਥ ਸਰੇਸ਼ਟ ਧਨੁਸ਼ਵਾਲਾ ਨਹੀਂ, ਬਲਕਿ ਪਰਮ+ਈਸ਼+ਵਾਸ ਹੈ। ਸ਼ਿਖਾ-ਸੂਤਰ ਦਾ ਤਿਆਗ ਹੀ ਸ਼ਿਖੰਡੀ ਹੈ । ਅੱਜ ਕਲ੍ਹ ਲੋਕ ਸਿਰ ਦੇ ਵਾਲ ਕਟਾ ਲੈਂਦੇ ਹਨ। ਇਹ ਸੰਨਿਆਸ ਦਾ ਪ੍ਰਤੀਕ ਨਹੀਂ ਹੈ। ਅਸਲ 'ਚ ਸ਼ਿਖਾ ਉਦੇਸ਼ ਦਾ ਪ੍ਰਤੀਕ ਹੈ, ਜਿਸ ਨੂੰ ਤੁਸੀਂ ਪ੍ਰਾਪਤ ਕਰਨਾ ਹੈ ਅਤੇ ਸੂਤਰ ਹੈ ਸੰਸਕਾਰਾਂ ਦਾ। ਜਦ ਤਕ ਅੱਗੇ ਪਰਮਾਤਮਾ ਨੂੰ ਪਾਉਣਾ ਬਾਕੀ ਹੈ ਤੇ ਪਿੱਛੇ ਸੰਸਕਾਰਾਂ ਦਾ ਸੂਤਰ ਪਾਤ ਲੱਗਾ ਹੋਇਆ ਹੈ, ਉਦੋਂ ਤਕ ਤਿਆਗ ਕਿਵੇਂ ਹੋ ਸਕਦਾ ਹੈ? ਸੰਨਿਆਸ ਕੇਹਾ? ਅਜੇ ਤਾਂ ਚੱਲਣ ਵਾਲੇ ਮੁਸਾਫਰ ਹੋ। ਜਦ ਉਦੇਸ਼ ਪ੍ਰਾਪਤ ਹੋ ਜਾਵੇ ਪਿੱਛੇ ਲੱਗੇ ਹੋਏ ਸੰਸਕਾਰਾਂ ਦੀ ਡੋਰ ਕੱਟ ਜਾਵੇ, ਅਜਿਹੀ ਹਾਲਤ 'ਚ ਭਰਮ ਬਿਲਕੁਲ ਸ਼ਾਂਤ ਹੋ ਜਾਂਦਾ ਹੈ। ਇਸ ਲਈ ਸ਼ਿਖੰਡੀ ਹੀ ਭਰਮਰੂਪੀ ਭੀਸ਼ਮ ਦਾ ਵਿਨਾਸ਼ ਕਰਦਾ ਹੈ। ਸ਼ਿਖੰਡੀ ਚਿੰਤਨ ਦੇ ਰਾਹ ਦੀ ਵਿਸ਼ੇਸ਼ ਯੋਗਤਾ ਹੈ, ਮਹਾਰਥੀ ਹੈ।

**• ਸਵਾਮੀ ਅੜਗੜਾਨੰਦ ਜੀ**

## ਬੋਧ ਕਥਾ

### *ਚੰਗੇ ਲੋਕਾਂ ਦੀ ਸੰਗਤ 'ਚ ਖ਼ੁਦ ਨੂੰ ਬਦਲਣ ਦਾ ਵੀ ਯਤਨ ਕਰਨਾ ਚਾਹੀਦਾ...*

ਇਕ ਵਾਰ ਗੌਤਮ ਬੁੱਧ ਕੌਸ਼ੰਬੀ 'ਚ ਵਿਚਰ ਕਰ ਰਹੇ ਸਨ ਕਿ ਇਕ ਭਿਕਸ਼ੂ ਨੇ ਆ ਕੇ ਉਨ੍ਹਾਂ ਨੂੰ ਕਿਹਾ,'ਭਗਵਾਨ, ਇਥੋਂ ਦੇ ਭਿਕਸ਼ੂ ਆਪਸ 'ਚ ਬਹਿਸ ਕਰਦੇ ਰਹਿੰਦੇ ਹਨ ਅਤੇ ਆਪਣੀ ਜ਼ੁਬਾਨ ਰੂਪੀ ਬਰਛੀ ਨਾਲ ਇਕ ਦੂਜੇ ਨੂੰ ਵਿੰਨ੍ਹਦੇ ਰਹਿੰਦੇ ਹਨ। ਚੰਗਾ ਹੁੰਦਾ, ਤੁਸੀਂ ਉਨ੍ਹਾਂ ਨੂੰ ਸਹੀ ਸਿੱਖਿਆ ਦੇ ਕੇ ਵਿਅਰਥ ਦੇ ਵਾਦ-ਵਿਵਾਦ ਤੋਂ ਦੂਰ ਕਰਦੇ।'

## ਕਲੇਸ਼ ਤੋਂ ਬਚੋ



ਬੁੱਧਦੇਵ ਇਹ ਸੁਣ ਤੇ ਉਨ੍ਹਾਂ ਨਾਲ ਮਠ ਗਏ। ਉਨ੍ਹਾਂ ਨੇ ਭਿਕਸ਼ੂਆਂ ਨੂੰ ਕਿਹਾ,'ਤੁਹਾਨੂੰ ਆਪਸੀ ਵਿਵਾਦ ਅਤੇ ਕਲੇਸ਼ ਤੋਂ ਬਚਣਾ ਚਾਹੀਦਾ ਹੈ। ਇਸੇ 'ਚ ਤੁਹਾਡੀ ਭਲਾਈ ਹੈ।' ਇਸ 'ਤੇ ਇਕ ਭਿਕਸ਼ੂ ਨੇ ਕਿਹਾ,'ਭੰਤੇ, ਤੁਸੀਂ ਸਾਡੇ ਕਲੇਸ਼ 'ਚ ਨਾ ਪਵੋ। ਅਸੀਂ ਆਪਸ 'ਚ ਨਿਪਟਣ 'ਚ ਸਮਰਥ ਹਾਂ।' ਤਦ ਤਥਾਗਤ ਨੇ ਕਿਹਾ,'ਆਪਸ 'ਚ ਨਿਪਟਣ ਨਾਲ ਵੈਰ-ਭਾਵ ਸ਼ਾਂਤ ਨਹੀਂ ਹੁੰਦਾ, ਬਲਕਿ ਵਧਦਾ ਹੈ। ਵੈਰ-ਭਾਵ ਰਹਿਣ ਨਾਲ ਬੋਲੀ ਸਖ਼ਤ ਹੋ ਜਾਂਦੀ ਹੈ ਅਤੇ ਜੋ ਸਖ਼ਤ ਜ਼ੁਬਾਨ ਦੀ ਵਰਤੋਂ ਕਰਦੇ ਹਨ, ਉਹ ਖ਼ੁਦ ਨੂੰ ਪੰਡਿਤ ਸਮਝਦੇ ਹਨ। ਇਸ ਤਰ੍ਹਾਂ ਦਾ ਵਿਵਹਾਰ ਕਰਨ ਵਾਲਿਆਂ ਨੂੰ ਨਾ ਤਾਂ ਖ਼ੁਦ ਦੀ ਚਿੰਤਾ ਹੁੰਦੀ ਹੈ ਅਤੇ ਨਾ ਸੰਘ ਭੇਦ ਦੀ। ਅਸੀਂ ਜੇ ਆਪਣੇ ਚਾਰੇ ਪਾਸੇ ਦੇਖੀਏ, ਤਾਂ ਸਾਨੂੰ ਦਿਖਾਈ ਦੇਵੇਗਾ ਕਿ ਪਸ਼ੂਆਂ ਨੂੰ ਚੁਰਾਉਣ ਵਾਲੇ, ਨੀਚ ਕੰਮ ਕਰਨ ਵਾਲੇ ਅਤੇ ਦੂਜਿਆਂ ਦੇ ਪ੍ਰਾਣ ਲੈਣ ਵਾਲੇ ਤਾਂ ਆਪਸ 'ਚ ਮਿਲ-ਜੁਲ ਕੇ ਰਹਿੰਦੇ ਹਨ ਅਤੇ ਇਥੇ ਸੰਘ 'ਚ ਰਹਿਣ ਵਾਲੇ ਤੁਸੀਂ ਲੋਕ ਇਕ ਪਲ ਵੀ ਸ਼ਾਂਤੀ ਨਾਲ ਨਹੀਂ ਰਹਿ ਸਕਦੇ। ਤੁਹਾਨੂੰ ਤਾਂ ਨਿਮਰ, ਸਦਾਚਾਰੀ ਅਤੇ ਸਿਦਕਵਾਨ ਲੋਕਾਂ ਦੀ ਸੰਗਤ ਦਾ ਲਾਭ ਉਠਾਉਣਾ ਚਾਹੀਦਾ। ਜੇ ਤੁਸੀਂ ਅਜਿਹਾ ਨਹੀਂ ਕਰਨਾ ਚਾਹੁੰਦੇ ਤਾਂ ਤੁਹਾਡਾ ਸੰਘ 'ਚ ਰਹਿਣ ਦਾ ਕੀ ਲਾਭ? ਕੀ ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਵਾਦ ਵਿਵਾਦ ਨਾਲ ਦੂਜਿਆਂ ਦੀ ਸ਼ਾਂਤੀ 'ਚ ਵਿਘਨ ਪੈਂਦਾ ਹੈ? ਮੂਰਖਾਂ ਦੀ ਸੰਗਤ ਦੇ ਮੁਕਾਬਲੇ ਇਕੱਲੇ ਹੀ ਵਿਚਰਨ 'ਚ ਸਿਆਣਪ ਹੈ।

# ਰਾਗੀ ਜਥਾ ਅਮਨਦੀਪ ਕੌਰ ਖ਼ਾਲਸਾ ਮਜੀਠਾ ਵਾਲੇ

ਹਰਪਾਲ ਸਿੰਘ ਪਾਲੀ

ਗੁਰਦੁਆਰਾ ਬੰਗਲਾ ਸਾਹਿਬ ਤੇ ਸੀਸ ਗੰਜ ਸਾਹਿਬ ਦਿੱਲੀ ਦੇ ਗੁਰੂ ਘਰ ਸੰਸਾਰ 'ਤੇ ਵਿਲੱਖਣ ਹੋਂਦ ਰੱਖਦੇ ਹਨ ਜਿੱਥੇ ਸਰਬੱਤ ਦੇ ਭਲੇ ਦਾ ਹੋਕਾਂ ਪੂਰੀ ਲੋਕਾਈ ਨੂੰ ਮਿਲਦਾ ਹੈ। ਇਨ੍ਹਾਂ ਗੁਰੂ ਘਰਾਂ ਵਿਚ ਕੀਰਤਨ ਕਰਨ ਦਾ ਮੌਕੇ ਵੱਡੇ ਭਾਗੀਂ ਮਿਲਦਾ ਹੈ। ਰਾਗੀ ਬੀਬੀ ਅਮਨਦੀਪ ਕੌਰ ਖ਼ਾਲਸਾ ਲਈ ਇਨ੍ਹਾਂ ਅਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠ ਕੀਤਾ ਗੁਰਬਾਣੀ ਦਾ ਕੀਰਤਨ ਰੱਬੀ ਸੁਗਾਤ ਅਤੇ ਅਭੁੱਲ ਅਹਿਸਾਸ ਹੈ। ਮਨਮੋਹਕ ਕੀਰਤਨ ਕਰਨ ਵਾਲੀ ਰਾਗੀ ਬੀਬੀ ਅਮਨਦੀਪ ਕੌਰ ਖ਼ਾਲਸਾ ਦਾ ਜਨਮ 5 ਅਪ੍ਰੈਲ 1989 ਨੂੰ ਮਾਤਾ ਸਤਵੰਤ ਕੌਰ ਅਤੇ ਪਿਤਾ ਬਲਦੇਵ ਸਿੰਘ ਦੇ ਘਰ ਮਜੀਠਾ (ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਕੀਰਤਨ ਕਰਨ ਤੇ ਗੁਰਬਾਣੀ ਪੜ੍ਹਨ ਸੁਣਨ ਦੀ ਤਾਂਘ ਰਹਿੰਦੀ ਸੀ, ਜਿਸ ਕਰਕੇ ਅੱਜ ਉਹ ਗੁਰਬਾਣੀ ਦੇ ਕੀਰਤਨ ਦੀ ਸੇਵਾ ਕਰ ਰਹੀ ਹੈ।

ਬੀਬੀ ਅਮਨਦੀਪ ਕੌਰ ਖ਼ਾਲਸਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਸ੍ਰੀ ਅੰਮ੍ਰਿਤਸਰ ਸਾਹਿਬ) ਤੋਂ ਬੀਸੀਏ/ਐਮਸੀਏ ਦੀ ਪੜ੍ਹਾਈ ਕੀਤੀ। ਗੁਜਰਾਨ ਲਈ ਨੌਕਰੀ ਕਰਨ ਦੀ ਥਾਂ ਬੀਬੀ ਅਮਨਦੀਪ ਕੌਰ ਖ਼ਾਲਸਾ ਨੇ ਗੁਰੂ ਘਰਾਂ, ਕੀਰਤਨ ਦਰਬਾਰਾਂ ਤੇ ਧਾਰਮਿਕ ਸਮਾਗਮਾਂ ਵਿਚ ਕੀਰਤਨ ਕਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਨੂੰ ਪਹਿਲ ਦਿੱਤੀ। ਰਾਗੀ ਭਾਈ ਸੁਰਜੀਤ ਸਿੰਘ (ਮਜੀਠਾ ਵਾਲੇ) ਤੋਂ ਕੀਰਤਨ ਦੀਆਂ ਸਿੱਖਿਆਵਾਂ ਅਤੇ ਵੱਖ-ਵੱਖ ਰਾਗਾਂ



ਦੀਆਂ ਬਰੀਕੀਆਂ ਨੂੰ ਜਾਣਿਆ। ਉਸ ਦੀ ਮਿੱਠੀ ਤੇ ਪਿਆਰੀ ਆਵਾਜ਼ ਵਿਚ ਕੀਤਾ ਗੁਰਬਾਣੀ ਦਾ ਕੀਰਤਨ ਸੰਗਤਾਂ ਦੇ ਮਨ ਨੂੰ ਸਕੂਨ ਬਖ਼ਸ਼ਦਾ ਹੈ। ਉਹ ਆਪਣੇ ਜੱਥੇ ਜਿਸ ਵਿਚ ਬੀਬੀ ਸਿਮਰਜੀਤ ਕੌਰ ਖ਼ਾਲਸਾ ਅਤੇ ਤਬਲਾ ਵਾਦਕ ਭਾਈ ਤਲਜੀਤ ਸਿੰਘ ਨਾਲ ਇਤਿਹਾਸਿਕ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਦਰਬਾਰ ਸਾਹਿਬ ਦਿੱਲੀ, ਯੂਪੀ, ਰਾਜਸਥਾਨ ਤੇ ਦੇਸ ਦੇ ਅਨੇਕਾਂ ਵੱਡੇ ਸ਼ਹਿਰਾਂ 'ਚ ਸੁਸ਼ੋਭਿਤ ਗੁਰੂ ਘਰਾਂ ਵਿਚ ਕੀਰਤਨ ਦੀ ਸੇਵਾ ਕਰ ਚੁੱਕੀ ਹੈ।

ਸਿੱਖ ਸਿਧਾਂਤਾਂ ਵਿਚ ਪਰਪੱਕ ਰਹਿ ਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖੀ ਬਾਣੇ ਵਿਚ ਜੀਵਨ ਜਿਊਂਦੀ ਹੈ। ਵਿਹਲੇ ਸਮੇਂ ਵਿਚ ਸਿੱਖ ਇਤਿਹਾਸ ਪੜ੍ਹਨਾ, ਬੱਚਿਆਂ ਨੂੰ ਕੀਰਤਨ ਸਿਖਾਉਣਾ ਤੇ ਗੁਰਬਾਣੀ ਦੀ ਸੰਥਿਆ ਕਰਾਉਣੀ, ਕਲਾਸੀਕਲ ਗੁਰਮਤਿ ਸੰਗੀਤ ਸੁਣਨਾ, ਇਤਿਹਾਸਿਕ ਧਰਮ ਅਸਥਾਨਾਂ ਦੀ ਯਾਤਰਾ ਕਰਕੇ ਗੁਰੂ ਸਹਿਬਾਨ, ਸ਼ਹੀਦ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਨੂੰ ਸਿਜਦਾ ਕਰਨਾ ਉਸ ਦੀਆਂ ਰੁਚੀਆਂ ਹਨ। 98142-74369

ਕੌਮੀ ਪਤ੍ਰਿਕਾ

# ਔਰਤਾਂ ਪ੍ਰਤੀ ਬਦਲੋ ਨਜ਼ਰੀਆ

*ਕੀ ਸੱਚਮੁਚ ਔਰਤ ਜਦੋਂ ਚਾਰਦੀਵਾਰੀ ਤੋਂ ਬਾਹਰ ਕਦਮ ਰੱਖਦੀ ਹੈ, ਉਸ ਨੂੰ ਹਰ ਤਰ੍ਹਾਂ ਦੀ ਆਜ਼ਾਦੀ ਮਿਲਦੀ ਹੈ? ਸਮੇਂ-ਸਮੇਂ ਹਰ ਸਮਾਜ ਵਿੱਚ ਔਰਤ ਦੀ ਸਥਿਤੀ ਅੱਡ-ਅੱਡ ਰਹੀ ਹੈ, ਕਦੇ ਸਿਰ ਦਾ ਤਾਜ ਤੇ ਕਦੇ ਪੈਰ ਦੀ ਜੁੱਤੀ ਹੁਣ ਜਦੋਂ ਆਧੁਨਿਕਤਾ ਦਾ ਬੋਲਬਾਲਾ ਹੈ ਔਰਤ ਦੇ ਸਮਾਜ ਵਿੱਚ ਸਥਾਨ ਵਿੱਚ ਕਿੰਨੀ ਕੁ ਤਬਦੀਲੀ ਆਈ ਹੈ, ਇਸ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ ਅੱਜ ਹਰ ਖੇਤਰ ਵਿੱਚ ਔਰਤਾਂ ਉੱਚੇ ਅਹੁਦਿਆਂ ਉੱਤੇ ਬਿਰਾਜਮਾਨ ਹਨ, ਪਰ ਇਨ੍ਹਾਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ ਫਿਰ ਇਨ੍ਹਾਂ ਨੂੰ ਨੌਕਰੀ ਦੇ ਦੌਰਾਨ ਕਿੰਨੇ ਕੁ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿੰਨੀਆਂ ਵਧੀਕੀਆਂ, ਕਿੰਨੇ ਜ਼ੁਲਮ-ਜਬਰ ਸਹਿਣ ਕਰਦੀਆਂ ਹਨ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਪੜ੍ਹੇ ਲਿਖੇ ਸਮਾਜ-ਸੁਧਾਰਕਾਂ ਦੀ ਵਜ੍ਹਾ ਕਾਰਨ ਔਰਤਾਂ ਨੂੰ ਸਿੱਖਿਅਤ ਕਰਨ ਦੀ ਸ਼ੁਰੂਆਤ ਹੋਈ ਤੇ ਉਹ ਪੜ੍ਹ ਲਿਖ ਵੀ ਗਈਆਂ ਹਨ ਅਜੋਕੇ ਸਮਾਜ ਵਿੱਚ ਹਾਲਾਤ ਕੁਝ ਬਦਲੇ ਹਨ, ਮਾਪੇ ਬੱਚੀਆਂ ਨੂੰ ਸਕੂਲ ਕਾਲਜ ਜਾਣ ਲਈ ਪ੍ਰੇਰਿਤ ਕਰਦੇ ਹਨ ਸਰਕਾਰਾਂ ਨੇ ਲੜਕੀਆਂ ਦੀ ਦਸਵੀਂ ਤਕ ਦੀ ਪੜ੍ਹਾਈ ਤੇ ਕਿਤਾਬਾਂ ਮੁਫ਼ਤ ਦੇਣ ਦਾ ਅਵਸਰ ਪ੍ਰਦਾਨ ਕੀਤਾ ਹੈ ਤਾਂ ਕਿ ਉਨ੍ਹਾਂ ਵਿੱਚ ਜਾਗਰੂਕਤਾ ਵਧੇ ਤੇ ਉਹ ਆਤਮ ਰੱਖਿਆ ਲਈ ਤਿਆਰ ਹੋ ਸਕਣ ਪਰ ਬਦਲਦੇ ਹਾਲਾਤ ਦੇ ਬਾਵਜੂਦ ਔਰਤਾਂ ਦੇ ਸਾਹਮਣੇ ਅਸੁਰੱਖਿਆ ਦਾ ਸਵਾਲ ਦਿਨੋਂ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ ਅੱਤਿਆਚਾਰ ਤੇ ਬਲਾਤਕਾਰ ਦੇ ਕੇਸ ਵੱਧ ਰਹੇ ਹਨ ਪੰਜ ਸਾਲ ਤੋਂ ਲੈ ਕੇ 70 ਸਾਲ ਤਕ ਦੀ ਔਰਤ ਅਜਿਹੇ ਹਾਲਾਤ ਦੀ ਸ਼ਿਕਾਰ ਹੈ ਕਸੂਰਵਾਰ ਆਜ਼ਾਦ ਫਿਰਦੇ ਜਾਂ ਫਿਰ ਤਾੜਨਾ ਦੇ ਕੇ ਛੱਡ ਦਿੱਤੇ ਜਾਂਦੇ ਹਨ ਕਿਉਂਕਿ ਉਹ ਪਹੁੰਚ ਵਾਲੇ ਘਰਾਂ ਦੇ ਕਾਕੇ ਹੁੰਦੇ ਹਨ ਜਾਂ ਮੰਤਰੀਆਂ, ਅਫ਼ਸਰਾਂ ਦੇ ਰਿਸ਼ਤੇਦਾਰ ਔਰਤ ਜਿਸ ਦੇ ਹੱਥ ਝੂਲੇ ਦੀ ਡੋਰੀ ਹੈ, ਉਹ ਜੱਗ ਦਾ ਉਦਾਰ ਕਰਨ ਵਾਲੀ ਵੀ ਹੈ ਜਿਵੇਂ ਕਿ ਬਾਵਾ ਬਲਵੰਤ ਨੇ ਲਿਖਿਆ ਹੈ: ਔਰਤ ਇੱਕ ਔਰਤ ਵੀ ਏ, ਸ਼ਕਤੀ ਵੀ ਏ, ਜਗਤ ਕਲਿਆਣੀ ਵੀ ਏ ਜਿਸ ਸਮਾਜ ਵਿੱਚ ਔਰਤ ਪੜ੍ਹੀ ਲਿਖੀ, ਸਿਹਤਮੰਦ ਹੋਵੇਗੀ ਉਹ ਸਮਾਜ ਤੇ ਪਰਿਵਾਰ ਦੋਵਾਂ ਦਾ ਕਲਿਆਣ ਕਰ ਸਕਦੀ ਹੈ ਉਹ ਅਗਲੀ ਪੀੜ੍ਹੀ ਨੂੰ ਖ਼ੂਬਸੂਰਤ ਫੁੱਲ ਦੇ ਰੂਪ ਵਿੱਚ ਔਲਾਦ ਦਿੰਦੀ ਹੈ ਉਸ ਨੂੰ ਇਸ ਵਾਸਤੇ ਸਰਕਾਰੀ ਯੋਜਨਾਵਾਂ ਅਧੀਨ ਸੁਵਿਧਾਵਾਂ ਵੀ ਉਪਲੱਬਧ ਕਰਵਾਈਆਂ ਗਈਆਂ ਹਨ ਜਿਨ੍ਹਾਂ ਦੀ ਯੋਗ ਵਰਤੋਂ ਉਸ ਦੀ ਜ਼ਿੰਮੇਵਾਰੀ ਹੈ ਔਰਤ ਜੇ ਪੜ੍ਹੀਲਿਖੀ ਸੰਪੰਨ ਹੋਵੇਗੀ ਤਾਂ ਰਾਸ਼ਟਰ ਵੀ ਸੰਪੰਨ ਹੋਵੇਗਾ ਜੇ ਧੀਆਂ ਨੂੰ ਘਰੋਂ ਸਨਮਾਨ ਮਿਲੇਗਾ ਤਾਂ ਉਨ੍ਹਾਂ ਦੇ ਮਨਾਂ ਵਿੱਚ ਵੀ ਸਨਮਾਨ ਦੇਣ ਦੇ ਬੀਜ ਬੀਜੇ ਜਾਣਗੇ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹ ਤੋਹਫ਼ੇ ਦੇ ਰੂਪ ਵਿੱਚ ਇਹੀ ਸਨਮਾਨ ਦੇਣਗੀਆਂ ਔਰਤ ਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜਿਵੇਂ ਕਿ ਉਹ ਸਰੀਰਿਕ ਤੌਰ 'ਤੇ ਮਰਦ ਨਾਲੋਂ ਭਿੰਨ ਹੈ, ਉਸ ਦੀ ਬਣਾਵਟ ਵੱਖਰੀ ਹੈ ਪਰ ਤਾਕਤ ਵਜੋਂ ਕਮਜ਼ੋਰ ਹੋਣ ਦੇ ਬਾਵਜੂਦ ਵੀ ਉਹ ਸਮੇਂ ਦੀ ਸਹੀ ਪਛਾਣ ਕਰਨ ਦੇ ਸਮਰੱਥ, ਸਹਿਣਸ਼ੀਲਤਾ ਤੇ ਵਿਚਾਰਧਾਰਕ ਗੁਣਾਂ ਨਾਲ ਸਰਸ਼ਾਰ ਹੁੰਦੀ ਹੈ ਸਰੀਰਿਕ ਤੌਰ 'ਤੇ ਤਾਕਤਵਰ ਤੇ ਸਮਰੱਥ ਹੋਣਾ ਜ਼ਰੂਰੀ ਹੈ, ਇਸ ਲਈ ਔਕੜ ਦਾ ਸਾਹਮਣਾ ਕਰਨ ਲਈ ਉਸ ਨੂੰ ਕਰਾਟੇ ਆਦਿ ਦੀ ਸਿਖਲਾਈ ਲੈਣੀ ਚਾਹੀਦੀ ਹੈ ਪਰ ਆਪਣੇ ਆਪ ਉੱਤੇ ਕੁਝ ਪਾਬੰਦੀਆਂ ਵੀ ਲਾਉਣੀਆਂ ਜ਼ਰੂਰੀ ਹਨ ਜਿਵੇਂ ਕਿ ਉੱਚਿਤ ਪਹਿਰਾਵਾ ਹੋਵੇ, ਪੱਬਾਂ ਜਾਂ ਪਾਰਟੀਆਂ ਤੋਂ ਦੂਰੀ ਰੱਖਣੀ ਆਦਿ ਔਰਤ ਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ, ਪਰ ਇਸ ਆਜ਼ਾਦੀ ਦੀ ਮਰਿਆਦਾ ਕਿਸ ਹੱਦ ਤਕ ਹੋਵੇ ਉਸ ਦੀ ਸੀਮਾ ਰੇਖਾ ਆਪ ਹੀ ਖਿੱਚਣੀ ਲਾਜ਼ਮੀ ਹੈ ਤਾਂ ਹੀ ਆਤਮ ਰੱਖਿਆ ਸੰਭਵ ਹੈ ਨੈਤਿਕ ਸਿੱਖਿਆ ਔਰਤਾਂ ਦਾ ਕਰਮ ਖੇਤਰ ਹੈ ਚੰਗੇ ਕਰਮ ਕਰਨੇ, ਸਮਾਜ ਨੂੰ ਸੇਧ ਦੇਣੀ ਜਿਸ ਲਈ ਉਸ ਦਾ ਨੈਤਿਕ, ਅਧਿਕਾਰ ਤੇ ਪ੍ਰਭਾਵ ਖੇਤਰ ਵਿਸਤ੍ਰਿਤ ਹੋਣਾ ਚਾਹੀਦਾ ਹੈ ਔਰਤਾਂ ਤਾਂ ਜਨਮ ਤੋਂ ਹੀ ਵਿਸ਼ੇਸ਼ ਗੁਣਾਂ ਦੀਆਂ ਧਾਰਨੀ ਹੁੰਦੀਆਂ ਹਨ, ਜਿਸ ਸਦਕਾ ਉਹ ਰਿਸ਼ਤਿਆਂ ਤੇ ਸੰਸਕ੍ਰਿਤੀ ਵਿੱਚ ਵਿਸ਼ਵਾਸ, ਹਿੰਮਤ, ਹੌਸਲਾ, ਸਮਝਦਾਰੀ ਤੇ ਵਿਕਾਸ ਲਈ ਪ੍ਰੋਤਸਾਹਨ ਦੀ ਸਮਰੱਥਾ ਪੈਦਾ ਕਰਦੀਆਂ ਹਨ ਉਹ ਆਪਣੇ ਨੈਤਿਕ ਗੁਣਾਂ ਦੇ ਆਧਾਰ 'ਤੇ ਆਪਣੀ ਵਿਸ਼ੇਸ਼ ਸਮਰੱਥਾ ਰੱਖਦੀਆਂ ਤੇ ਸਹਿਜ ਨਾਲ ਪੇਸ਼ ਆਉਂਦੀਆਂ ਹਨ ਉਹ ਆਪਣੇ ਆਲੇ-ਦੁਆਲੇ ਲੋਕਾਂ ਨੂੰ ਚੰਗੇ ਕਰਮ ਕਰਨ ਤੇ ਚੰਗਿਆਈ ਨਾਲ ਪੇਸ਼ ਆਉਣ ਦੀ ਪ੍ਰੇਰਨਾ ਦਿੰਦੀਆਂ ਹਨ, ਪਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸਦਕਾ ਅਕਸਰ ਉਨ੍ਹਾਂ ਨੂੰ ਆਪਣੀਆਂ ਇੱਛਾਵਾਂ ਦੀ ਕੁਰਬਾਨੀ ਵੀ ਦੇਣੀ ਪੈਂਦੀ ਹੈ, ਉਹ ਬੱਚਿਆਂ ਦੀ ਦੇਖਭਾਲ ਤੇ ਪਾਲਣ-ਪੋਸ਼ਣ ਮਰਦਾਂ ਨਾਲੋਂ ਬਿਹਤਰ ਢੰਗ ਨਾਲ ਕਰ ਸਕਦੀਆਂ ਹਨ ਔਰਤ ਸ਼ਕਤੀਕਰਨ ਕੀ ਹੈ ਤੇ ਕੀ ਅਸਲ ਵਿੱਚ ਇਹ ਸ਼ਕਤੀਕਰਨ ਹੋ ਰਿਹਾ ਹੈ? ਜੇ ਹੋ ਰਿਹਾ ਹੈ ਤਾਂ ਕਿਸ ਹੱਦ ਤਕ, ਜੇ ਨਹੀਂ ਹੋ ਰਿਹਾ ਤਾਂ ਇਸ ਲਈ ਜ਼ਿੰਮੇਵਾਰ ਕੌਣ ਹੈ? ਦੇਸ਼ ਤੇ ਸਮਾਜ ਵਿੱਚ ਔਰਤਾਂ ਦੀ ਦਸ਼ਾ ਵਿੱਚ ਸੁਧਾਰ ਲਿਆਉਣ ਵਾਸਤੇ ਔਰਤ ਸ਼ਕਤੀਕਰਨ ਮੁਹਿੰਮ ਰਾਸ਼ਟਰ ਪੱਧਰ ਉੱਤੇ ਚਲਾਈ ਜਾ ਰਹੀ ਹੈ ਔਰਤ ਨੂੰ ਸਮਾਜ ਤੇ ਪਰਿਵਾਰ ਵਿੱਚ ਸੁਰੱਖਿਆ ਪ੍ਰਦਾਨ ਕਰਨ ਲਈ ਘਰੇਲੂ ਹਿੰਸਾ ਜਿਹੇ ਕਈ ਤਰ੍ਹਾਂ ਦੇ ਕਾਨੂੰਨ ਬਣਾਏ ਗਏ ਹਨ, ਪਰ ਉਨ੍ਹਾਂ ਦਾ ਵੱਡਾ ਲਾਭ ਹਰ ਔਰਤ ਨੂੰ ਨਹੀਂ ਮਿਲ ਰਿਹਾ ਜਿਸ ਦਾ ਮੁੱਖ ਕਾਰਨ ਅਨਪੜ੍ਹਤਾ ਹੈ ਅੱਜ ਵੀ ਔਰਤਾਂ ਦਾ ਵੱਡਾ ਵਰਗ ਸਿੱਖਿਆ ਦੀ ਕਮੀ ਕਾਰਨ ਆਪਣੇ ਅਧਿਕਾਰਾਂ ਨੂੰ ਪਛਾਣਨ ਦੇ ਸਮਰੱਥ ਨਹੀਂ ਹੈ, ਇਸ ਲਈ ਇੰਨੇ ਕਾਨੂੰਨ ਬਣਨ ਦੇ ਬਾਵਜੂਦ ਵੀ ਸਮਾਜ ਵਿੱਚ ਔਰਤ ਦਾ ਸ਼ੋਸ਼ਣ ਹੋ ਰਿਹਾ ਹੈ ਜੇ ਕਿਤੇ ਬੇਟੀ ਪੈਦਾ ਹੋ ਜਾਏ ਤਾਂ ਇਸ ਦਾ ਜ਼ਿੰਮੇਵਾਰ ਵੀ ਉਸ ਨੂੰ ਹੀ ਠਹਿਰਾਇਆ ਜਾਂਦਾ ਹੈ ਘਟ ਰਿਹਾ ਲਿੰਗ ਅਨੁਪਾਤ ਭਵਿੱਖ ਵਿੱਚ ਔਰਤਾਂ ਲਈ ਅਸੁਰੱਖਿਆ ਦਾ ਕਾਰਨ ਬਣ ਰਿਹਾ ਹੈ ਔਰਤਾਂ ਨੂੰ ਸਹੀ ਅਰਥਾਂ ਵਿੱਚ ਸ਼ਕਤੀਸ਼ਾਲੀ ਬਣਾਉਣ ਲਈ ਪਹਿਲਾਂ ਸਮਾਜ ਦੀ ਸੋਚ ਨੂੰ ਬਦਲਣਾ ਜ਼ਰੂਰੀ ਹੈ ਸਿੱਖਿਆ ਰੂਪੀ ਦੀਵੇ ਨਾਲ ਅਸਿੱਖਿਆ ਰੂਪੀ ਹਨੇਰੇ ਨੂੰ ਚਾਨਣ ਵਿੱਚ ਬਦਲਣਾ ਪਵੇਗਾ ਸਾਡੇ ਦੇਸ਼ ਵਿੱਚ ਅੱਜ ਵੀ ਅਨੇਕਾਂ ਪਛੜੇ ਹੋਏ ਇਲਾਕੇ ਹਨ, ਜਿੱਥੇ ਧੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ, ਇਹ ਸੋਚ ਕੇ ਕਿ ਇਨ੍ਹਾਂ ਨੇ ਦੂਸਰੇ ਘਰ ਜਾਣਾ ਹੈ, ਪੜ੍ਹ ਕੇ ਕੀ ਕਰਨਾ ਹੈ?*

*ਅਜਿਹੇ ਪਿਛਾਂਹ ਖਿੱਚੂ ਵਿਚਾਰਾਂ ਵਾਲੇ ਪਰਿਵਾਰਾਂ ਵਿੱਚ ਜੇ ਕੋਈ ਲੜਕੀ ਆਪਣੀ ਹਿੰਮਤ ਹੌਸਲੇ ਨਾਲ ਪੜ੍ਹ ਲਿਖ ਜਾਂਦੀ ਹੈ, ਆਪਣੀ ਮਿਹਨਤ ਦੇ ਸਿਰ 'ਤੇ ਨੌਕਰੀ ਵੀ ਕਰ ਲੈਂਦੀ ਹੈ ਤਾਂ ਵੀ ਸਹੁਰੇ ਪਰਿਵਾਰ ਵਾਲਿਆਂ ਦਾ ਡੰਡਾ ਸਿਰ 'ਤੇ ਰਹਿੰਦਾ ਹੈ।*

# ਪਤੀ ਪਤਨੀ ਅਤੇ ਆਰਥਿਕ ਹਾਲਾਤ

**ਦੰਪਤੀ ਲਈ ਜੀਵਨ ਦਾ ਰਾਜ਼ ਵੀ ਇਹ ਹੈ ਜੀਵਨ ਦਾ ਸਾਜ਼ ਵੀ ਇਹ ਕਿ ਉਹ ਇੱਕ ਦੂਜੇ ਨੂੰ ਪਿਆਰ ਦੀ ਚਾਸ਼ਨੀ ਚਟਾਈ ਜਾਣ। ਜੀਵਨ 'ਚ ਪੱਤਝੜ ਇਕੱਠੇ ਮਿਲ ਕੇ ਕੱਟਣ ਵਾਲਿਆਂ ਦੇ ਸਵਾਗਤ ਲਈ ਬਹਾਰ ਬਾਹਾਂ ਪਸਾਰੀ ਰੱਖਦੀ ਹੈ।ਗੱਲ ਚਾਹੇ ਆਰਥਿਕ ਸਮੱਸਿਆ ਦੀ ਹੋਵੇ, ਸਗੇ ਸਬੰਧੀਆਂ ਨਾਲ ਰਿਸ਼ਤੇ ਨਿਭਾਉਣ ਦੀ ਹੋਵੇ, ਬੱਚਿਆਂ ਦੇ ਪਾਲਣ ਪੋਸ਼ਣ ਦੀ ਹੋਵੇ।**



ਵਿਆਹੁਤਾ ਜੀਵਨ ਸਮਾਜ ਦੀ ਆਧਾਰਸ਼ਿਲਾ ਹੈ। ਪੜ੍ਹੇ-ਲਿਖੇ ਸੂਝਵਾਨ, ਸੁੱਘੜ-ਸਿਆਣੇ ਦੰਪਤੀ ਪਾਸੋਂ ਹੀ ਆਦਰਸ਼ ਪਰਿਵਾਰ ਅਤੇ ਸਦਾਚਾਰੀ ਸਮਾਜ ਦੀ ਆਸ ਕੀਤੀ ਜਾ ਸਕਦੀ ਹੈ। ਅਜੋਕੇ ਬਹੁਤੇ ਪਰਿਵਾਰਾਂ ਦੀ ਜੀਵਨ ਤੋਰ ਨੌਕਰੀਪੇਸ਼ਾ ਜੋੜਿਆਂ 'ਤੇ ਆਧਾਰਿਤ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜਿੱਥੇ ਪਤੀ ਪਤਨੀ ਦੋਵੇਂ ਦੈਨਿਕ ਜੀਵਨ 'ਚ, ਕੰਮਕਾਰ ਜਾਂ ਕਾਰ-ਵਿਹਾਰ 'ਚ ਰੁੱਝੇ ਹੁੰਦੇ ਹਨ, ਉਨ੍ਹਾਂ ਨੂੰ ਘਰ ਦਾ ਵਾਤਾਵਰਨ ਜਾਂ ਮਾਹੌਲ ਸੁਖਾਵਾਂ, ਨਿੱਘਾ, ਤਣਾਓ-ਰਹਿਤ ਅਤੇ ਪਿਆਰ ਭਰਿਆ ਬਣਾ ਕੇ ਰੱਖਣ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪਿਆਰ ਦੀ ਗੰਢ ਦਿਨ ਪ੍ਰਤੀ ਦਿਨ ਪੀਚਵੀਂ ਹੁੰਦੀ ਜਾਏ।ਸੱਚਾ-ਸੁੱਚਾ ਪਿਆਰ ਸ਼ਾਂਤੀ ਨਾਲ ਧੜਕਣ ਵਾਲੇ ਦਿਲਾਂ ਦਾ ਸਾਜ਼ ਹੈ। ਮਧੁਰਤਾ ਇੱਕ ਮਿੱਠਾ ਮੇਵਾ ਹੈ। ਸਾਂਝ ਇੱਕ ਪੀਚਵੀਂ ਗੰਢ ਹੈ। ਆਦਰ ਇੱਕ ਪਵਿੱਤਰ ਧਾਰਨਾ ਹੈ। ਇੱਕ ਦੂਜੇ ਦੇ ਦਿਲਾਂ 'ਚ ਪ੍ਰਭਾਵੀ ਵਿਚਾਰਾਂ ਨਾਲ ਉੱਤਰਨਾ ਮਾਨਵੀਂ ਕਦਰਾਂ ਕੀਮਤਾਂ ਦੀ ਪਛਾਣ ਹੈ। ਇਨ੍ਹਾਂ ਆਦਰਸ਼ਕ ਗੁਣਾਂ ਦਾ ਦੰਪਤੀ 'ਚ ਬਣੇ ਰਹਿਣਾ ਬੜਾ ਜ਼ਰੂਰੀ ਹੈ। ਇਹ ਸੁਭਾਵਿਕ ਵੀ ਹੈ ਅਤੇ ਕਾਫ਼ੀ ਹੱਦ ਤਕ ਠੀਕ ਵੀ ਹੈ ਕਿ ਬਹੁਤੀ ਵਾਰੀ ਦੰਪਤੀ ਲਈ ਇੱਕ ਦੂਜੇ ਲਈ ਸਮਾਂ ਕੱਢਣਾ ਕੋਈ ਸੌਖਾ ਕੰਮ ਨਹੀਂ। ਪਰ ਇੱਕ ਦੂਜੇ ਦੀਆਂ ਜ਼ਰੂਰੀ ਲੋੜਾਂ ਅਤੇ ਮਜਬੂਰੀਆਂ ਨੂੰ ਸਮਝਣਾ ਅਤੇ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਠੀਕ ਹੈ ਕਿ ਵਿਹਲ ਦੇ ਪਲਾਂ ਦੀ ਮਿੱਠੀ ਸਾਂਝ, ਪਿਆਰ-ਭਰੀ ਤੱਕਣੀ, ਨੈਣਾਂ 'ਚ ਆਈ ਖ਼ੁਮਾਰੀ ਅਤੇ ਦੋ ਪਿਆਰ 'ਚ ਭਿੱਜੇ ਉਪਮਾ-ਰੂਪੀ ਬੋਲ ਨਾ ਕੇਵਲ ਅੰਤਰੀਵ ਭਾਵਾਂ ਦੀ ਤਰਜਮਾਨੀ ਕਰਦੇ ਹਨ, ਸਗੋਂ ਕਈ ਵਾਰੀ ਜੀਵਨ ਭਰ ਦਾ ਸਹਾਰਾ ਵੀ ਬਣ ਜਾਂਦੇ ਹਨ।ਜੇ ਪਤੀ ਪਤਨੀ ਦੋਵੇਂ ਹੀ ਰੁਝੇਵੇਂ ਦੀ ਮਾਰ ਥੱਲੇ ਹੋਣ ਅਤੇ ਉਨ੍ਹਾਂ ਕੋਲ ਇੱਕ ਦੂਜੇ ਨਾਲ ਗੱਲਬਾਤ ਕਰਨ ਦਾ, ਦਿਲ ਦੀ ਹਵਾੜ-ਕੱਢਣ ਦਾ, ਦੁੱਖ-ਦਰਦ ਵੰਡਣ ਦਾ ਅਤੇ ਇੱਕ ਦੂਜੇ ਦੀ ਪੀੜ ਚੁੱਗਣ ਦਾ ਸਮਾਂ ਨਾ ਹੋਵੇ ਤਾਂ ਅਜਿਹੀ ਅਵਸਥਾ ਸਮੇਂ ਗੱਲਬਾਤ 'ਚ ਖੱਪਾ ਪੈ ਜਾਂਦਾ ਹੈ। ਦੂਰੀਆਂ, ਮਜਬੂਰੀਆਂ ਅਤੇ ਲਾਚਾਰੀਆਂ ਵੱਧਦੀਆਂ ਜਾਂਦੀਆਂ ਹਨ। ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲ ਪੈਦਾ ਹੋ ਜਾਂਦੇ ਹਨ। ਤਰਕ-ਵਿਤਰਕ ਦੀ ਸਥਿਤੀ ਬਣ ਜਾਂਦੀ ਹੈ। ਅਜਿਹੀ ਦਸ਼ਾ 'ਚ, ਜੀਵਨ ਜਾਚ 'ਚ ਕੁਝ ਤਬਦੀਲੀਆਂ ਜ਼ਰੂਰੀ ਹਨ। ਪਿਆਰ ਦੇ ਰਿਸ਼ਤੇ ਨੂੰ ਤਣਾਓ-ਰਹਿਤ ਬਣਾਉਣ ਲਈ ਨੇੜਤਾ, ਸਾਂਝ ਅਤੇ ਦਾਨਸ਼ਮੰਦੀ ਦੀ ਵਧੇਰੇ ਲੋੜ ਹੈ।ਦੰਪਤੀ ਜੀਵਨ 'ਚ ਮਧੁਰਤਾ, ਮਿਠਾਸ, ਨਿਮਰਤਾ ਅਤੇ ਸਹਿਣਸ਼ੀਲਤਾ ਦਾ ਬਣੇ ਰਹਿਣਾ, ਇਸ ਪੱਖੋਂ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਦੰਪਤੀ 'ਚ ਸੁਹਿਰਦ ਗੱਲਬਾਤ ਦੀ ਸਥਿਤੀ ਬਣੀ ਰਹੇ। ਇੱਕ ਦੂਜੇ ਲਈ ਸਮਾਂ ਨਾ ਕੱਢਣਾ ਦੋਹਾਂ ਦੇ ਜੀਵਨ ਲਈ ਕਈ ਵਾਰ ਘਾਤਕ ਸਿੱਧ ਹੁੰਦਾ ਹੈ। ਅਜਿਹੀ ਦਸ਼ਾ 'ਚ ਜੀਵਨ ਦੋਹਾਂ ਲਈ ਰੁੱਖਾ, ਨੀਰਸ, ਬੋਝਲ ਅਤੇ ਵਿਅਰਥ ਸਮਝੋ। ਇੱਕ ਦੂਜੇ ਨੂੰ ਸਮਾਂ ਦਿੱਤੇ ਬਿਨਾਂ ਨਾ ਨੇੜਤਾ, ਨਾ ਅਪਣੱਤ, ਨਾ ਦੁੱਖ-ਸੁੱਖ ਦੀ ਸਾਂਝ ਅਤੇ ਨਾ ਹੀ ਇੱਕ ਦੂਜੇ ਲਈ ਹਿਰਖ ਹੁੰਦਾ ਹੈ। ਅਜਿਹੀ ਅਵਸਥਾ 'ਚ ਦੋਵੇਂ ਮਿੱਟੀ ਦੇ ਮਾਧੋ ਪਿਆਰ ਵਿਹੂਣੇ ਜਾਂ ਫਿਰ ਪੱਥਰ ਦੀਆਂ ਮੂਰਤੀਆਂ ਹੁੰਦੇ ਹਨ।ਨੌਕਰੀ ਪੇਸ਼ਾ ਜੋੜੇ ਨੂੰ ਜੀਵਨ ਸ਼ੈਲੀ 'ਚ ਕੁਝ ਪਰਿਵਰਤਨ ਕਰਨੇ ਜ਼ਰੂਰੀ ਹਨ। ਅਜਿਹੇ ਪਤੀ-ਪਤਨੀ ਲਈ ਜ਼ਰੂਰੀ ਹੈ ਕਿ ਉਹ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਦਫ਼ਤਰ ਦੀਆਂ ਜ਼ਿੰਮੇਵਾਰੀਆਂ ਤੋਂ ਅਲੱਗ ਰੱਖਣ। ਦਫ਼ਤਰ ਦਾ ਕੰਮ ਘਰ ਨਾ ਲਿਆਂਦਾ ਜਾਏ ਤਾਂ ਜੋ ਉਹ ਸਮਾਂ ਨਿੱਜੀ ਜੀਵਨ ਵੱਲ ਦੇ ਕੇ ਹਾਣੀ ਦਾ ਦੁੱਖ-ਦਰਦ ਵੰਡਾ ਕੇ, ਉਸ ਸਮੇਂ ਦਾ ਸਦਉਪਯੋਗ ਕੀਤਾ ਜਾ ਸਕੇ। ਘਰ 'ਚ ਸ਼ਾਦੀਸ਼ੁਦਾ ਜੀਵਨ ਨੂੰ ਪਹਿਲ ਦੇਣੀ, ਦੰਪਤੀ ਦਾ ਸਭ ਤੋਂ ਪਹਿਲਾ ਫ਼ਰਜ਼ ਹੈ। ਪਤੀ-ਪਤਨੀ ਨਿਸ਼ਚਿਤ ਕਰਨ ਕਿ ਉਹ ਘਰ 'ਚ ਸਾਂਝਾ ਲੋੜੀਂਦਾ ਸਮਾਂ ਜ਼ਰੂਰ ਇਕੱਠੇ ਬਿਤਾਉਣਗੇ। ਇੱਕ ਦੂਜੇ ਦੀਆਂ ਲੋੜਾਂ ਸਮਝਣਗੇ ਅਤੇ ਆਪਣੇ ਦਿਲਾਂ ਦੀਆਂ ਧੜਕਣਾਂ ਨੂੰ ਇਕਸੁਰ ਕਰਨਗੇ। ਕੁਝ ਕਹਿਣਗੇ, ਕੁਝ ਸੁਣਨਗੇ, ਕੁਝ ਸਮਝਣਗੇ, ਕੁਝ ਸਮਝਾਉਣਗੇ ਅਤੇ ਪਿਆਰ ਦੀ ਪੀਚਵੀਂ ਗੰਢ ਪਾਉਣਗੇ। ਅਜਿਹੇ ਬਿਤਾਏ ਇਕੱਠੇ ਪਲ ਦੰਪਤੀ ਰਿਸ਼ਤੇ ਦੀ ਥੰਮ੍ਹੀ ਨੂੰ ਕਦੇ ਡੋਲਣ ਨਹੀਂ ਦਿੰਦੇ। ਹਾਂ, ਸ਼ੱਕ, ਸੰਦੇਹ ਅਤੇ ਵੈਰ-ਵਿਰੋਧ ਦੀ ਭਾਵਨਾ ਕਾਰਨ ਦੰਪਤੀ ਜੀਵਨ ਦੀ ਪਿਆਰ ਦੀ ਥੰਮ੍ਹੀ ਨੂੰ ਸਦਾ ਕਾਂਬਾ ਛਿੜਿਆ ਰਹਿੰਦਾ ਹੈ।।ਦੰਪਤੀ ਲਈ ਜੀਵਨ ਦਾ ਰਾਜ਼ ਵੀ ਇਹ ਹੈ ਜੀਵਨ ਦਾ ਸਾਜ਼ ਵੀ ਇਹ ਕਿ ਉਹ ਇੱਕ ਦੂਜੇ ਨੂੰ ਪਿਆਰ ਦੀ ਚਾਸ਼ਨੀ ਚਟਾਈ ਜਾਣ। ਜੀਵਨ 'ਚ ਪੱਤਝੜ ਇਕੱਠੇ ਮਿਲ ਕੇ ਕੱਟਣ ਵਾਲਿਆਂ ਦੇ ਸਵਾਗਤ ਲਈ ਬਹਾਰ ਬਾਹਾਂ ਪਸਾਰੀ ਰੱਖਦੀ ਹੈ।ਗੱਲ ਚਾਹੇ ਆਰਥਿਕ ਸਮੱਸਿਆ ਦੀ ਹੋਵੇ, ਸਗੇ ਸਬੰਧੀਆਂ ਨਾਲ ਰਿਸ਼ਤੇ ਨਿਭਾਉਣ ਦੀ ਹੋਵੇ, ਬੱਚਿਆਂ ਦੇ ਪਾਲਣ ਪੋਸ਼ਣ ਦੀ ਹੋਵੇ, ਇੱਕ ਦੂਜੇ ਪ੍ਰਤੀ ਸ਼ੱਕੀ ਦ੍ਰਿਸ਼ਟੀ ਦੀ ਹੋਵੇ, ਆਪਸੀ ਵਿਅਰਥ ਬੋਲ ਬੁਲਾਰੇ ਦੀ ਹੋਵੇ ਜਾਂ ਇੱਕ ਦੂਜੇ ਨੂੰ ਅਪਮਾਨਿਤ ਕਰਨ ਬਾਰੇ ਹੋਵੇ, ਆਪਣੇ ਸਾਥੀ ਦੀ ਗੱਲ ਧਿਆਨ ਨਾਲ ਸੁਣੋ, ਸਮਝੋ, ਵਿਚਾਰੋ ਅਤੇ ਉਸ ਦਾ ਉਪਾਅ ਲੱਭੋ। ਆਪਣੀ ਸੋਚ ਨਿਰਪੱਖ, ਉਸਾਰੂ ਅਤੇ ਸਾਰਥਿਕ ਰੱਖਦੇ ਹੋਏ ਕਿਸੇ ਬਹਿਸ 'ਚ ਨਾ ਪਵੋ। ਬਹਿਸ 'ਚ ਉਲਝੇ ਹੋਏ ਪਲ ਨਾ ਕੇਵਲ ਸਮੇਂ ਨੂੰ ਅਣਸੁਖਾਵਾਂ, ਦੁੱਖਦਾਈ ਅਤੇ ਬਦਸੂਰਤ ਬਣਾ ਦਿੰਦੇ ਹਨ, ਸਗੋਂ ਆਪਸੀ ਰੰਜ਼ਿਸ਼ ਦੀ ਧਾਰ ਨੂੰ ਹੋਰ ਤੀਖਣ ਕਰ ਦਿੰਦੇ ਹਨ।ਪਤੀ-ਪਤਨੀ ਦੇ ਸਾਂਝ 'ਚ ਬਿਤਾਏ ਪਲ ਨਾ ਕੇਵਲ ਸੁਖਦਾਈ, ਦਿਲਕਸ਼, ਮਧੁਰ ਅਤੇ ਦਿਲਾਂ 'ਚ ਖਿੱਚ ਪਾਉਣ ਵਾਲੇ ਹੁੰਦੇ ਹਨ, ਸਗੋਂ ਉਹ ਪਤੀ-ਪਤਨੀ ਦੇ ਰਿਸ਼ਤੇ ਨੂੰ ਮਜ਼ਬੂਤ, ਸੁਚੇਰਾ ਅਤੇ ਲੰਮੇਰਾ ਬਣਾ ਦਿੰਦੇ ਹਨ। ਬੇਲੋੜੀ ਬਹਿਸ ਰਿਸ਼ਤੇ ਨੂੰ ਖੋਖਲਾ ਕਰਦੀ ਹੈ। ਮਨਫ਼ੀ ਵਿਚਾਰ ਬੇਗਾਨਗੀ ਜਿਹੀ ਸਥਿਤੀ ਉਤਪੰਨ ਕਰ ਦਿੰਦੇ ਹਨ। ਪ੍ਰਤੀਕੂਲ ਵਿਚਾਰ ਉਪਜ ਕੇ ਜੀਵਨ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ। ਅਜਿਹੇ ਵਾਤਾਵਰਨ ਦੇ ਫਲਸਰੂਪ ਪਤੀ-ਪਤਨੀ ਘਰ 'ਚ ਵੀ ਫੁਰਸਤ ਦੇ ਸਮੇਂ ਵੀ ਕਦੇ-ਕਦੇ ਰਹਿੰਦੇ ਹਨ। ਘਰ 'ਚ ਜਦੋਂ ਵੀ ਇੱਕ ਦੂਜੇ ਦਾ ਸਾਥ ਹੋਵੇ, ਘੱਟੋ-ਘੱਟ ਅਜਿਹੇ ਸਮੇਂ ਤਾਂ ਦਿਲਾਂ ਦੀਆਂ ਧੜਕਣਾਂ ਸਾਂਝੀਆਂ ਹੋਣ, ਨੈਣਾਂ 'ਚ ਖ਼ੁਮਾਰ ਹੋਵੇ ਅਤੇ ਬੁੱਲ੍ਹਾਂ 'ਤੇ ਮਧੁਰ ਪਿਆਰ ਦੀ ਫੁਹਾਰ ਹੋਵੇ। ਬੇਵਜ੍ਹਾ ਅਤੇ ਬੇਲੋੜੇ ਸਵਾਲ ਖ਼ੂਬਸੂਰਤ ਪਲਾਂ ਨੂੰ ਨਸ਼ਟ ਕਰ ਦਿੰਦੇ ਹਨ। ਨੌਕਰੀਪੇਸ਼ਾ ਦੰਪਤੀ ਨੂੰ ਇਕੱਠਿਆਂ ਸਮਾਂ ਬਿਤਾਉਣ ਦਾ ਸਮਾਂ ਘੱਟ ਹੀ ਮਿਲਦਾ ਹੈ। ਨਿਸ਼ਚੇ ਹੀ ਉਹ ਅਜਿਹੇ ਵਿਹਲ ਦੇ ਸਮੇਂ ਆਪਣਾ ਅਤੇ ਬੱਚਿਆਂ ਦਾ ਭਵਿੱਖ ਉੱਜਲਾ ਅਤੇ ਸੰਤੋਖਜਨਕ ਬਣਾਉਣ ਬਾਰੇ ਸੋਚ ਸਕਦੇ ਹਨ। ਬਸ ਅਜਿਹੀਆਂ ਗੱਲਾਂ 'ਚ ਨਾ ਉਲਝਣ ਜੋ ਰਿਸ਼ਤੇ 'ਚ ਦਰਾਰ ਪੈਦਾ ਕਰਨ।ਅਗਾਂਹਵਧੂ ਅਤੇ ਉਸਾਰੂ ਵਿਚਾਰਾਂ ਰਾਹੀਂ ਇੱਕ ਦੂਜੇ ਪ੍ਰਤੀ ਵਿਸ਼ਵਾਸ ਪੱਕਾ ਹੁੰਦਾ ਹੈ। ਇਸ ਭਰੋਸੇ ਨੂੰ ਦ੍ਰਿੜ ਕੀਤਾ ਜਾਣਾ ਚਾਹੀਦਾ ਹੈ ਕਿ ਜੀਵਨ ਦੇ ਹਰ ਮੋੜ 'ਤੇ ਉਹ ਦੋਵੇ ਇੱਕ ਦੂਜੇ ਦੇ ਨਾਲ ਹਨ। ਇੱਕ ਦੂਜੇ ਦੀਆਂ ਉਸਾਰੂ ਭਾਵਨਾਵਾਂ ਦਾ ਸਤਿਕਾਰ ਦੰਪਤੀ ਦੀ ਵਾਸਤਵਿਕ ਪੂੰਜੀ ਹੈ। ਪਤੀ-ਪਤਨੀ ਦਾ ਇੱਕ ਦੂਜੇ ਪ੍ਰਤੀ ਸੰਵੇਦਨਸ਼ੀਲ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਦੋਨਾਂ ਨੂੰ ਇਸ ਰਿਸ਼ਤੇ ਦੀ ਕਦਰ ਹੈ ਅਤੇ ਉਹ ਇਸ ਰਿਸ਼ਤੇ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਇਸ ਤਰ੍ਹਾਂ ਰਿਸ਼ਤਾ ਸਦਾ ਨਵਾਂ-ਨਰੋਇਆ ਰਹੇਗਾ ਅਤੇ ਉਸ 'ਚ ਪ੍ਰੇਮ ਵੀ ਬਣਿਆ ਰਹੇਗਾ।

# ਆਓ ! ਬਜ਼ੁਰਗਾਂ ਦੀ ਸੁਣੀਏ

**ਬਰਧ ਆਸ਼ਰਮਾਂ ਵਿੱਚ ਸਿਰਫ਼ ਸਮਾਜ ਸੇਵੀ ਸੰਸਥਾਵਾਂ ਹੀ ਕਿਸੇ ਦਿਨ-ਤਿਉਹਾਰ ਮੌਕੇ ਉਨ੍ਹਾਂ ਨੂੰ ਮਠਿਆਈ ਤੇ ਹੋਰ ਲੋੜੀਂਦਾ ਸਾਮਾਨ ਵੰਡਦੀਆਂ ਹਨ। ਕਿਸੇ ਵੇਲੇ ਘਰ ਤੇ ਸਮਾਜ ਵਿੱਚ ਬਜ਼ੁਰਗਾਂ ਨੂੰ ਪੂਰਨ ਮਾਣ-ਸਨਮਾਨ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਹਰ ਗੱਲ 'ਤੇ ਫੁੱਲ ਚੜ੍ਹਾਏ ਜਾਂਦੇ ਸਨ।**



ਬਚਪਨ, ਜਵਾਨੀ ਤੇ ਬੁਢਾਪਾ ਜੀਵਨ ਦੇ ਤਿੰਨ ਕਮਾਲ ਦੇ ਰੰਗ ਹਨ। ਪਹਿਲਾ ਰੰਗ ਬਚਪਨ ਬੇਫ਼ਿਕਰੀ ਦੇ ਆਲਮ 'ਚ ਗੁਜ਼ਰਦਾ ਹੈ। ਦੂਜੇ ਰੰਗ ਜਵਾਨੀ 'ਤੇ ਮਦਹੋਸ਼ੀ ਦਾ ਦੌਰ ਹੀ ਭਾਰੂ ਹੁੰਦਾ ਹੈ ਜਦੋਂਕਿ ਤੀਜਾ ਰੰਗ ਬੁਢਾਪਾ ਉਮਰ ਭਰ ਹੱਡੀਂ ਹੰਢਾਏ ਤਜਰਬਿਆਂ, ਭਾਵਨਾਵਾਂ, ਇੱਛਾਵਾਂ ਤੇ ਆਸ਼ਾਵਾਂ ਦਾ ਸੁਮੇਲ ਹੁੰਦਾ ਹੈ। ਹਰ ਮਨੁੱਖ ਨੇ ਇਨ੍ਹਾਂ ਤਿੰਨਾਂ ਰੰਗਾਂ ਵਿੱਚੋਂ ਗੁਜ਼ਰਨਾ ਹੁੰਦਾ ਹੈ। ਅੱਜ ਸਾਡੇ ਭਾਰਤੀ ਸਮਾਜ ਵਿੱਚ ਬਜ਼ੁਰਗਾਂ ਦੀ ਗਿਣਤੀ ਕੁੱਲ ਆਬਾਦੀ ਦਾ ਇੱਕ ਤਿਹਾਈ ਦੇ ਲਗਭਗ ਹੈ। ਇਨ੍ਹਾਂ ਵਿੱਚੋਂ ਵਧੇਰੇ ਬਜ਼ੁਰਗ ਆਪਣਾ ਜੀਵਨ ਇਕਲਾਪੇ ਵਿੱਚ ਬਸਰ ਕਰਨ ਲਈ ਮਜਬੂਰ ਹਨ। ਤਰੱਕੀ ਕਾਹਦੀ ਕਰ ਲਈ, ਮਾਪਿਆਂ ਨੂੰ ਘਰ ਵਿੱਚ ਸਾਂਭਣਾ ਵੀ ਜਿਵੇਂ ਨਮੋਸ਼ੀ ਵਾਲੀ ਗੱਲ ਸਮਝਿਆ ਜਾਣ ਲੱਗਿਆ ਹੈ। ਸ਼ਹਿਰਾਂ ਵਿੱਚ ਬਜ਼ੁਰਗਾਂ ਦੀ ਸਾਂਭ-ਸੰਭਾਲ ਲਈ ਬਿਰਧ ਆਸ਼ਰਮ ਉਸਾਰ ਲਏ ਹਨ। ਪਿੰਡਾਂ ਤੋਂ ਸ਼ਹਿਰਾਂ ਤੇ ਵਿਦੇਸ਼ਾਂ ਵੱਲ ਪਲਾਇਨ ਕਰਨ ਵਾਲੇ ਬੱਚਿਆਂ ਦੇ ਮਾਪੇ ਆਪਣੇ ਬੁਢਾਪੇ ਵਿੱਚ ਇਕੱਲੇ ਹੀ ਪਿੰਡਾਂ ਵਿਚਲੇ ਘਰਾਂ 'ਚ ਰਹਿਣ ਲਈ ਮਜਬੂਰ ਹਨ। ਉਨ੍ਹਾਂ ਦੀ ਦੇਖਭਾਲ ਲਈ ਨੌਕਰਾਂ ਦਾ ਪ੍ਰਬੰਧ ਹੈ, ਪਰ ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਨ ਲਈ ਕੋਈ ਆਪਣਾ ਮੌਜੂਦ ਨਹੀਂ। ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਬੱਚੇ ਕਦੇ ਹੀ ਮਾਪਿਆਂ ਕੋਲ ਚੱਕਰ ਲਾਉਂਦੇ ਹਨ। ਬਿਰਧ ਆਸ਼ਰਮਾਂ ਵਿੱਚ ਸਿਰਫ਼ ਸਮਾਜ ਸੇਵੀ ਸੰਸਥਾਵਾਂ ਹੀ ਕਿਸੇ ਦਿਨ-ਤਿਉਹਾਰ ਮੌਕੇ ਉਨ੍ਹਾਂ ਨੂੰ ਮਠਿਆਈ ਤੇ ਹੋਰ ਲੋੜੀਂਦਾ ਸਾਮਾਨ ਵੰਡਦੀਆਂ ਹਨ। ਕਿਸੇ ਵੇਲੇ ਘਰ ਤੇ ਸਮਾਜ ਵਿੱਚ ਬਜ਼ੁਰਗਾਂ ਨੂੰ ਪੂਰਨ ਮਾਣ-ਸਨਮਾਨ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਹਰ ਗੱਲ 'ਤੇ ਫੁੱਲ ਚੜ੍ਹਾਏ ਜਾਂਦੇ ਸਨ। ਦਰਅਸਲ, ਬਜ਼ੁਰਗਾਂ ਨੂੰ ਆਪਣੀ ਉਮਰ ਦੇ ਇਸ ਪੜਾਅ ਤਕ ਕਿੰਨੇ ਹੀ ਤਜਰਬੇ ਹਾਸਿਲ ਹੋਏ ਹੁੰਦੇ ਹਨ ਜਿਨ੍ਹਾਂ ਤੋਂ ਅਸੀਂ ਆਪਣੇ ਤੇ ਸਮਾਜ ਦੇ ਭਲੇ ਲਈ ਬਹੁਤ ਕੁਝ ਸਿੱਖ ਸਕਦੇ ਹਾਂ। ਉਮਰ ਦੇ ਇਸ ਪੜਾਅ 'ਤੇ ਬਜ਼ੁਰਗਾਂ ਦਾ ਸੁਭਾਅ ਵੀ ਛੋਟੇ ਬੱਚਿਆਂ ਵਰਗਾ ਹੋ ਜਾਂਦਾ ਹੈ। ਸੋ, ਇਸ ਉਮਰੇ ਉਨ੍ਹਾਂ ਨੂੰ ਵੱਧ ਪਿਆਰ, ਦੇਖਭਾਲ ਅਤੇ ਆਸਰੇ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਮਨੋਵਿਗਿਆਨਕ ਪੱਖ ਤੋਂ ਸਮਝਣਾ ਤੇ ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਉਲਝਣਾਂ ਨੂੰ ਹੱਲ ਕਰਨਾ ਹੀ ਉਨ੍ਹਾਂ ਲਈ ਵੱਡੀ ਖ਼ੁਸ਼ੀ ਦਾ ਸਬੱਬ ਬਣਦਾ ਹੈ। ਉਨ੍ਹਾਂ ਨੂੰ ਸੁਣਨਾ ਤੇ ਸਮਝਣਾ ਹੀ ਉਨ੍ਹਾਂ ਲਈ ਸਕੂਨਦਾਇਕ ਹੁੰਦਾ ਹੈ।ਕਿੰਨੇ ਬਜ਼ੁਰਗ ਹੋਣਗੇ ਜਿਹੜੇ ਆਪਣੇ ਪੋਤਰਿਆਂ-ਪੋਤਰੀਆਂ ਸੰਗ ਹੱਸਣਾ, ਖੇਡਣਾ ਤੇ ਸੰਵਾਦ ਰਚਾਉਣਾ ਚਾਹੁੰਦੇ ਹੋਣਗੇ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਆਪਣੇ ਇਨ੍ਹਾਂ ਛੋਟੇ ਸੰਗੀਆਂ ਨੂੰ 'ਸੁਪਨਮਈ ਸੰਸਾਰ' ਦੀਆਂ ਬਾਤਾਂ ਸੁਣਾਉਣ ਲਈ ਉਤਾਵਲੇ ਰਹਿੰਦੇ ਹੋਣਗੇ, ਪਰ ਉਨ੍ਹਾਂ ਦੇ ਇਹ ਨੰਨ੍ਹੇ-ਮੁੰਨੇ ਕਿਧਰੇ ਦੂਰ-ਦੁਰਾਡੇ ਦੇ ਸ਼ਹਿਰੀ ਸਕੂਲ ਵਿੱਚ ਦਾਖਲ ਹੋਣਗੇ ਤੇ ਕਦੇ ਹੀ ਪਿੰਡ ਵਿੱਚ ਆਪਣੇ ਦਾਦਾ-ਦਾਦੀ ਨੂੰ ਮਿਲਣ ਆਉਂਦੇ ਹੋਣਗੇ। ਬਜ਼ੁਰਗਾਂ ਨੂੰ ਆਪਣੇ ਪੋਤੇ-ਪੋਤਰੀਆਂ ਨੂੰ ਮਿਲਣ ਦਾ ਵਿਗੋਚਾ ਦਿਨ-ਰਾਤ ਕਿਵੇਂ ਡਸਦਾ ਹੋਵੇਗਾ, ਇਸ ਗੱਲ ਦਾ ਅੰਦਾਜ਼ਾ ਉਹ ਖ਼ੁਦ ਹੀ ਲਗਾ ਸਕਦੇ ਹਨ। ਜੇ ਪੋਤੇ-ਪੋਤਰੀਆਂ ਬਜ਼ੁਰਗਾਂ ਦੇ ਕੋਲ ਵੀ ਰਹਿੰਦੇ ਹੋਣ ਤਾਂ ਉਨ੍ਹਾਂ ਨੂੰ ਸਕੂਲੀ ਹੋਮਵਰਕ ਤੋਂ ਵਿਹਲ ਨਹੀਂ ਮਿਲਦੀ। ਜੇਕਰ ਇਸ ਪਾਸਿਓਂ ਵਿਹਲ ਮਿਲਦੀ ਵੀ ਹੈ ਤਾਂ ਉਹ ਆਪਣਾ ਸਮਾਂ ਵੱਡਿਆਂ ਸੰਗ ਬਿਤਾਉਣ ਦੀ ਬਜਾਏ ਕੰਪਿਊਟਰ ਜਾਂ ਮੋਬਾਈਲ 'ਤੇ ਗੇਮਾਂ ਖੇਡਣ ਨੂੰ ਤਰਜੀਹ ਦਿੰਦੇ ਹਨ।ਬਜ਼ੁਰਗਾਂ ਨੂੰ ਸਾਰਾ ਜਹਾਨ ਉੱਜੜਿਆ ਤੇ ਵੀਰਾਨ ਜਾਪਦਾ ਹੈ। ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਅਸੀਂ ਉਨ੍ਹਾਂ ਨੂੰ ਬੇਲੋੜੇ ਹੋਣ ਦਾ ਅਹਿਸਾਸ ਦਿਵਾ ਰਹੇ ਹਾਂ। ਦਰਅਸਲ, ਬਜ਼ੁਰਗ ਸਾਡਾ ਸਰਮਾਇਆ ਹੁੰਦੇ ਹਨ। ਉਨ੍ਹਾਂ ਨੂੰ ਕਿਸੇ ਚੀਜ਼-ਵਸਤ ਦਾ ਲਾਲਚ ਨਹੀਂ ਹੁੰਦਾ। ਉਹ ਤਾਂ ਆਪਣੇ ਬੱਚਿਆਂ ਦੇ ਮੋਹ-ਪਿਆਰ ਦੇ ਭੁੱਖੇ ਹੁੰਦੇ ਹਨ। ਉਨ੍ਹਾਂ ਦਾ ਮਨ ਜਜ਼ਬਾਤੀ ਕਿਸਮ ਦਾ ਹੁੰਦਾ ਹੈ। ਉਹ ਸਿਰਫ਼ ਇੰਨਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਕੋਈ ਆਪਣਾ ਉਨ੍ਹਾਂ ਨਾਲ ਦਿਲ ਖੋਲ੍ਹ ਕੇ ਗੱਲਾਂ ਕਰੇ। ਕੋਈ ਆਪਣਾ ਉਨ੍ਹਾਂ ਦੀ 'ਹਾਂ' ਵਿੱਚ 'ਹਾਂ' ਮਿਲਾਏ। ਕੋਈ ਉਨ੍ਹਾਂ ਦੇ ਦਿਨ-ਬ-ਦਿਨ ਫਿੱਕੇ ਹੋ ਰਹੇ ਜੀਵਨ ਵਿੱਚ ਸੂਹੇ ਰੰਗ ਭਰੇ। ਕੋਈ ਉਨ੍ਹਾਂ ਨੂੰ ਜ਼ਿੰਦਗੀ ਦੇ ਤਜਰਬਿਆਂ ਬਾਰੇ ਪੁੱਛੇ ਤਾਂ ਉਹ ਆਪਣਾ ਦਿਲ ਖੋਲ੍ਹ ਕੇ ਸਾਹਮਣੇ ਰੱਖ ਦੇਣ। ਡਾਕਟਰ ਦਾ ਮਰੀਜ਼ ਨੂੰ ਧਿਆਨ ਨਾਲ ਸੁਣਨਾ ਹੀ ਉਸ ਦੀ ਅੱਧੀ ਬਿਮਾਰੀ ਦਾ ਇਲਾਜ ਹੁੰਦਾ ਹੈ। ਬਿਲਕੁਲ ਇਉਂ ਹੀ ਬਜ਼ੁਰਗਾਂ ਨੂੰ ਸੁਣਨਾ ਹੀ ਉਨ੍ਹਾਂ ਦੇ ਸਾਰੇ ਦੁੱਖਾਂ-ਤਕਲੀਫ਼ਾਂ ਦਾ ਇਲਾਜ ਹੈ। ਕਦੇ ਸੁਣ ਕੇ ਤਾਂ ਵੇਖੋ, ਬਜ਼ੁਰਗਾਂ ਦੀਆਂ ਗੱਲਾਂ। ਤੁਸੀਂ ਸੱਚਮੁੱਚ ਹੀ ਇੱਕ ਅਨੋਖੇ ਸੰਸਾਰ ਵਿੱਚ ਚਲੇ ਜਾਓਗੇ। ਉਹ ਇੱਕ ਵਾਰ ਫਿਰ ਸਭ ਕੁਝ ਤੁਹਾਡੇ ਤੋਂ ਨਿਛਾਵਰ ਕਰ ਦੇਣ ਲਈ ਕਾਹਲੇ ਹੋ ਜਾਣਗੇ।

# ਹੋਮਿਓਪੈਥੀ ਦਾ ਪਿਤਾਮਾ ਡਾ. ਸੈਮੂਅਲ ਹੈਨੇਮਨ

ਹੋਮਿਓਪੈਥੀ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਇਲਾਜ ਪ੍ਰਣਾਲੀ, ਬਿਮਾਰੀ ਨੂੰ ਜੜ੍ਹੋਂ ਖਤਮ ਕਰਦੀ ਹੈ ਅਤੇ ਇਸ ਦਾ ਕੋਈ ਸਾਈਡਇਫੈਕਟ ਵੀ ਨਹੀਂ ਹੁੰਦਾ। ਜਰਮਨ ਤੋਂ ਸ਼ੁਰੂ ਹੋ ਕੇ ਦੁਨੀਆ ਦੇ ਹਰ ਕੋਨੇ ਵਿੱਚ ਪੁੱਜਣ ਵਾਲੀ ਹੋਮਿਓਪੈਥਿਕ ਦਵਾਈ ਦੀ ਖੋਜ ਡਾਕਟਰ ਸੈਮੂਅਲ ਹੈਨੇਮਨ ਨੇ ਕੀਤੀ ਸੀ।ਡਾਕਟਰ ਹੈਨੇਮਨ ਦਾ ਜਨਮ 10 ਅਪਰੈਲ 1755 ਨੂੰ ਜਰਮਨ ਦੇ ਪਿੰਡ ਮੀਸ਼ਨ ਵਿਚ ਹੋਇਆ। ਪਰਿਵਾਰ ਉੱਤੇ ਅੰਤਾਂ ਦੀ ਗਰੀਬੀ ਸੀ। ਪਿਤਾ ਚੀਨੀ ਦੇ ਬਰਤਨਾਂ ਉੱਪਰ ਚਿੱਤਰਕਾਰੀ ਕਰਦੇ ਸਨ। ਹੈਨੇਮਨ ਨੇ ਵੀ ਪੜ੍ਹਾਈ ਦੇ ਨਾਲ ਨਾਲ ਪਿਤਾ ਨਾਲ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਨਾਲ ਹੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਵਿੱਚ ਅੱਗੇ ਵਧਦੇ ਗਏ। ਉਨ੍ਹਾਂ ਨੂੰ ਦੁਨੀਆ ਦੀਆਂ 11 ਭਾਸ਼ਾਵਾਂ ਦਾ ਗਿਆਨ ਸੀ।ਡਾਕਟਰ ਹੈਨੇਮਨ ਨੇ 24 ਸਾਲ ਦੀ ਉਮਰ ਵਿਚ ਐਮਡੀ ਕਰ ਲਈ ਸੀ ਅਤੇ ਡਰੂਸਡਿਨ ਹਸਪਤਾਲ ਵਿਚ ਬਤੌਰ ਮੁੱਖ ਡਾਕਟਰ ਨਿਯੁਕਤ ਹੋਏ। ਇੱਥੇ ਨੌਕਰੀ ਦੌਰਾਨ ਉਨ੍ਹਾਂ ਦਵਾਈਆਂ ਦੇ ਅਸਰਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਅਤੇ ਬਾਅਦ ਵਿੱਚ ਖ਼ੁਦ ਹੀ ਦਵਾਈਆਂ ਬਾਰੇ ਖੋਜ ਆਰੰਭ ਦਿੱਤੀ। ਜਦੋਂ ਉਨ੍ਹਾਂ ਦੇਖਿਆ ਕਿ ਇੱਕੋ ਦਵਾਈ ਇੱਕ ਤਰ੍ਹਾਂ ਦੀ ਬਿਮਾਰੀ ਵਾਲੇ ਮਰੀਜ਼ਾਂ ਨੂੰ ਹਰ ਵਾਰ ਠੀਕ ਨਹੀਂ ਕਰ ਸਕਦੀ ਤਾਂ ਖੋਜ ਕਰਦਿਆਂ ਇਸ ਸਿੱਟੇ 'ਤੇ ਪੁੱਜੇ ਕਿ ਇਕ ਦਵਾਈ ਦਾ ਅਲੱਗ ਅਲੱਗ ਰੋਗੀਆਂ 'ਤੇ ਅਲੱਗ ਅਲੱਗ ਅਸਰ ਹੁੰਦਾ ਹੈ। ਰੋਗ ਦੇ ਨਾਲ ਨਾਲ ਰੋਗ ਹੁੰਦਾ ਹੈ। ਰੋਗ ਦੇ ਨਾਲ ਨਾਲ ਰੋਗੀ ਦੇ ਸੁਭਾਅ ਤੋਂ ਇਲਾਵਾ ਮਾਨਸਿਕ ਇਲਾਜ ਵੀ ਜ਼ਰੂਰੀ ਹੁੰਦਾ ਹੈ। ਇਸ ਖੋਜ ਨੂੰ ਹੋਰ ਡੂੰਘਾਈ ਤੱਕ ਲੈ ਕੇ ਜਾਣ ਲਈ ਉਨ੍ਹਾਂ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਦਵਾਈਆਂ ਦੀ ਖੋਜ ਵਿੱਚ ਜੁੱਟ ਗਏ।1790 ਵਿਚ ਉਨ੍ਹਾਂ ਨੂੰ ਇਕ ਕਿਤਾਬ ਦਾ ਅਨੁਵਾਦ ਕਰਦਿਆਂ ਖਿਆਲ ਆਇਆ ਕਿ ਕਇਕ ਕਿਤਾਬ ਦਾ ਅਨੁਵਾਦ ਕਰਦਿਆਂ ਖਿਆਲ ਆਇਆ ਕਿ ਕੁਕੀਨ ਖਾਣ ਨਾਲ ਬੁਖਾਰ ਚੜ੍ਹ ਜਾਂਦਾ ਹੈ। ਇਹ ਖਿਆਲ ਆਉਂਦਿਆਂ ਹੀ ਉਨ੍ਹਾਂ ਦਿਨ ਵਿਚ ਦੋ ਵਾਰ ਕੁਨੀਨ ਖਾਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਬੁਖਾਰ ਚੜ੍ਹਨਾ ਸ਼ੁਰੂ ਹੋ ਗਿਆ ਅਤੇ ਬਾਅਦ ਵਿਚ ਇਸੇ ਨਾਲ ਠੀਕ ਵੀ ਹੋ ਗਿਆ। ਇਸ ਤਜਰਬੇ ਨਾਲ ਉਹ ਖੁਸ਼ੀ ਵਿਚ ਖੀਵੇ ਹੋ ਉਠੇ ਅਤੇ ਇਸ ਸਿੱਟੇ 'ਤੇ ਪੁੱਜੇ ਕਿ ਜੋ ਦਵਾਈ ਰੋਗ ਨੂੰ ਜਨਮ ਦੇ ਸਕਦੀ ਹੈ, ਉਹ ਉਸੇ ਰੋਗ ਨੂੰ ਖਤਮ ਵੀ ਕਰ ਸਕਦੀ ਹੈ। ਇਹੋ ਹੋਮਿਓਪੈਥੀ ਦਵਾਈ ਦਾ ਸਿਧਾਂਤ ਹੈ।1795 ਵਿਚ ਡਾ. ਹੈਨੇਮਨ ਨੇ ਹੋਮਿਓਪੈਥੀ ਉਪਰ ਇਕ ਹੋਰ ਕਿਤਾਬ ਦੀ ਰਚਨਾ ਕੀਤੀ ਜਿਸ ਵਿਚ 27 ਦਵਾਈਆਂ ਦਾ ਜ਼ਿਕਰ ਕੀਤਾ ਅਤੇ ਅਲਾਮਤਾਂ ਦੱਸੀਆਂ ਗਈਆਂ। 1810 ਵਿਚ ਲਿਖੀ ਕਿਤਾਬ ਵਿੱਚ ਹੋਮਿਓਪੈਥੀ ਦੇ ਬੁਨਿਆਦੀ ਅਸੂਲ ਦਰਸਾਏ। ਉਂਜ, 1821 ਤੱਕ ਉਨ੍ਹਾਂ ਦੇ ਮਿੱਤਰਾਂ ਦੇ ਨਾਲ ਨਾਲ ਵਿਰੋਧੀਆਂ ਦੀ ਗਿਣਤੀ ਵਧ ਗਈ ਜਿਸ ਕਾਰਨ ਲਿਪਜਿਕ ਸ਼ਹਿਰ ਛੱਡਣਾ ਪਿਆ। 1828 ਵਿਚ ਉਨ੍ਹਾਂ ਗੰਭੀਰ ਅਤੇ ਪੁਰਾਣੀਆਂ ਬਿਮਾਰੀਆਂ ਬਾਰੇ ਖੋਜ ਕਰਦਿਆਂ ਕਿਤਾਬ ਲਿਖੀ। ਇਸ ਤੋਂ ਬਾਅਦ ਉਹ ਮੈਡੀਕਲ ਸਾਇੰਸ ਦੀ ਦੁਨੀਆ ਅੰਦਰ ਕਾਫੀ ਮਸ਼ਹੂਰ ਹੋ ਗਏ। ਇਸ ਪੁਸਤਕ ਵਿਚ ਲਿਖਿਆ ਸੀ ਕਿ ਕਿਸੇ ਵੀ ਦਵਾਈ ਨੂੰ ਜਿੰਨਾ ਸੂਖਮ ਰੂਪ ਵਿਚ ਬ ਵਿਚ ਲਿਖਿਆ ਸੀ ਕਿ ਕਿਸੇ ਵੀ ਦਵਾਈ ਨੂੰ ਜਿੰਨਾ ਸੂਖਮ ਰੂਪ ਵਿਚ ਬਣਾਇਆ ਜਾਵੇ, ਓਨੀ ਹੀ ਦਵਾਈ ਦੀ ਤਾਕਤ ਵਧਦੀ ਹੈ। ਕਈਆਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਪਰ ਇਹ ਗੱਲ ਹੁਣ ਸਾਬਤ ਹੋ ਚੁੱਕੀ ਹੈ।ਸੰਨ 1830 ਵਿਚ ਉਨ੍ਹਾਂ ਦੀ ਪਤਨੀ ਦਾ ਦੇਹਾਂਤ ਹੋ ਗਿਆ। ਮਗਰੋਂ 80 ਸਾਲ ਦੀ ਉਮਰ ਵਿਚ ਉਨ੍ਹਾਂ ਮਾਲਿਨੀ ਨਾਲ ਵਿਆਹ ਕਰਵਾ ਲਿਆ। ਵਿਆਹ ਤੋਂ ਤੇਰਾਂ ਸਾਲ ਬਾਅਦ 2 ਜੁਲਾਈ 1843 ਨੂੰ ਪੈਰਿਸ (ਫਰਾਂਸ) ਵਿੱਚ ਉਹ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਪਰ ਉਨ੍ਹਾਂ ਦੀ ਦੇਹ ਨੂੰ ਸ਼ਮਸ਼ਾਨਘਾਟ ਵਿਖੇ ਲਿਜਾਣ ਲਈ 4 ਨੇੜਲੇ ਰਿਸ਼ਤੇਦਾਰਾਂ ਨੇ ਹੀ ਮੋਢਾ ਦਿੱਤਾ। ਉਨ੍ਹਾਂ ਲਈ ਅਫਸੋਸ ਕਰਨ ਵੀ ਕੋਈ ਨਹੀਂ ਗਿਆ। ਫਿਰ ਇਸ ਦੁਨੀਆ ਨੇ ਹੀਂ ਗਿਆ। ਫਿਰ ਇਸ ਦੁਨੀਆਕੀਤੀ ਵਧੀਕੀ ਤਸਲੀਮ ਕਰਦਿਆਂ ਉਨ੍ਹਾਂ ਦੀ ਮੌਤ ਤੋਂ 56 ਸਾਲ ਬਾਅਦ, 1899 ਵਿਚ ਉਨ੍ਹਾਂ ਦੀ ਦੇਹ ਕਬਰ ਵਿੱਚੋਂ ਕੱਢ ਕੇ ਸ਼ਾਨੋ-ਸ਼ੌਕਤ ਨਾਲ ਸ਼ਾਹੀ ਕਬਰ ਵਿਚ ਦਫਨਾਈ।

# ਕਿਵੇਂ ਸੰਭਵ ਹੋਵੇ ਤਣਾਉ ਮੁਕਤੀ

ਮਾਨਸਿਕ ਤਣਾਉ ਜ਼ਿੰਦਗੀ ਦਾ ਹਿੱਸਾ ਹੈ, ਪਰ ਬਹੁਤ ਜ਼ਿਆਦਾ ਤਣਾਉ ਮਨੁੱਖ ਨੂੰ ਮੌਤ ਵੱਲ ਲੈ ਜਾਂਦਾ ਹੈ। ਮਾਨਿਸਕ ਤਣਾਓ ਦੇ ਕਈ ਸਰੋਤ ਹਨ। ਦਰਅਸਲ ਬੰਦਾ ਜਿਸ ਵਾਤਾਵਰਨ ਵਿਚ ਰਹਿੰਦਾ ਹੈ, ਉਹੀ ਵਾਤਾਵਰਨ ਉਸ ਦੇ ਤਣਾਓ ਦਾ ਕਾਰਨ ਬਣ ਜਾਂਦਾ ਹੈ। ਉਸ ਦੇ ਵਾਤਾਵਰਨ ਵਿਚ ਸਭ ਤੋਂ ਪਹਿਲਾਂ ਉਸ ਦਾ ਘਰ ਅਤੇ ਪਰਿਵਾਰ ਹੈ। ਉਹ ਪਰਿਵਾਰ ਵਿਚ ਰਹਿੰਦਾ ਹੈ ਅਤੇ ਉਸ ਦਾ ਹੀ ਜ਼ਰੂਰੀ ਮੈਂਬਰ ਹੈ। ਹਰ ਪਰਿਵਾਰ ਦੀਆਂ ਕਈ ਸਮੱਸਿਆਵਾਂ ਹੁੰਦੀਆਂ ਹਨ। ਨਿੱਜੀ ਤੇ ਸਮਾਜਿਕ ਸਬੰਧਾਂ ਦੀਆਂ ਕਈ ਗੰਭੀਰ ਸਮੱਸਿਆਵਾਂ ਵੀ ਉਪਜਦੀਆਂ ਹਨ। ਹਰ ਬੰਦੇ ਦੀ ਸ਼ਖ਼ਸੀਅਤ ਕਿਉਂਕਿ ਭਿੰਨ ਹੁੰਦੀ ਹੈ ਤੇ ਸਾਡਾ ਸੁਭਾਅ ਦੂਜੇ ਬੰਦਿਆਂ ਨਾਲ ਨਹੀਂ ਮਿਲਦਾ, ਇਸ ਲਈ ਸਮਾਜਿਕ ਸਬੰਧਾਂ ਵਿਚ ਜਦ ਤਰੇੜਾਂ ਪੈਦਾ ਹੁੰਦੀਆਂ ਹਨ ਤਾਂ ਉਹ ਮਾਨਸਿਕ ਤਣਾਓ ਨੂੰ ਜਨਮ ਦਿੰਦੀਆਂ ਹਨ। ਘਰੇਲੂ ਸਮੱਸਿਆਵਾਂ ਜਿਨ੍ਹਾਂ ਵਿਚ ਬੱਚਿਆਂ ਦਾ ਪਾਲਣ-ਪੋਸ਼ਣ ਤੇ ਪੜ੍ਹਾਈ, ਰਿਸ਼ਤੇਦਾਰਾਂ ਨਾਲ ਸੰਬੰਧ, ਪਤੀ ਪਤਨੀ ਦਾ ਆਪਸੀ ਰਿਸ਼ਤਾ ਜਿਸ ਵਿਚ ਅੱਜ ਕੱਲ੍ਹ ਤਰੇੜਾਂ ਆ ਰਹੀਆਂ ਹਨ, ਸ਼ਾਮਿਲ ਹਨ। ਪਤੀ-ਪਤਨੀ ਦਾ ਝਗੜਦੇ ਰਹਿਣਾ ਜਾਂ ਅੱਡ ਹੋ ਜਾਣਾ ਜਾਂ ਫਿਰ ਤਲਾਕ ਹੋ ਜਾਣਾ, ਪਰਿਵਾਰਕ ਸਬੰਧਾਂ ਨੂੰ ਵਿਗਾੜ ਰਹੇ ਹਨ। ਘਰ ਵਿਚ ਬਿਮਾਰੀ, ਵਧਦੀ ਮਹਿੰਗਾਈ ਤੇ ਬੇਰੁਜ਼ਗਾਰੀ, ਘਰੇਲੂ ਆਰਥਿਕ ਮੰਗਾਂ ਦਾ ਪੂਰਾ ਨਾ ਹੋਣਾ ਤਣਾਓ ਵਧਾਉਂਦੇ ਹਨ।ਘਰ ਤੇ ਪਰਿਵਾਰ ਤੋਂ ਬਿਨਾਂ ਜਿਥੇ ਬੰਦਾ ਕੰਮ ਕਰਦਾ ਹੈ, ਉਥੋਂ ਦੇ ਕੰਮ ਦੇ ਹਾਲਾਤ ਵੀ ਕਈ ਵਾਰ ਤਣਾਓ ਪੈਦਾ ਕਰਨ ਦੀ ਜ਼ਿੰਮੇਵਾਰ ਹੁੰਦੇ ਹਨ। ਨੌਕਰੀ ਦੀਆਂ ਵੀ ਕਈ ਸਮੱਸਿਆਵਾਂ ਹੁੰਦੀਆਂ ਹਨ। ਨੌਕਰੀ ਵਾਲੇ ਕੰਮ ਲਈ ਅਯੋਗਤਾ ਜਾਂ ਘੱਟ ਦਿਲਚਸਪੀ, ਕੰਮ ਦਾ ਜ਼ਿਆਦਾ ਭਾਰ, ਕੰਮ ਰੌਚਿਕ ਨਾ ਹੋਣਾ, ਤਨਖਾਹ ਪੂਰੀ ਨਾ ਮਿਲਣਾ, ਤਰੱਕੀ ਦਾ ਰੁਕ ਜਾਣਾ, ਇਕ ਥਾਂ ਤੋਂ ਬਦਲੀ ਹੋ ਜਾਣੀ ਜਿੱਥੇ ਉਹ ਜਾਣਾ ਨਹੀਂ ਚਾਹੁੰਦਾ, ਆਪਣੇ ਅਫਸਰਾਂ ਨਾਲ ਚੰਗੇ ਸਬੰਧ ਨਾ ਹੋਣਾ ਜਾਂ ਸਬੰਧਾਂ ਦਾ ਵਿਗੜ ਜਾਣਾ। ਸਹਿ-ਕਰਮਚਾਰੀਆਂ ਨਾਲ ਸਮਾਜਿਕ ਸਬੰਧਾਂ ਵਿਚ ਵਿਗਾੜ ਪੈਦਾ ਹੋ ਜਾਣਾ ਵੀ ਤਣਾਓ ਪੈਦਾ ਕਰਦੇ ਹਨ। ਦਰਦਨਾਕ ਖਬਰ ਮਿਲਦੀ ਹੈ ਜਿਸ ਦੀ ਅਸੀਂ ਆਸ ਨਹੀਂ ਕਰਦੇ। ਕਿਸੇ ਸ਼ਖ਼ਸ ਨੂੰ ਉਸ ਦੇ ਵਪਾਰ ਵਿਚ ਘਾਟਾ ਪੈ ਜਾਣਾ ਜਾਂ ਕੋਈ ਹੋਰ ਮਾਇਕ ਨੁਕਸਾਨ ਹੋਣਾ, ਘਰ ਵਿਚ ਚੋਰੀ ਹੋ ਜਾਣੀ, ਬੱਚਿਆਂ ਦਾ ਨਾਲਾਇਕ ਸਿੱਧ ਹੋਣਾ ਜਾਂ ਕਿਸੇ ਇੱਕ ਬੱਚੇ ਦਾ ਘਰੋਂ ਦੌੜ ਜਾਣਾ, ਕਿਸੇ ਪਿਆਰੇ ਦੀ ਮੌਤ ਆਦਿ ਮਾਨਸਿਕ ਤੌਰ 'ਤੇ ਸਦਮਾ ਪਹੁੰਚਾਉਂਦੇ ਹਨ ਜਿਸ ਨੂੰ ਬਰਦਾਸ਼ਤ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਮਾਨਸਿਕ ਤਣਾਓ ਦੇ ਕਈ ਭੌਤਿਕ ਕਾਰਨ ਵੀ ਹੋ ਸਕਦੇ ਹਨ। ਜਿਸ ਭੌਤਿਕ ਵਾਤਾਵਰਨ ਵਿਚ ਤ ਦਬਾਓ ਰਹਿੰਦਾ ਹੈ। ਜੇ ਹਰ ਸਮੇਂ ਤੁਸੀਂ ਆਪਣੇ ਆਲੇ-ਦੁਆਲੇ ਨੂੰ ਹੀ ਕੋਸਦੇ ਰਹੋਗੇ ਜਾਂ ਨੁਕਤਾਚੀਨੀ ਕਰਦੇ ਰਹੋਗੇ ਤਾਂ ਤੁਸੀਂ ਖੁਸ਼ ਨਹੀਂ ਰਹਿ ਸਕਦੇ। ਕੁਦਰਤੀ ਰੁਕਾਵਟਾਂ ਜਿਵੇਂ ਰਾਹ ਵਿਚ ਮੋਟਰ ਗੱਡੀ ਖਰਾਬ ਹੋਣਾ, ਬਿਜਲੀ ਫੇਲ੍ਹ ਹੋਣਾ, ਕੋਈ ਦੁਰਘਟਨਾ ਵਾਪਰਨਾ ਜਾਂ ਕੋਈ ਕੁਦਰਤੀ ਤੂਫਾਨ ਜਾਂ ਹੜ੍ਹ ਆਉਣਾ ਵੀ ਦਿਮਾਗੀ ਤਣਾਓ ਪੈਦਾ ਕਰਦੇ ਹਨ।।ਮਾਨਸਿਕ ਤਣਾਓ ਨੂੰ ਭਾਵੇਂ ਦੂਰ ਨਹੀਂ ਕੀਤਾ ਜਾ ਸਕਦਾ ਪਰ ਇਸ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਤਾਂ ਸਾਨੂੰ ਆਪਣਾ ਜ਼ਿੰਦਗੀ ਵੱਲ ਵਤੀਰਾ ਬਦਲਣਾ ਪਵੇਗਾ। ਇਹ ਸਮਝਣਾ ਪਵੇਗਾ ਕਿ ਜ਼ਿੰਦਗੀ ਸਮੱਸਿਆ ਭਰਪੂਰ ਹੈ। ਸਮੱਸਿਆਵਾਂ ਆਉਣਗੀਆਂ, ਉਨ੍ਹਾਂ ਦਾ ਠੀਕ ਹੱਲ ਹੀ ਜ਼ਿੰਦਗੀ ਵਿਚ ਲੁਤਫ ਲਿਆਉਂਦਾ ਹੈ। ਸਾਕਾਰਤਮਕ ਵਿਚਾਰ ਰੱਖਣੇ ਬਹੁਤ ਜ਼ਰੂਰੀ ਹਨ। ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦਾ ਹੈ। ਹਰ ਚੀਜ਼ ਦਾ ਚੰਗਾ ਪੱਖ ਦੇਖਣਾ ਚਾਹੀਦਾ ਹੈ। ਹਰ ਕੰਮ ਵਿਚ ਪਹਿਲ ਕਦਮੀ ਕਰਨੀ ਚਾਹੀਦੀ ਹੈ। ਦੂਜਾ, ਮਾਨਸਿਕ ਥਕਾਵਟ ਨੂੰ ਦੂਰ ਕਰਨ ਲਈ ਵਿਸ਼ਰਾਮੀ ਕਸਰਤਾਂ ਕਰਨੀਆਂ ਜ਼ਰੂਰੀ ਹਨ। ਜੇ ਰਾਤ ਨੂੰ ਮਾਨਸਿਕ ਬੋਝ ਕਰ ਕੇ ਨੀਂਦ ਨਹੀਂ ਆਉਂਦੀ ਤਾਂ ਸਵੇਰੇ ਉੱਠ ਕੇ ਸੈਰ ਕਰਨੀ ਜ਼ਰੂਰੀ ਹੈ। ਸੈਰ ਤੋਂ ਬਾਅਦ ਕੁਝ ਸਰੀਰਕ ਕਸਰਤਾਂ ਕਰਨੀਆਂ ਚਾਹੀਦੀਆਂ ਹਨ। ਮਨ ਅਤੇ ਸਰੀਰ ਦਾ ਡੂੰਘਾ ਸਬੰਧ ਹੁੰਦਾ ਹੈ, ਇਸ ਲਈ ਜੇ ਸਰੀਰ ਵਿਸ਼ਰਾਮ ਕਰੇਗਾ ਤਾਂ ਮਨ ਵੀ ਠੀਕ ਰਹੇਗਾ। ਜੇ ਮਨ ਥੱਕਿਆ ਹੋਇਆ ਹੈ ਤਾਂ ਸਰੀਰ ਵੀ ਥੱਕਿਆ ਮਹਿਸੂਸ ਕਰੇਗਾ।ਮਾਨਸਿਕ ਤਣਾਓ ਘਟਾਉਣ ਲਈ ਕੁਦਰਤ ਦੀ ਸ਼ਕਤੀ ਵਿਚ ਯਕੀਨ ਹੋਣਾ ਜ਼ਰੂਰੀ ਹੈ। ਜੇ ਅਸੀਂ ਇਹ ਸੋਚ ਲਈਏ ਕਿ ਜੋ ਹੋਣਾ ਸੀ, ਉਹ ਹੋ ਗਿਆ ਹੈ, ਪਛਤਾਵਾ ਕਰਨ ਦੀ ਲੋੜ ਨਹੀਂ, ਅਗਾਂਹ ਨੂੰ ਸੰਭਲੀਏ ਤਾਂ ਮਾਨਸਿਕ ਸਿਹਤ ਠੀਕ ਰਹੇਗੀ। ਜੇ ਇਹ ਸਭ ਕੁਝ ਕਰਨਾ ਤੁਹਾਡੇ ਵੱਸ ਤੋਂ ਬਾਹਰ ਹੈ ਤਾਂ ਬੇਝਿਜਕ ਕਿਸੇ ਚੰਗੇ ਮਨੋਵਿਗਿਆਨੀ ਦੀ ਸਲਾਹ ਲੈਣੀ ਚਾਹੀਦੀ ਹੈ।

# ਪ੍ਰੀ-ਬਜਟ ਕੰਸਲਟੇਂਸ਼ਨ ਪ੍ਰਕ੍ਰਿਆ ਲੋਕਤੰਤਰ ਦਾ ਇੱਕ ਮਹਤੱਵਪੂਰਣ ਅਤੇ ਮਜਬੂਤ ਸਰੋਤ : ਮੁੱਖ ਮੰਤਰੀ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਕੁਰੂਕਸ਼ੇਤਰ ਵਿੱਚ ਵੱਖ-ਵੱਖ ਸੰਗਠਨਾਂ ਦੇ ਨਾਲ ਆਯੋਜਿਤ ਪ੍ਰੀ-ਬਜਟ ਕੰਸਲਟੇਂਸ਼ਨ ਮੀਟਿੰਗ ਨੂੰ ਸੰਬੋਧਿਤ ਕੀਤਾ। ਇਸ ਮੌਕੇ 'ਤੇ ਉਦਮਤਾ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਵੀ ਵਿਸ਼ੇਸ਼ ਰੂਪ ਨਾਲ ਮੌਜੂਦ ਰਹੇ। ਮੀਟਿੰਗ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਦਾ ਪ੍ਰਤੀਨਿਧੀਤਵ ਕਰਨ ਵਾਲੇ ਪ੍ਰਮੁੱਖ ਸੰਗਠਨਾਂ ਦੇ ਅਧਿਕਾਰੀ ਮੌਜੂਦ ਰਹੇ। ਮੀਟਿੰਗ ਵਿੱਚ ਭਾਰਤੀ ਕਿਸਾਨ ਸੰਘ, ਭਾਰਤੀ ਮਜਦੂਰ ਸੰਘ, ਸਵਦੇਸ਼ੀ ਜਾਗਰਣ ਮੰਚ, ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ, ਜਿਲ੍ਹਾ ਭਾਰਤੀ, ਵਕੀਲ ਪਰਿਸ਼ਦ, ਵਿਸ਼ਵ ਹਿੰਦੂ ਪਰਿਸ਼ਦ, ਕ੍ਰੀੜਾ ਭਾਰਤੀ ਸਮੇਤ ਹੋਰ ਪ੍ਰਮੁੱਖ ਸੰਗਠਨਾਂ ਦੇ ਅਧਿਕਾਰੀਆਂ ਨੇ ਹਿੱਸਾ ਲਿਆ ਅਤੇ ਆਪਣੇ-ਆਪਣੇ ਖੇਤਰਾਂ ਨਾਲ ਸਬੰਧਿਤ ਬਜਟ ਨਾਲ ਜੁੜੇ ਮਹਤੱਵਪੂਰਣ ਸੁਝਾਅ ਸਰਕਾਰ ਦੇ ਸਾਹਮਣੇ ਪੇਸ਼ ਕੀਤੇ।



**ਹਰ ਵਰਗ ਦੀ ਸਹਿਭਾਗਤਾ ਨਾਲ ਬਣੇਗਾ ਸੰਤੁਲਿਤ ਬਜਟ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਕਿਸੇ ਇੱਕ ਸਰਕਾਰ ਜਾਂ ਕਿਸੇ ਚੋਣਾਵੀ ਏਜੰਡੇ ਦਾ ਬਜਟ ਨਹੀ ਹੈ, ਸਗੋ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਹਰਿਆਣਾ ਦੇ 2 ਕਰੋੜ 80 ਲੱਖ ਨਾਗਰਿਕਾਂ ਦਾ ਬਜਟ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਵਰਗ ਦੀ ਸਹਿਭਾਗਤਾ ਯਕੀਨੀ ਕਰਦੇ ਹੋਹੇ ਅਜਿਹਾ ਬਜਟ ਤਿਆਰ ਕਰਨਾ ਹੈ, ਜੋ ਸੂਬੇ ਦੇ ਸਮੂਚੇ ਅਤੇ ਸੰਤੁਲਿਤ ਵਿਕਾਸ ਨੂੰ ਗਤੀ ਪ੍ਰਦਾਨ ਕਰੇ।

ਮੁੱਖ ਮੰਤਰੀ ਨੇ ਪ੍ਰੀ-ਬਜਟ ਕੰਸਲਟੇਂਸ਼ਨ ਪ੍ਰਕ੍ਰਿਆ ਨੂੰ ਲੋਕਤੰਤਰ ਦਾ ਇੱਕ ਮਹਤੱਵਪੂਰਣ ਅਤੇ ਮਜਬੂਤ ਸਰੋਤ ਦੱਸਦੇ ਹੋਏ ਕਿਹਾ ਕਿ ਕਿਸਾਨਾਂ, ਮਜਦੂਰਾਂ, ਨੌਜੁਆਨਾਂ, ਵਕੀਲਾਂ, ਸਿਖਿਆ, ਖੇਡ ਅਤੇ ਸਮਾਜਿਕ ਸੰਗਠਨਾਂ ਤੋਂ ਪ੍ਰਾਪਤ ਸੁਝਾਆਂ 'ਤੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰੇਗੀ। ਉਨ੍ਹਾਂ ਨੇ ਭਰੋਸਾ ਵਿਅਕਤ ਕੀਤਾ ਕਿ ਜਨਭਾਗੀਦਾਰੀ ਨਾਲ ਤਿਆਰ ਇਹ ਬਜਟ ਹਰਿਆਣਾ ਨੂੰ ਆਤਮਨਿਰਭਰ, ਮਜਬੂਤ ਅਤੇ ਵਿਕਸਿਤ ਰਾਜ ਬਨਾਉਣ ਦੀ ਦਿਸ਼ਾ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਏਗਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਵਿੱਚ ਮੌਜੂਦ ਸਾਰੇ ਸੰਗਠਨਾਂ ਦੇ ਪ੍ਰਤੀਨਿਧੀਆਂ ਨੂੰ ਭਰੋਸਾ ਦਿੱਤਾ ਕਿ ਪ੍ਰੀ-ਬਜਟ ਕੰਸਲਟੇਂਸ਼ਨ ਦੌਰਾਨ ਪ੍ਰਾਪਤ ਹਰੇਕ ਵਿਵਹਾਰਕ ਅਤੇ ਜਨਹਿਤ ਨਾਲ ਜੁੜੇ ਸੁਝਾਅ ਨੂੰ ਪ੍ਰਾਥਮਿਕਤਾ ਦੇ ਆਧਾਰ 'ਤੇ ਵਿਚਾਰ ਵਿੱਚ ਲਿਆ ਜਾਵੇਗਾ ਅਤੇ ਉਨ੍ਹਾਂ ਨੂੰ ਅਗਾਮੀ ਬਜਟ ਵਿਚ ਜਰੂਰ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦਾ ਟੀਚਾ ਅਜਿਹਾ ਦੂਰਦਰਸ਼ੀ, ਸੰਤੁਲਿਤ ਅਤੇ ਜਨ-ਉਮੀਦਾਂ 'ਤੇ ਅਧਾਰਿਤ ਬਜਟ ਪੇਸ਼ ਕਰਨਾ ਹੈ, ਜਿਸ ਦਾ ਪ੍ਰਭਾਵ ਸਿਰਫ ਕਾਗਜ਼ਾਂ ਤੱਕ ਸੀਮਤ ਨਾ ਰਹੇ, ਸਗੋ ਆਉਣ ਵਾਲੇ ਸਾਲਾਂ ਵਿੱਚ ਜਮੀਨੀ ਪੱਧਰ 'ਤੇ ਵੀ ਸਪਸ਼ਟ ਰੂਪ ਨਾਲ ਦਿਖਾਈ ਦਵੇ।

**ਪ੍ਰੀ-ਬਜਟ ਸੁਝਾਆਂ 'ਤੇ ਹੋਈ ਠੋਸ ਕਾਰਵਾਈ, ਐਕਸ਼ਨ-ਟੇਕਨ ਰਿਪੋਰਅ ਪੇਸ਼**

ਮੀਟਿੰਗ ਵਿੱਚ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਦੀ ਓਐਸਡੀ ਹਿਨਾ ਬਿੰਦਲਿਸ਼ ਨੇ ਪ੍ਰੀ-ਬਜਟ ਕੰਸਲਟੇਂਸ਼ਨ ਨਾਲ ਸਬੰਧਿਤ ਐਕਸ਼ਨ-ਟੇਕਨ ਰਿਪੋਰਟ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦਸਿਆ ਕਿ ਪਹਿਲਾਂ ਵਿੱਚ ਪ੍ਰਾਪਤ ਸੁਝਾਆਂ ਨੂੰ ਸਰਕਾਰ ਵੱਲੋਂ ਗੰਭੀਰਤਾ ਨਾਲ ਲੈਂਦੇ ਹੋਏ ਪਿਛਲੇ ਬਜਟਾਂ ਵਿੱਚ ਸ਼ਾਮਿਲ ਕੀਤਾ ਗਿਆ ਸੀ, ਜਿਨ੍ਹਾਂ ਦਾ ਸਕਾਰਾਤਮਕ ਪ੍ਰਭਾਵ ਜਮੀਨੀ ਪੱਧਰ 'ਤੇ ਦੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਬਜਟ ਨਾਲ ਸਬੰਧਿਤ ਕੁੱਲ 11 ਕੰਸਲਟੇਂਸ਼ਨ ਮੀਟਿੰਗਾਂ ਆਯੋਜਿਤ ਕੀਤੀਆਂ ਗਈ ਸਨ, ਜਿਨ੍ਹਾਂ ਵਿੱਚ ਵੱਖ-ਵੱਖ ਹਿੱਤਧਾਰਕਾਂ ਤੋਂ ਮਹਤੱਵਪੂਰਣ ਸੁਝਾਅ ਪ੍ਰਾਪਤ ਹੋਏ। ਇੰਨਾਂ ਮੀਟਿੰਗਾਂ ਦੌਰਾਨ ਮਹਿਲਾ ਵਰਗ, ਉਦਯੋਗ ਅਤੇ ਸਿਹਤ ਖੇਤਰ, ਵੱਖ-ਵੱਖ ਵਿਭਾਗਾਂ, ਗ੍ਰਾਮੀਣ ਵਿਕਾਸ ਅਤੇ ਪੰਚਾਇਤੀ ਰਾਜ, ਸਿਖਿਆ, ਸਕਿਲ ਵਿਕਾਸ ਅਤੇ ਸਕਿਲਿੰਗ, ਆਬਕਾਰੀ ਵਿਭਾਗ ਅਤੇ ਇਨਕਿਊਬੇਸ਼ਨ ਸੈਂਟਰ ਨਾਲ ਜੁੜੇ ਅਹਿਮ ਸੁਝਾਅ ਪ੍ਰਾਪਤ ਹੋਏ, ਜਿਨ੍ਹਾਂ ਨੂੰ ਬਜਟ ਵਿੱਚ ਸ਼ਾਮਿਲ ਕੀਤਾ ਅਿਗਾ। ਉਨ੍ਹਾਂ ਨੇ ਕਿਹਾ ਕਿ ਰਾਜ ਵਿੱਚ ਇਨਕਿਊਬੇਸ਼ਨ ਸੈਂਟਰ ਸਥਾਪਿਤ ਕੀਤੇ ਜਾ ਰਹੇ ਹਨ, ਸਟਾਰਟ-ਅੱਪ ਨਾਲ ਸਬੰਧਿਤ ਕਈ ਸੁਝਾਆਂ ਨੂੰ ਪਹਿਲਾਂ ਹੀ ਲਾਗੂ ਕੀਤਾ ਜਾ ਚੁੱਕਾ ਹੈ ਅਤੇ ਰੁਜ਼ਗਾਰ ਸ੍ਰਿਜਨ ਨਾਲ ਜੁੜੇ ਪ੍ਰਸਤਾਵਾਂ 'ਤੇ ਕੰਮ ਪ੍ਰਗਤੀ 'ਤੇ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਉੱਚੇਰੀ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਨੀਤ ਗਰਗ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਸਹਿਕਾਰਤਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਕੁਮਾਰ, ਯੁਵਾ ਸਸ਼ਕਤੀਕਰਣ ਅਤੇ ਉਦਮਤਾ ਵਿਪਾਗ ਦੇ ਪ੍ਰਧਾਨ ਸਕੱਤਰ ਸ੍ਰੀ ਰਾਜੀਵ ਰੰਜਨ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਪੰਕਜ ਅਗਰਵਾਲ, ਖੇਤ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਵਿਜੈ ਸਿੰਘ ਦਹੀਆ, ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ, ਉੱਪ ਪ੍ਰਧਾਨ ਸਕੱਤਰ ਸ੍ਰੀ ਸਸ਼ਪਾਲ, ਮੁੱਖ ਮੰਤਰੀ ਦੇ ਓਐਸਡੀ ਡਾ. ਰਾਜ ਨਹਿਰੂ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ।

# ਲੋਕਤੰਤਰ ਅਤੇ ਚੋਣ ਪ੍ਰਬੰਧਨ ਤੇ ਇੰਡੀਆ ਇੰਟਰਨੈਸ਼ਨਲ ਕਾਨਫਰੰਸ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ, ਜਿਨ੍ਹਾਂ ਨਾਲ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਵੀ ਮੌਜੂਦ ਸਨ, ਨੇ ਅੱਜ ਇਥੇ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਇੰਡੀਆ ਇੰਟਰਨੈਸ਼ਨਲ ਕਾਨਫਰੰਸ (ਆਈਆਈਸੀਡੀਈਐਮ) 2026 ਮੌਕੇ 32 ਚੋਣ ਪ੍ਰਬੰਧਨ ਸੰਸਥਾਵਾਂ (ਈਐਮਬੀਜ਼) ਦੇ ਮੁਖੀਆਂ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ।

ਇਹਨਾਂ ਦੁਵੱਲੀਆਂ ਮੀਟਿੰਗਾਂ ਦੌਰਾਨ ਵਿਸ਼ਵ ਪੱਧਰ 'ਤੇ ਚੋਣ ਅਨੁਭਵਾਂ, ਬਿਹਤਰ ਅਭਿਆਸਾਂ ਅਤੇ ਨਵੀਨ ਪਹਿਲਕਦਮੀਆਂ ਬਾਰੇ ਖੁੱਲ੍ਹੀ ਚਰਚਾ ਕੀਤੀ ਗਈ। ਇਹਨਾਂ ਮੁਲਾਕਾਤਾਂ ਦਾ ਉਦੇਸ਼ ਚੋਣ ਪ੍ਰਬੰਧਨ ਵਿੱਚ ਭਾਰਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਤੰਤਰੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਸੀ।

ਵਿਚਾਰ-ਵਟਾਂਦਰੇ ਦੌਰਾਨ ਭਾਰਤ ਵੱਲੋਂ ਈਐਮਬੀਜ਼ ਨੂੰ ਉਨ੍ਹਾਂ ਦੇ ਘਰੇਲੂ ਕਾਨੂੰਨੀ ਢਾਂਚੇ ਅਨੁਸਾਰ ਆਪਣੇ ਸਬੰਧਤ ਦੇਸ਼ਾਂ ਵਿੱਚ ਈਸੀਆਈ-ਨੈੱਟ ਵਰਗਾ ਤਕਨਾਲੋਜੀ ਪਲੇਟਫਾਰਮ ਵਿਕਸਤ ਕਰਨ ਵਿੱਚ ਸਹਿਯੋਗ ਦੀ ਪੇਸ਼ਕਸ਼ ਕੀਤੀ ਗਈ।

ਭਾਰਤ ਨੇ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਡੈਮੋਕਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ (ਆਈਆਈਆਈਡੀਈਐਮ) ਰਾਹੀਂ ਈਐਮਬੀਜ਼ ਦੇ ਚੋਣ ਅਧਿਕਾਰੀਆਂ ਨੂੰ ਸਿਖਲਾਈ ਸਹਾਇਤਾ ਦੇਣ ਦੀ ਪੇਸ਼ਕਸ਼ ਵੀ ਕੀਤੀ।

ਈਸੀਆਈ-ਨੈੱਟ ਡਿਜੀਟਲ ਪਲੇਟਫਾਰਮ ਦੀ ਸ਼ਲਾਘਾ ਕਰਦਿਆਂ ਕਈ ਈਐਮਬੀਜ਼ ਨੇ ਆਪਣੇ ਦੇਸ਼ਾਂ ਵਿੱਚ ਚੋਣ ਪ੍ਰਕਿਰਿਆਵਾਂ ਦੀ ਕੁਸ਼ਲਤਾ, ਪਾਰਦਰਸ਼ਤਾ ਅਤੇ ਭਰੋਸੇਯੋਗਤਾ ਨੂੰ ਵਧਾਉਣ ਲਈ ਸਮਾਨ ਤਕਨੀਕੀ ਹੱਲ ਅਪਣਾਉਣ ਲਈ ਭਾਰਤ ਨਾਲ ਸਹਿਯੋਗ ਵਿੱਚ ਡੂੰਘੀ ਦਿਲਚਸਪੀ ਦਿਖਾਈ।

ਇਨ੍ਹਾਂ ਦੁਵੱਲੀਆਂ ਮੀਟਿੰਗਾਂ ਨੇ ਲੋਕਤੰਤਰ ਅਤੇ ਚੋਣ ਸ਼ਾਸਨ ਦੇ ਭਵਿੱਖ 'ਤੇ ਉੱਚ-ਪੱਧਰੀ ਆਲਮੀ ਸੰਵਾਦ ਲਈ ਢੁਕਵਾਂ ਮਾਹੌਲ ਸਥਾਪਤ ਕੀਤਾ। ਇਹ ਮੀਟਿੰਗ ਅੰਤਰਰਾਸ਼ਟਰੀ ਆਈਡੀਈਏ ਦੀ ਪ੍ਰਧਾਨਗੀ ਲਈ ਭਾਰਤ ਦੇ ਮੁੱਖ ਥੀਮ - ÷ਸਮੂਹਿਕ, ਸ਼ਾਂਤੀਪੂਰਨ ਅਤੇ ਟਿਕਾਊ ਸਮਾਜ ਲਈ ਲੋਕਤੰਤਰ÷ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਉਣਗੀਆਂ।

ਇਹ ਦੁਵੱਲੀਆਂ ਮੀਟਿੰਗ ਮਾਰੀਸ਼ਸ, ਮੈਕਸੀਕੋ, ਇੰਡੋਨੇਸ਼ੀਆ, ਪੁਰਤਗਾਲ, ਪੇਰੂ, ਫਿਲੀਪੀਨਜ਼, ਦੱਖਣੀ ਅਫਰੀਕਾ, ਟਿਊਨੀਸ਼ੀਆ, ਨਾਮੀਬੀਆ, ਮੰਗੋਲੀਆ, ਉਰੂਗਵੇ, ਐਸਟੋਨੀਆ, ਬੋਤਸਵਾਨਾ, ਕੈਮਰੂਨ, ਭੂਟਾਨ, ਯੂਨਾਈਟਿਡ ਕਿੰਗਡਮ, ਚੈੱਕ ਗਣਰਾਜ, ਅਲਬਾਨੀਆ, ਗੁਆਨਾ, ਉਜ਼ਬੇਕਿਸਤਾਨ, ਫਿਜੀ, ਮਾਲਦੀਵਜ਼, ਸੰਯੁਕਤ ਰਾਜ ਅਮਰੀਕਾ, ਜ਼ੈਂਬੀਆ, ਜਾਰਜੀਆ, ਕਿਰਗਿਸਤਾਨ, ਸੂਰੀਨੇਮ, ਸੇਸ਼ੇਲਸ, ਸ਼੍ਰੀਲੰਕਾ, ਕਜ਼ਾਕਿਸਤਾਨ, ਨਾਈਜੀਰੀਆ ਅਤੇ ਆਇਰਲੈਂਡ ਦੀਆਂ ਚੋਣ ਪ੍ਰਬੰਧਨ ਸੰਸਥਾਵਾਂ ਨਾਲ ਕੀਤੀਆਂ ਗਈਆਂ।

ਚੋਣ ਪ੍ਰਬੰਧਨ ਸੰਸਥਾਵਾਂ ਦੇ ਬਾਕੀ ਮੁਖੀਆਂ ਨਾਲ ਮੀਟਿੰਗਾਂ ਕੱਲ੍ਹ 27 ਜਨਵਰੀ ਨੂੰ ਹੋਣਗੀਆਂ।

# ਪ੍ਰਧਾਨ ਮੰਤਰੀ ਨੇ ਧੀਆਂ ਦੇ ਮਹੱਤਵ ਅਤੇ ਤਾਕਤ ਨੂੰ ਉਜਾਗਰ ਕਰਦੇ ਹੋਏ ਸੰਸਕ੍ਰਿਤ ਸੁਭਾਸ਼ਤਮ ਸਾਂਝਾ ਕੀਤਾ

**ਜਲੰਧਰ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਕਿਹਾ ਕਿ ਜਿਸ ਦੇਸ਼ ਵਿੱਚ ਧੀਆਂ ਨੂੰ ਲਕਸ਼ਮੀ ਵਾਂਗ ਪੂਜਿਆ ਜਾਂਦਾ ਹੈ, ਉੱਥੇ 11 ਸਾਲ ਪਹਿਲਾਂ ਅੱਜ ਦੇ ਦਿਨ ÷ਬੇਟੀ ਬਚਾਓ ਬੇਟੀ ਪੜ੍ਹਾਓ÷ ਮੁਹਿੰਮ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ ਭਾਰਤ ਦੀਆਂ ਧੀਆਂ ਹਰ ਖੇਤਰ ਵਿੱਚ ਨਵੇਂ ਰਿਕਾਰਡ ਬਣਾ ਰਹੀਆਂ ਹਨ ਅਤੇ ਦੇਸ਼ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ।ਸੁਭਾਸ਼ਤਮ ਦਾ ਅਰਥ ਹੈ ਕਿ ਇੱਕ ਧੀ ਦਸ ਪੁੱਤਰਾਂ ਦੇ ਬਰਾਬਰ ਹੈ ਅਤੇ ਦਸ ਪੁੱਤਰਾਂ ਤੋਂ ਪ੍ਰਾਪਤ ਗੁਣ ਜਾਂ ਚੰਗੇ ਗੁਣ ਇੱਕ ਧੀ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।ਧੀਆਂ ਨੂੰ ਲਕਸ਼ਮੀ ਮੰਨਣ ਵਾਲੇ ਸਾਡੇ ਦੇਸ਼ ਵਿੱਚ 11 ਸਾਲ ਪਹਿਲਾਂ ਅੱਜ ਦੇ ਹੀ ਦਿਨ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ ਭਾਰਤ ਦੀਆਂ ਧੀਆਂ ਹਰ ਖੇਤਰ ਵਿੱਚ ਨਵੇਂ ਰਿਕਾਰਡ ਬਣਾ ਰਹੀਆਂ ਹਨ।



# ਮੁੱਖ ਮੰਤਰੀ ਅਤੇ ਖੇਡ ਮੰਤਰੀ ਨੇ ਸਿੰਥੈਟਿਕ ਟਰੈਕ 'ਤੇ ਹਾਕੀ ਸਟ੍ਰੋਕ ਖੇਡਿਆ



**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਰਾਜ ਦੇ ਖਿਡਾਰੀਆਂ ਨੂੰ ਓਲੰਪਿਕ ਵਿੱਚ ਤਗਮੇ ਜਿੱਤਣ ਵਿੱਚ ਮਦਦ ਕਰਨ ਲਈ ਉੱਚ ਪੱਧਰੀ ਬੁਨਿਆਦੀ ਢਾਂਚਾ ਪ੍ਰਦਾਨ ਕਰ ਰਹੀ ਹੈ। ਸਰਕਾਰ ਨੇ ਰਾਜ ਦੀ ਛੁਪੀ ਪ੍ਰਤਿਭਾ ਨੂੰ ਪਾਲਣ ਲਈ ਖੇਡ ਨਰਸਰੀਆਂ ਅਤੇ ਹੋਰ ਖੇਡ ਕੇਂਦਰ ਸਥਾਪਤ ਕੀਤੇ ਹਨ। ਸਰਕਾਰ ਨੇ ਖਿਡਾਰੀਆਂ ਨੂੰ ਉੱਚ ਪੱਧਰੀ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਹਨ, ਜਿਸ ਦੇ ਨਤੀਜੇ ਵਜੋਂ ਦੇਸ਼ ਲਈ ਸਭ ਤੋਂ ਵੱਧ ਤਗਮਾ ਜੇਤੂ ਬਣੇ ਹਨ।

ਮੁੱਖ ਮੰਤਰੀ ਵੀਰਵਾਰ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਖੇਡ ਮੈਦਾਨ ਵਿੱਚ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਖਿਡਾਰੀਆਂ ਨਾਲ ਗੱਲਬਾਤ ਕਰ ਰਹੇ ਸਨ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਖੇਡ ਰਾਜ ਮੰਤਰੀ ਗੌਰਵ ਗੌਤਮ ਨੇ ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਖੇਲੋ ਇੰਡੀਆ ਯੋਜਨਾ ਦੇ ਤਹਿਤ ਲਗਭਗ ?55 ਮਿਲੀਅਨ (ਲਗਭਗ ?55 ਮਿਲੀਅਨ) ਦੀ ਲਾਗਤ ਨਾਲ ਬਣੇ ਸਿੰਥੈਟਿਕ ਹਾਕੀ ਮੈਦਾਨ ਦਾ ਉਦਘਾਟਨ ਕੀਤਾ। ਮੁੱਖ ਮੰਤਰੀ ਨੇ ਖੇਲੋ ਇੰਡੀਆ ਯੋਜਨਾ ਦੇ ਤਹਿਤ ?8 ਕਰੋੜ (ਲਗਭਗ ?80 ਮਿਲੀਅਨ) ਦੀ ਲਾਗਤ ਨਾਲ ਬਣਨ ਵਾਲੇ ਇੱਕ ਹਰ ਮੌਸਮ ਵਿੱਚ ਚੱਲਣ ਵਾਲੇ ਸਵੀਮਿੰਗ ਪੂਲ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਉਦਘਾਟਨ ਤੋਂ ਬਾਅਦ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਖੇਡ ਰਾਜ ਮੰਤਰੀ ਗੌਰਵ ਗੌਤਮ ਨੇ ਨਿੱਜੀ ਤੌਰ 'ਤੇ ਹਾਕੀ ਸਟਿੱਕ ਚੁੱਕੀ ਅਤੇ ਨਵੇਂ ਸਿੰਥੈਟਿਕ ਟਰੈਕ 'ਤੇ ਸ਼ਕਤੀਸ਼ਾਲੀ ਸਟਰੋਕ ਮਾਰ ਕੇ ਮੈਦਾਨ ਦਾ ਟੈਸਟ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਸਿੰਥੈਟਿਕ ਹਾਕੀ ਮੈਦਾਨ ਹੁਣ ਉਭਰਦੇ ਹਾਕੀ ਖਿਡਾਰੀਆਂ ਨੂੰ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਲਈ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰੇਗਾ। ਖਿਡਾਰੀਆਂ ਨੂੰ ਉਤਸ਼ਾਹਿਤ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਯੂਨੀਵਰਸਿਟੀ ਅਧਿਕਾਰੀਆਂ ਨਾਲ ਗੱਲ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਦੀ ਖੇਲੋ ਇੰਡੀਆ ਯੋਜਨਾ ਰਾਜ ਦੇ ਖਿਡਾਰੀਆਂ ਨੂੰ ਓਲੰਪਿਕ ਅਤੇ ਅੰਤਰਰਾਸ਼ਟਰੀ ਅਖਾੜਿਆਂ ਵਿੱਚ ਹੋਰ ਤਗਮੇ ਜਿੱਤਣ ਅਤੇ ਦੇਸ਼ ਦਾ ਮਾਣ ਵਧਾਉਣ ਦੇ ਯੋਗ ਬਣਾਏਗੀ। ਇਹ ਸਮਾਗਮ ਨਾ ਸਿਰਫ਼ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਪ੍ਰਤੀਕ ਸੀ, ਸਗੋਂ ਹਰਿਆਣਾ ਨੂੰ ਦੇਸ਼ ਦਾ ਖੇਡ ਕੇਂਦਰ ਰੱਖਣ ਦੇ ਸੰਕਲਪ ਨੂੰ ਵੀ ਦੁਹਰਾਇਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਸਵਾਗਤ ਕਰਦੇ ਹੋਏ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੋਮਨਾਥ ਸਚਦੇਵਾ ਨੇ ਭਾਰਤ ਸਰਕਾਰ ਦੀ ਖੇਲੋ ਇੰਡੀਆ ਯੋਜਨਾ ਤਹਿਤ ਬਣਾਈ ਗਈ ਸਿੰਥੈਟਿਕ ਹਾਕੀ ਐਸਟ੍ਰੋਟਰਫ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਭਾਰਤ ਸਰਕਾਰ ਦੇ ਖੇਡ ਮੰਤਰਾਲੇ ਵੱਲੋਂ 10 ਕਰੋੜ ਰੁਪਏ ਦਾ ਬਜਟ ਉਪਲਬਧ ਕਰਵਾਇਆ ਗਿਆ ਹੈ। ਇਸ ਬਜਟ ਵਿੱਚੋਂ ਹਾਕੀ ਦੇ ਮੈਦਾਨ 'ਤੇ 5.50 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ 4.50 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਬਹੁ-ਮੰਤਵੀ ਇਨਡੋਰ ਸਪੋਰਟਸ ਹਾਲ ਬਣਾਇਆ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾਮ ਕੁਮਾਰ ਮੀਨਾ ਸਮੇਤ ਅੰਕੜੇ ਮੌਜੂਦ ਸਨ।

# ਆਈਆਈਟੀ ਰੋਪੜ ਨੇ ਵੀਰ ਮਧੋ ਸਿੰਘ ਭੰਡਾਰੀ ਉੱਤਰਾਖੰਡ ਤਕਨੀਕੀ ਯੂਨੀਵਰਸਿਟੀ ਨਾਲ ਰਣਨੀਤਕ ਸਮਝੌਤਾ ਪੱਤਰ 'ਤੇ ਦਸਤਖਤ ਕੀਤੇ

**ਜਲੰਧਰ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਸਥਾਗਤ ਸਾਂਝੇਦਾਰੀ ਰਾਹੀਂ ਵਿਦਿਅਕ ਉੱਤਮਤਾ ਅਤੇ ਖੋਜ ਨਵੀਨਤਾ ਨੂੰ ਉਤਸ਼ਾਹਿਤ ਕਰਨ ਦਾ ਉਦੇਸ਼ ਭਾਰਤੀ ਤਕਨੀਕੀ ਸੰਸਥਾਨ ਰੋਪੜ ਨੇ ਵੀਰ ਮਧੋ ਸਿੰਘ ਭੰਡਾਰੀ ਉੱਤਰਾਖੰਡ ਤਕਨੀਕੀ ਯੂਨੀਵਰਸਿਟੀ, ਦੇਹਰਾਦੂਨ ਨਾਲ ਇੱਕ ਮਹੱਤਵਪੂਰਨ ਵਿਦਿਅਕ ਸਾਂਝੇਦਾਰੀ ਵਿੱਚ ਪ੍ਰਵੇਸ਼ ਕੀਤਾ ਹੈ, ਜੋ ਦੋਵੇਂ ਪ੍ਰਮੁੱਖ ਸੰਸਥਾਵਾਂ ਵਿਚਕਾਰ ਸਹਿਯੋਗੀ ਸਿੱਖਿਆ ਅਤੇ ਖੋਜ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਦਾ ਹੈ।

ਸਮਝੌਤਾ ਪੱਤਰ 'ਤੇ ਆਈਆਈਟੀ ਰੋਪੜ ਦੇ ਨਿਰਦੇਸ਼ਕ ਪ੍ਰੋ. ਰਾਜੀਵ ਅਹੂਜਾ ਅਤੇ ਵੀਐਮਐਸਬੀ ਯੂਟੀਯੂ ਦੀ ਕੁਲਪਤੀ ਡਾ. ਤ੍ਰਿਪਤਾ ਠਾਕੁਰ ਨੇ ਭਾਰਤ ਸਰਕਾਰ ਦੇ ਤਕਨੀਕੀ ਅਤੇ ਉੱਚ ਸਿੱਖਿਆ ਸਕੱਤਰ ਡਾ. ਰੰਜੀਤ ਕੁਮਾਰ ਸਿਨ੍ਹਾ ਦੀ ਮੌਜੂਦਗੀ ਵਿੱਚ ਦਸਤਖਤ ਕੀਤੇ, ਜੋ ਵਿਦਿਅਕ ਅਤੇ ਖੋਜ ਗਤੀਵਿਧੀਆਂ ਦੇ ਕਈ ਖੇਤਰਾਂ ਵਿੱਚ ਸਹਿਯੋਗ ਲਈ ਇੱਕ ਵਿਆਪਕ ਢਾਂਚਾ ਸਥਾਪਤ ਕਰਦਾ ਹੈ।

ਇਹ ਸਹਿਯੋਗ ਦੋਵੇਂ ਸੰਸਥਾਵਾਂ ਦੇ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਲਈ ਤਿਆਰ ਕੀਤੇ ਗਏ ਕਈ ਮੁੱਖ ਖੇਤਰਾਂ ਨੂੰ ਸ਼ਾਮਲ ਕਰਦਾ ਹੈ। ਇਹ ਸਾਂਝੇਦਾਰੀ ਬਾਹਰੀ ਏਜੰਸੀਆਂ ਤੋਂ ਖੋਜ ਫੰਡਿੰਗ ਦੀ ਸਹਿਯੋਗੀ ਪ੍ਰਾਪਤੀ ਅਤੇ ਸਹਿ-ਲੇਖਕ ਪ੍ਰਕਾਸ਼ਨਾਂ ਦੇ ਮੌਕਿਆਂ ਨਾਲ ਸੰਯੁਕਤ ਖੋਜ ਪ੍ਰੋਜੈਕਟਾਂ ਨੂੰ ਸੁਗਮ ਬਣਾਏਗੀ।

ਦੋਵੇਂ ਸੰਸਥਾਵਾਂ ਦੇ ਅਧਿਆਪਕ ਮੈਂਬਰ ਡਾਕਟਰੇਟ, ਸਨਾਤਕੋਤਰ ਅਤੇ ਸਨਾਤਕ ਵਿਦਿਆਰਥੀਆਂ ਨੂੰ ਸੰਯੁਕਤ ਖੋਜ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਨਗੇ, ਜਿਸ ਨਾਲ ਬਿਹਤਰ ਸਿੱਖਣ ਅਤੇ ਖੋਜ ਦੇ ਮੌਕੇ ਪੈਦਾ ਹੋਣਗੇ।

ਸਮਝੌਤਾ ਪੱਤਰ ਆਪਸੀ ਹਿੱਤਾਂ ਦੇ ਆਧਾਰ 'ਤੇ ਥੋੜ੍ਹੇ ਸਮੇਂ ਦੇ ਕੋਰਸਾਂ, ਸੈਮੀਨਾਰਾਂ, ਵਰਕਸ਼ਾਪਾਂ, ਕਾਨਫਰੰਸਾਂ, ਮਾਹਿਰ ਲੈਕਚਰਾਂ, ਅਧਿਆਪਕ ਵਿਕਾਸ ਪ੍ਰੋਗਰਾਮਾਂ ਅਤੇ ਪ੍ਰਮਾਣੀਕਰਨ ਪ੍ਰੋਗਰਾਮਾਂ ਸਮੇਤ ਵਿਦਿਅਕ ਗਤੀਵਿਧੀਆਂ ਦੇ ਸੰਯੁਕਤ ਆਯੋਜਨ ਦਾ ਵੀ ਪ੍ਰਬੰਧ ਕਰਦਾ ਹੈ। ਵਿਦਿਆਰਥੀਆਂ ਨੂੰ ਵਿਦਿਅਕ ਸੁਧਾਰ ਲਈ ਔਨਲਾਈਨ ਅਤੇ ਔਫਲਾਈਨ ਦੋਵੇਂ ਮਾਧਿਅਮਾਂ ਰਾਹੀਂ ਇੰਟਰਨਸ਼ਿਪ ਦੇ ਮੌਕੇ, ਪ੍ਰਮਾਣੀਕਰਨ ਕੋਰਸਾਂ ਅਤੇ ਹੋਰ ਥੋੜ੍ਹੇ ਸਮੇਂ ਦੇ ਪ੍ਰੋਗਰਾਮਾਂ ਦਾ ਲਾਭ ਮਿਲੇਗਾ। ਇਹ ਸਹਿਯੋਗ ਗਿਆਨ ਦੇ ਆਦਾਨ-ਪ੍ਰਦਾਨ, ਸਰੋਤ ਸਾਂਝਾਕਰਨ ਅਤੇ ਸਹਿਯੋਗੀ ਖੋਜ ਲਈ ਕੀਮਤੀ ਮੌਕੇ ਪੈਦਾ ਕਰਨ ਦੀ ਉਮੀਦ ਹੈ ਜੋ ਵਿਆਪਕ ਵਿਦਿਅਕ ਭਾਈਚਾਰੇ ਨੂੰ ਲਾਭ ਪਹੁੰਚਾਏਗਾ।

ਇਹ ਰਣਨੀਤਕ ਗਠਜੋੜ ਭਾਰਤ ਦੇ ਉੱਚ ਸਿੱਖਿਆ ਦ੍ਰਿਸ਼ ਵਿੱਚ ਮਜ਼ਬੂਤ ਨੈੱਟਵਰਕ ਬਣਾਉਣ ਅਤੇ ਵਿਗਿਆਨ ਅਤੇ ਇੰਜੀਨੀਅਰਿੰਗ ਸਿੱਖਿਆ, ਖੋਜ ਅਤੇ ਨਵੀਨਤਾ ਵਿੱਚ ਉੱਤਮਤਾ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਆਈਆਈਟੀ ਰੋਪੜ ਦੇ ਸਮਰਪਣ ਨੂੰ ਰੇਖਾਂਕਿਤ ਕਰਦਾ ਹੈ।

# ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦਾ ਜਸ਼ਨ



**ਜਲੰਧਰ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਆਪਣੇ ਰਾਸ਼ਟਰੀ ਗੀਤ ÷ਵੰਦੇ ਮਾਤਰਮ÷ ਦੇ 150 ਸਾਲ ਪੂਰੇ ਹੋਣ ਦਾ ਜ਼ਸ਼ਨ ਦੇਸ਼ ਭਰ ਦੇ ਪ੍ਰਮੁੱਖ ਜਨਤਕ ਸਥਾਨਾਂ 'ਤੇ ਸਮੂਹਿਕ ਗਾਇਨ, ਸੱਭਿਆਚਾਰਕ ਸਮਾਗਮਾਂ ਅਤੇ ਮਿਲਟਰੀ ਬੈਂਡ ਪ੍ਰਦਰਸ਼ਨਾਂ ਰਾਹੀਂ ਮਨਾ ਰਿਹਾ ਹੈ। ਇਸ ਜਸ਼ਨ ਦਾ ਉਦੇਸ਼ ਰਾਸ਼ਟਰੀ ਮਾਣ ਅਤੇ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ।

ਇਨ੍ਹਾਂ ਸਮਾਰੋਹਾਂ ਦੇ ਇੱਕ ਹਿੱਸੇ ਵਜੋਂ ਭਾਰਤੀ ਹਵਾਈ ਸੈਨਾ (ਆਈਏਐੱਫ) ਦੇ 31 ਸੰਗੀਤਕਾਰਾਂ ਦੇ ਬੈਂਡ ਨੇ 21 ਜਨਵਰੀ 2026 ਨੂੰ ਨਵੀਂ ਦਿੱਲੀ ਦੇ ਰਾਜੀਵ ਚੌਕ ਸਥਿਤ ਐਂਫੀਥੀਏਟਰ ਵਿੱਚ ਪੇਸ਼ਕਾਰੀ ਕੀਤੀ।

45 ਮਿੰਟ ਦੀ ਇਸ ਪੇਸ਼ਕਾਰੀ ਵਿੱਚ ਬ੍ਰਾਸ, ਬੰਸਰੀ, ਸਟ੍ਰਿੰਗ ਅਤੇ ਇਲੈਕਟ੍ਰੌਨਿਕ ਮਿਊਜ਼ਿਕਲ ਇੰਸਟਰੂਮੈਂਟ ਦੀਆਂ ਗਿਆਰਾਂ ਸੁਰੀਲੀਆਂ ਧੁਨਾਂ ਪੇਸ਼ ਕੀਤੀਆਂ ਗਈਆਂ। ਇਸ ਪੇਸ਼ਕਾਰੀ ਵਿੱਚ 'ਵੰਦੇ ਮਾਤਰਮ' ਅਤੇ 'ਸਿੰਦੂਰ' ਗੀਤ, ਜਿਨ੍ਹਾਂ ਨੂੰ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤੀ ਹਥਿਆਰਬੰਦ ਬਲਾਂ ਦੀ ਬਹਾਦਰੀ ਨੂੰ ਯਾਦ ਕਰਨ ਲਈ ਤਿਆਰ ਕੀਤਾ ਗਿਆ ਸੀ, ਪੇਸ਼ਕਾਰੀ ਦੇ ਮੁੱਖ ਆਕਰਸ਼ਣ ਰਹੇ।

ਸੰਗੀਤ ਸਦੀਆਂ ਤੋਂ ਭਾਰਤੀ ਸੱਭਿਆਚਾਰ ਦਾ ਇੱਕ ਅਨਮੋਲ ਗਹਿਣਾ ਰਿਹਾ ਹੈ। ਇਹ ਭਾਰਤ ਦੀ ਸਮ੍ਰਿੱਧ ਫੌਜੀ ਵਿਰਾਸਤ ਦਾ ਇੱਕ ਅਨਿੱਖੜਵਾਂ ਅੰਗ ਹੈ, ਜੋ ਏਕਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਬਹਾਦਰੀ ਦੀ ਪ੍ਰੇਰਣਾ ਦਿੰਦਾ ਹੈ। 1944 ਵਿੱਚ ਆਪਣੀ ਸਥਾਪਨਾ ਦੇ ਬਾਅਦ ਤੋਂ ਭਾਰਤੀ ਹਵਾਈ ਸੈਨਾ ਬੈਂਡ, ਭਾਰਤੀ ਅਤੇ ਪੱਛਮੀ ਸੰਗੀਤ ਦੀਆਂ ਵਿਭਿੰਨ ਪੇਸ਼ਕਾਰੀਆਂ ਦੇ ਨਾਲ, ਦੇਸ਼ ਦੀ ਫੌਜੀ ਪਰੰਪਰਾ ਦਾ ਇੱਕ ਮਹੱਤਵਪੂਰਨ ਥੰਮ੍ਹ ਰਿਹਾ ਹੈ। ਭਾਰਤੀ ਹਵਾਈ ਸੈਨਾ ਬੈਂਡ ਦਾ ਉਦੇਸ਼ ਆਪਣੇ ਮਨਮੋਹਕ ਪ੍ਰਦਰਸ਼ਨਾਂ ਰਾਹੀਂ ਦੇਸ਼ ਭਗਤੀ ਦੀ ਭਾਵਨਾ ਨੂੰ ਪ੍ਰੇਰਿਤ ਕਰਨਾ ਅਤੇ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ।

# ਡੀ.ਪੀ.ਆਈ.ਆਈ.ਟੀ. ਸਟੇਟ ਸਟਾਰਟਅੱਪ ਰੈਂਕਿੰਗ ਵਿੱਚ ਪੰਜਾਬ ਨੂੰ ਫਿਰ 'ਟੌਪ ਪਰਫਾਰਮਰ ਸਟੇਟ' ਵਜੋਂ ਮਿਲੀ ਮਾਨਤਾ : ਸੰਜੀਵ ਅਰੋੜ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਉਦਯੋਗ ਅਤੇ ਅੰਦਰੂਨੀ ਵਪਾਰ ਵਿਭਾਗ (ਡੀ.ਪੀ.ਆਈ.ਆਈ.ਟੀ.) ਵੱਲੋਂ ਕਰਵਾਏ ਗਏ ਸਟੇਟ ਸਟਾਰਟਅੱਪ ਰੈਂਕਿੰਗ ਦੇ 5ਵੇਂ ਐਡੀਸ਼ਨ ਵਿੱਚ ਪੰਜਾਬ ਨੂੰ ਇੱਕ ਵਾਰ ਫਿਰ ਤੋਂ ਸ਼੍ਰੇਣੀ ਏ ਵਿੱਚ 'ਟੌਪ ਪਰਫਾਰਮਰ ਸਟੇਟ' ਵਜੋਂ ਮਾਨਤਾ ਦਿੱਤੀ ਗਈ ਹੈ।

ਇਹ ਲਗਾਤਾਰ ਦੂਜੀ ਵਾਰ ਹੈ ਜਦੋਂ ਸੂਬੇ ਨੇ ਸ਼ਾਨਦਾਰ ਕਰਗੁਜ਼ਾਰੀ ਸਦਕਾ ਇਹ ਪ੍ਰਾਪਤੀ ਦਰਜ ਕੀਤੀ ਹੈ । ਇਹ ਮਾਣਮੱਤੀ ਪ੍ਰਾਪਤੀ ਮਜ਼ਬੂਤ ਅਤੇ ਗਤੀਸ਼ੀਲ ਸਟਾਰਟਅੱਪ ਈਕੋਸਿਸਟਮ ਸਿਰਜਣ ਵਿੱਚ ਪੰਜਾਬ ਦੀ ਨਿਰੰਤਰ ਪ੍ਰਗਤੀ ਦਾ ਪ੍ਰਤੱਖ ਪ੍ਰਮਾਣ ਹੈ।

ਉਨ੍ਹਾਂ ਅੱਗੇ ਕਿਹਾ ਕਿ ਵਣਜ ਅਤੇ ਉਦਯੋਗ ਮੰਤਰਾਲੇ ਅਧੀਨ ਡੀ.ਪੀ.ਆਈ.ਆਈ.ਟੀ. ਵੱਲੋਂ ਕੀਤੇ ਇਸ ਸਟੇਟ ਸਟਾਰਟਅੱਪ ਰੈਂਕਿੰਗ ਅਭਿਆਸ ਦਾ ਉਦੇਸ਼ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਟਾਰਟਅੱਪ ਈਕੋਸਿਸਟਮ ਮਜ਼ਬੂਤ ਕਰਨ ਲਈ ਸਰਗਰਮ ਸੁਧਾਰਾਂ ਨੂੰ ਅਪਣਾਉਣ ਵੱਲ ਉਤਸ਼ਾਹਿਤ ਕਰਨਾ ਹੈ। ਮੌਜੂਦਾ ਐਡੀਸ਼ਨ ਵਿੱਚ 36 ਵਿੱਚੋਂ 34 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਹਿੱਸਾ ਲਿਆ, ਜੋ ਨਵੀਨਤਾ ਅਤੇ ਉੱਦਮਤਾ ਵੱਲ ਵਧ ਰਹੇ ਭਾਰਤ ਦੇ ਯਤਨਾਂ ਅਤੇ ਕੌਮੀ ਤਰਜੀਹ ਨੂੰ ਦਰਸਾਉਂਦਾ ਹੈ। ਇਸ ਰੈਂਕਿੰਗ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਪੰਜ ਸਮੂਹਾਂ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ - ਬੈਸਟ ਪਰਫਾਰਮਰ, ਟਾਪ ਪਰਫਾਰਮਰ, ਲੀਡਰ, ਅਸਪਾਇਰਿੰਗ ਲੀਡਰ ਅਤੇ ਇਮਰਜਿੰਗ ਸਟੇਟ।

# ਪੰਜਾਬ ਕੇਂਦਰੀ ਯੂਨੀਵਰਸਿਟੀ ਨੇ ਹਾਸਿਲ ਕੀਤਾ 251-300 ਗਲੋਬਲ ਰੈਂਕ ਬੈਂਡ

**ਬਠਿੰਡਾ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂ ਪੰਜਾਬ) ਨੇ ਦ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਬਾਇ ਸਬਜੈਕਟ 2026 ਵਿੱਚ ਮੈਡੀਸਿਨ ਅਤੇ ਹੈਲਥ ਸ਼੍ਰੇਣੀ ਵਿੱਚ ਮਹੱਤਵਪੂਰਨ 251-300 ਗਲੋਬਲ ਰੈਂਕ ਬੈਂਡ ਵਿੱਚ ਸਥਾਨ ਹਾਸਲ ਕਰਕੇ ਇਕ ਵੱਡੀ ਉਪਲਬਧੀ ਦਰਜ ਕੀਤੀ ਹੈ। ਯੂਨੀਵਰਸਿਟੀ ਨੂੰ ਇਸ ਸ਼੍ਰੇਣੀ ਦੇ ਰਿਸਰਚ ਕਵਾਲਿਟੀ ਪੈਰਾਮੀਟਰ ਵਿੱਚ 85.2 ਦਾ ਸ਼ਾਨਦਾਰ ਸਕੋਰ ਮਿਲਿਆ ਹੈ, ਜੋ ਇਸ ਸ਼੍ਰੇਣੀ ਵਿੱਚ ਆਂਕੀ ਗਈਆਂ ਉੱਚ ਸਿੱਖਿਆ ਸੰਸਥਾਵਾਂ ਵਿਚ ਇਸ ਦੀ ਮਜ਼ਬੂਤ ਖੋਜ ਸਮਰੱਥਾ ਨੂੰ ਦਰਸਾਉਂਦਾ ਹੈ।

ਇਸ ਵਿਸ਼ਾ-ਆਧਾਰਿਤ ਗਲੋਬਲ ਰੈਂਕਿੰਗ ਵਿੱਚ ਸੀਯੂ ਪੰਜਾਬ ਨੂੰ ਫਿਜ਼ਿਕਲ ਸਾਇੰਸਜ਼ ਵਿੱਚ 401-500 ਗਲੋਬਲ ਰੈਂਕ ਬੈਂਡ ਅਤੇ ਲਾਈਫ ਸਾਇੰਸਜ਼ ਵਿੱਚ 601-800 ਗਲੋਬਲ ਰੈਂਕ ਬੈਂਡ ਵੀ ਪ੍ਰਾਪਤ ਹੋਇਆ ਹੈ। ਸਮੁੱਚੇ ਤੌਰ 'ਤੇ ਵੀ ਯੂਨੀਵਰਸਿਟੀ ਨੇ ਦ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ 601-800 ਗਲੋਬਲ ਰੈਂਕ ਬੈਂਡ ਨਾਲ ਆਪਣੀ ਮਜ਼ਬੂਤ ਅੰਤਰਰਾਸ਼ਟਰੀ ਹਾਜ਼ਰੀ ਕਾਇਮ ਰੱਖੀ ਹੈ।ਮੈਡੀਸਿਨ ਅਤੇ ਹੈਲਥ ਸ਼੍ਰੇਣੀ ਵਿੱਚ ਸੀਯੂ ਪੰਜਾਬ ਤੋਂ ਇਲਾਵਾ ਸੇਵਿਥਾ ਇੰਸਟੀਚਿਊਟ ਆਫ ਹੈਲਥ ਸਾਇੰਸਜ਼ ਹੀ ਇਕੋ-ਇਕ ਹੋਰ ਭਾਰਤੀ ਸੰਸਥਾ ਹੈ, ਜਿਸ ਨੂੰ 251-300 ਗਲੋਬਲ ਰੈਂਕ ਬੈਂਡ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਉਪਲਬਧੀ ਮੈਡੀਕਲ ਅਤੇ ਹੈਲਥ ਸਾਇੰਸਜ਼ ਦੇ ਅਧਿਆਪਨ ਅਤੇ ਖੋਜ ਖੇਤਰ ਵਿੱਚ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਧਦੇ ਪ੍ਰਭਾਵ ਨੂੰ ਰੌਸ਼ਨ ਕਰਦੀ ਹੈ।

ਫਿਜ਼ਿਕਲ ਸਾਇੰਸਜ਼ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ 401-500 ਰੈਂਕ ਬੈਂਡ ਹਾਸਲ ਕਰਕੇ ਪੰਜਾਬ ਕੇਂਦਰੀ ਯੂਨੀਵਰਸਿਟੀ ਇਕ ਵਿਸ਼ੇਸ਼ ਸਮੂਹ ਵਿੱਚ ਸ਼ਾਮਲ ਹੋ ਗਈ ਹੈ, ਜਿੱਥੇ ਭਾਰਤ ਤੋਂ ਕੇਵਲ ਸੱਤ ਹੋਰ ਉੱਚ ਸਿੱਖਿਆ ਸੰਸਥਾਵਾਂ ਹੀ ਗਲੋਬਲ ਟੌਪ 500 ਵਿੱਚ ਸ਼ਾਮਲ ਹਨ। ਇਸੇ ਤਰ੍ਹਾਂ, ਲਾਈਫ ਸਾਇੰਸਜ਼ ਵਿੱਚ 601-800 ਰੈਂਕ ਬੈਂਡ ਦੇ ਨਾਲ ਸੀਯੂ ਪੰਜਾਬ ਭਾਰਤ ਦੀਆਂ ਉਹਨਾਂ ਸਿਖਰਲੀਆਂ 28 ਸੰਸਥਾਵਾਂ ਵਿੱਚ ਸ਼ਾਮਲ ਹੋ ਗਈ ਹੈ, ਜਿਨ੍ਹਾਂ ਨੂੰ ਵਿਸ਼ਵ ਦੇ ਟੌਪ 800 ਵਿੱਚ ਸਥਾਨ ਪ੍ਰਾਪਤ ਹੋਇਆ ਹੈ। ਇਸ ਸ਼੍ਰੇਣੀ ਵਿੱਚ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਭਾਰਤੀ ਵਿਗਿਆਨ ਸੰਸਥਾਨ ਭਾਰਤੀ ਸੰਸਥਾਵਾਂ ਦੀ ਅਗਵਾਈ ਕਰਦੇ ਹੋਏ 201-250 ਗਲੋਬਲ ਰੈਂਕ ਬੈਂਡ ਵਿੱਚ ਸ਼ਾਮਲ ਹਨ।ਰੈਂਕਿੰਗਜ਼ 'ਦਾ ਸਵਾਗਤ ਕਰਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਕਿਹਾ ਕਿ ਖੋਜ ਆਉਟਪੁੱਟ ਅਤੇ ਸਾਈਟੇਸ਼ਨ ਵਿੱਚ ਸੀਯੂ ਪੰਜਾਬ ਦੀ ਲਗਾਤਾਰ ਪ੍ਰਗਤੀ ਉਸਦੇ ਮਜ਼ਬੂਤ ਅਤੇ ਉੱਚ ਗੁਣਵੱਤਾ ਵਾਲੇ ਖੋਜ ਪਰਿਸਥਿਤਿਕ ਤੰਤਰ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਉਪਲਬਧੀ ਯੂਨੀਵਰਸਿਟੀ ਦੇ ਅਧਿਆਪਕਾਂ, ਖੋਜਾਰਥੀਆਂ, ਵਿਦਿਆਰਥੀਆਂ ਅਤੇ ਸਾਰੇ ਹਿੱਸੇਦਾਰਾਂ ਦੇ ਲਗਾਤਾਰ ਅਤੇ ਸਾਂਝੇ ਯਤਨਾਂ ਦਾ ਨਤੀਜਾ ਹੈ ਅਤੇ ਉੱਚ ਸਿੱਖਿਆ ਤੇ ਖੋਜ ਵਿੱਚ ਸ਼੍ਰੇਸ਼ਠਤਾ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਮੁੜ ਸਾਬਤ ਕਰਦੀ ਹੈ।

# ਭਾਰਤ ਦੇ ਚੋਣ ਕਮਿਸ਼ਨ ਵੱਲੋਂ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਡਿਜੀਟਲ ਪਲੇਟਫਾਰਮ ਈਸੀਆਈ

**ਚੰਡੀਗੜ੍ਹ, 27 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤ ਦੇ ਚੋਣ ਕਮਿਸ਼ਨ (ਈ.ਸੀ.ਆਈ.) ਨੇ ਅੱਜ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਕਾਨਫਰੰਸ (ਆਈਆਈਸੀਡੀਈਐਮ) 2026 ਵਿਖੇ ਚੋਣਾਂ ਨਾਲ ਸਬੰਧਤ ਸਾਰੀਆਂ ਜਾਣਕਾਰੀਆਂ ਅਤੇ ਸੇਵਾਵਾਂ ਲਈ ਆਪਣਾ ਵਨ-ਸਟਾਪ ਡਿਜੀਟਲ ਪਲੇਟਫਾਰਮ ਈਸੀਆਈ-ਨੈੱਟ ਲਾਂਚ ਕੀਤਾ ਹੈ। ਇਹ ਤਿੰਨ ਰੋਜ਼ਾ ਕਾਨਫਰੰਸ 21-27 ਜਨਵਰੀ, 2026 ਤੱਕ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਕਰਵਾਈ ਜਾ ਰਹੀ ਹੈ।

ਈਸੀਆਈ-ਨੈੱਟ ਦਾ ਵਿਚਾਰ ਭਾਰਤ ਦੇ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਸ੍ਰੀ ਗਿਆਨੇਸ਼ ਕੁਮਾਰ, ਚੋਣ ਕਮਿਸ਼ਨਰ (ਈਸੀ) ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੁਆਰਾ ਕੀਤਾ ਗਿਆ ਸੀ ਅਤੇ ਇਸਨੂੰ ਡਿਜ਼ਾਈਨ ਕਰਨ ਦਾ ਐਲਾਨ ਮਈ, 2025 ਵਿੱਚ ਕੀਤਾ ਗਿਆ।

ਈਸੀਆਈ-ਨੈੱਟ ਦੇ ਲਾਂਚ ਮੌਕੇ ਬੋਲਦਿਆਂ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਨੇ ਦੱਸਿਆ ਕਿ ਇਸ ਪਲੇਟਫਾਰਮ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਤਿਆਰ ਕੀਤਾ ਗਿਆ ਹੈ ਅਤੇ ਇਹ 22 ਭਾਸ਼ਾਵਾਂ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ। ਉਨ੍ਹਾਂ ਨੇ ਦੁਨੀਆ ਭਰ ਦੀਆਂ ਚੋਣ ਪ੍ਰਬੰਧਨ ਸੰਸਥਾਵਾਂ ਨੂੰ ਆਪਣੇ ਦੇਸ਼ਾਂ ਲਈ ਕਾਨੂੰਨਾਂ ਦੀ ਪਾਲਣਾ ਤਹਿਤ ਆਪਣੀਆਂ ਸਬੰਧਤ ਭਾਸ਼ਾਵਾਂ ਵਿੱਚ ਅਜਿਹੇ ਹੀ ਡਿਜੀਟਲ ਪਲੇਟਫਾਰਮ ਵਿਕਸਿਤ ਕਰਨ ਲਈ ਭਾਰਤ ਨਾਲ ਸਹਿਯੋਗ ਕਰਨ ਦੀ ਪੇਸ਼ਕਸ਼ ਕੀਤੀ ਹੈ।

ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਨੇ ਕਿਹਾ ਕਿ ਈਸੀਆਈ-ਨੈੱਟ ਚੋਣ ਪ੍ਰਬੰਧਨ ਸੰਸਥਾਵਾਂ ਪ੍ਰਤੀ ਭਰੋਸੇ ਨੂੰ ਕਾਇਮ ਕਰਨ ਲਈ ਇੱਕ ਬਹੁਤ ਵਧੀਆ ਟੂਲ ਹੈ ਕਿਉਂਕਿ ਇਹ ਵਧੇਰੇ ਪਾਰਦਰਸ਼ਤਾ ਲਿਆਉਣ ਅਤੇ ਸਮੁੱਚੇ ਕਾਰਜਾਂ ਦੀ ਨਿਗਰਾਨੀ ਦੇ ਨਾਲ-ਨਾਲ ਜਲਦ ਫੈਸਲਾ ਲੈਣ ਅਤੇ ਜਾਣਕਾਰੀ ਦੇ ਪ੍ਰਸਾਰ ਵਿੱਚ ਮਦਦ ਕਰਦਾ ਹੈ। ਚੋਣ ਕਮਿਸ਼ਨਰ ਡਾ. ਵਿਵੇਕ ਜੋਸ਼ੀ ਨੇ ਕਿਹਾ ਕਿ ਇਹ ਕਾਨਫਰੰਸ ਈ.ਐਮ.ਬੀਜ਼ (ਚੋਣ ਪ੍ਰਬੰਧਨ ਸੰਸਥਾਵਾਂ) ਨੂੰ ਤਕਨਾਲੋਜੀ ਅਤੇ ਡਿਜੀਟਲ ਨਵੀਨਤਾਵਾਂ ਨੂੰ ਅਪਣਾਉਣ ਸਬੰਧੀ ਵਿਸ਼ਵਵਿਆਪੀ ਅਭਿਆਸਾਂ ਤੋਂ ਸਿੱਖਣ ਦਾ ਮੌਕਾ ਪ੍ਰਦਾਨ ਕਰੇਗੀ।

ਆਪਣੀ ਪੇਸ਼ਕਾਰੀ ਦੌਰਾਨ ਡਾਇਰੈਕਟਰ ਜਨਰਲ ਸੂਚਨਾ ਤਕਨਾਲੋਜੀ ਡਾ. ਸੀਮਾ ਖੰਨਾ ਨੇ ਕਿਹਾ ਕਿ ਸਾਈਬਰ ਸੁਰੱਖਿਆ ਈਸੀਆਈ-ਨੈੱਟ ਦੇ ਮੁੱਖ ਥੰਮ੍ਹਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਤਕਨਾਲੋਜੀ ਹੁਣ ਮਹਿਜ਼ ਇੱਕ ਸਹਾਇਤਾ ਕਾਰਕ ਨਾ ਰਹੇ ਕੇ ਇੱਕ ਰਣਨੀਤਕ ਸਾਧਨ ਬਣ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਈਸੀਆਈ-ਨੈੱਟ ਚੋਣਾਂ ਵਿੱਚ ਪਾਰਦਰਸ਼ਤਾ, ਕੁਸ਼ਲਤਾ, ਭਰੋਸੇਯੋਗਤਾ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਵਧਾਉਣ ਲਈ ਇੱਕ ਅਹਿਮ ਪਹਿਲਕਦਮੀ ਹੈ।

ਈਸੀਆਈ-ਨੈੱਟ ਦੁਨੀਆ ਦਾ ਸਭ ਤੋਂ ਵੱਡਾ ਚੋਣ ਸੇਵਾ ਪਲੇਟਫਾਰਮ ਹੈ ਜੋ ਭਾਰਤ ਦੇ ਚੋਣ ਕਮਿਸ਼ਨ ਦੇ 40 ਤੋਂ ਵੱਧ ਐਪਸ ਅਤੇ ਪੋਰਟਲਾਂ ਨੂੰ ਏਕੀਕ੍ਰਿਤ ਕਰਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀਆਂ ਸਾਰੀਆਂ ਚੋਣ ਸੇਵਾਵਾਂ ਨੂੰ ਇੱਕ ਸਹਿਜ ਅਨੁਭਵ ਵਿੱਚ ਇੱਕਜੁਟ ਕਰਦਾ ਹੈ। ਇਹ ਪਲੇਟਫਾਰਮ ਭਾਰਤ ਦੇ ਸੰਵਿਧਾਨ, ਲੋਕ ਪ੍ਰਤੀਨਿਧਤਾ ਐਕਟ, 1950 ਅਤੇ 1951, ਵੋਟਰ ਰਜਿਸਟ੍ਰੇਸ਼ਨ ਨਿਯਮ, 1960 ਅਤੇ ਕੰਡਕਟ ਆਫ਼ ਇਲੈਕਸ਼ਨ ਰੂਲਜ਼, 1961 ਦੀ ਸਖ਼ਤੀ ਨਾਲ ਪਾਲਣਾ ਤਹਿਤ ਵਿਕਸਤ ਕੀਤਾ ਗਿਆ ਹੈ।ਈਸੀਆਈ-ਨੈੱਟ ਨਾਗਰਿਕਾਂ, ਉਮੀਦਵਾਰਾਂ, ਰਾਜਨੀਤਿਕ ਪਾਰਟੀਆਂ, ਚੋਣ ਅਧਿਕਾਰੀਆਂ ਨੂੰ ਇੱਕ ਥਾਂ 'ਤੇ ਜੋੜ ਕੇ ਵੋਟਰ ਰਜਿਸਟ੍ਰੇਸ਼ਨ, ਵੋਟਰ ਸੂਚੀ ਸਬੰਧੀ ਸਰਚ, ਅਰਜ਼ੀ ਨੂੰ ਟਰੈਕ ਕਰਨ, ਆਪਣੇ ਉਮੀਦਵਾਰ ਨੂੰ ਜਾਣਨ, ਚੋਣ ਅਧਿਕਾਰੀਆਂ ਨਾਲ ਜੁੜਨ, ਬੀ.ਐਲ.ਓਜ਼ਨ ਨਾਲ ਨਾਲ ਕਾਲ ਦਾ ਸਮਾਂ ਤੈਅ ਕਰਨ, ਈ-ਐਪਿਕ ਦੀ ਡਾਊਨਲੋਡਿੰਗ, ਪੋਲਿੰਗ ਰੁਝਾਨ, ਸ਼ਿਕਾਇਤ ਨਿਵਾਰਣ ਵਰਗੀਆਂ ਮੁੱਖ ਸੇਵਾਵਾਂ ਨੂੰ ਇੱਕ ਸੁਰੱਖਿਅਤ ਪਲੇਟਫਾਰਮ 'ਤੇ ਉਪਲੱਬਧ ਕਰਵਾਉਂਦਾ ਹੈ।ਇਸ ਪਲੇਟਫਾਰਮ ਦਾ ਬੀਟਾ ਵਰਜ਼ਨ 2025 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਅਤੇ ਵਿਸ਼ੇਸ਼ ਸੰਖੇਪ ਸੋਧ (ਐਸ.ਆਈ.ਆਰ.) ਦੌਰਾਨ ਸਫ਼ਲਤਾਪੂਰਵਕ ਲਾਂਚ ਕੀਤਾ ਗਿਆ ਸੀ, ਜਿਸ ਨਾਲ ਚੋਣ ਕਮਿਸ਼ਨ ਨੂੰ ਹੋਰ ਬਿਹਤਰ ਢੰਗ ਨਾਲ ਨਾਗਰਿਕ-ਕੇਂਦਰਿਤ ਚੋਣ ਸੇਵਾਵਾਂ ਪ੍ਰਦਾਨ ਕਰਨ ਅਤੇ ਇੱਕ ਬਟਨ ਦੇ ਕਲਿੱਕ 'ਤੇ ਚੋਣਾਂ ਨਾਲ ਸਬੰਧਤ ਸਾਰੀ ਜਾਣਕਾਰੀ ਉਪਲੱਬਧ ਕਰਾਉਣ ਦੇ ਸਮਰੱਥ ਬਣਾਇਆ ਗਿਆ ਸੀ। ਇਸਦੇ ਲਾਂਚ ਤੋਂ ਪਹਿਲਾਂ ਪਲੇਟਫਾਰਮ ਨੂੰ ਅੰਤਿਮ ਰੂਪ ਦੇਣ ਸਮੇਂ ਨਾਗਰਿਕਾਂ ਤੋਂ ਸੁਝਾਅ ਵੀ ਮੰਗੇ ਗਏ ਸਨ।

ਬੀਟਾ ਵਰਜ਼ਨ ਦੇ ਰਿਲੀਜ਼ ਤੋਂ ਬਾਅਦ ਈਸੀਆਈ-ਨੈੱਟ ਨੇ ਹੁਣ ਤੱਕ 10 ਕਰੋੜ ਤੋਂ ਵੱਧ ਰਜਿਸਟ੍ਰੇਸ਼ਨ ਫਾਰਮਾਂ ਦਾ ਨਿਬੇੜਾ ਕੀਤਾ ਹੈ, ਜੋ ਔਸਤਨ 2.7 ਲੱਖ ਫਾਰਮ ਪ੍ਰਤੀ ਦਿਨ ਬਣਦਾ ਹੈ। ਇਸ ਪਲੇਟਫਾਰਮ 'ਤੇ 11 ਲੱਖ ਤੋਂ ਵੱਧ ਬੂਥ ਲੈਵਲ ਅਫਸਰ (ਬੀਐਲਓ) ਰਜਿਸਟਰਡ ਹਨ। ਐਸ.ਆਈ.ਆਰ. ਦੀ ਪ੍ਰਕਿਰਿਆ ਦੌਰਾਨ ਹੁਣ ਤੱਕ ਇਸ ਪਲੇਟਫਾਰਮ ਰਾਹੀਂ 150 ਕਰੋੜ ਤੋਂ ਵੱਧ ਦਸਤਾਵੇਜ਼ਾਂ ਨੂੰ ਡਿਜੀਟਾਈਜ਼ ਕੀਤਾ ਗਿਆ ਹੈ। ਈਸੀਆਈ-ਨੈੱਟ ਜ਼ਮੀਨੀ ਪੱਧਰ 'ਤੇ ਕਰਮਚਾਰੀਆਂ ਦੀ ਨਿਗਰਾਨੀ ਲਈ ਇੱਕ ਸਹਿਜ ਵਿਧੀ ਵੀ ਪ੍ਰਦਾਨ ਕਰਦਾ ਹੈ।

# ਪਾਣੀਆਂ ਦੇ ਵਿਵਾਦ 'ਤੇ ਪੰਜਾਬ ਦੇ ਹਿੱਤਾਂ ਉੱਤੇ ਡਟ ਕੇ ਪਹਿਰਾ ਦੇ ਰਹੀ ਹੈ ਪੰਜਾਬ ਸਰਕਾਰ-ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ, 27 ਜਨਵਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੀਟਿੰਗ ਦੌਰਾਨ ਸਤਲੁਜ-ਯਮੁਨਾ ਲਿੰਕ ਨਹਿਰ ਦਾ ਹੱਲ ਆਪਸੀ ਸਹਿਮਤੀ ਨਾਲ ਕੱਢਣ ਦੀ ਵਕਾਲਤ ਕਰਦਿਆਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਸਰਕਾਰ ਪਾਣੀਆਂ ਦੇ ਵਿਵਾਦ 'ਤੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਦ੍ਰਿੜ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਡੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ ਪਰ ਹਰਿਆਣੇ ਦਾ ਵੱਡੇ ਭਰਾ ਹੋਣ ਦੇ ਨਾਤੇ ਅਸੀਂ ਆਪਣੇ ਗੁਆਂਢੀ ਸੂਬੇ ਨਾਲ ਵੈਰ-ਵਿਰੋਧ ਨਹੀਂ ਚਾਹੁੰਦੇ ਅਤੇ ਇਸ ਚਿਰੋਕਣੇ ਮਸਲੇ ਦਾ ਛੇਤੀ ਹੱਲ ਚਾਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ, "ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਮੈਂ ਸਪੱਸ਼ਟ ਕਰ ਦਿੰਦਾ ਹਾਂ ਕਿ ਪੰਜਾਬ ਦੇ ਹਿੱਸੇ ਦੇ ਪਾਣੀ ਦੀ ਇਕ ਬੂੰਦ ਵੀ ਕਿਸੇ ਹੋਰ ਨਾਲ ਸਾਂਝੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।"ਉਨ੍ਹਾਂ ਕਿਹਾ ਕਿ ਐਸ.ਵਾਈ.ਐਲ. ਇਕ ਜਜ਼ਬਾਤੀ ਮੁੱਦਾ ਹੈ ਅਤੇ ਜੇਕਰ ਇਸ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਸੂਬੇ ਨੂੰ ਅਮਨ-ਕਾਨੂੰਨ ਦੀ ਵਿਵਸਥਾ ਨੂੰ ਲੈ ਕੇ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਐਸ.ਵਾਈ.ਐਲ. ਨਹਿਰ ਲਈ ਪੰਜਾਬ ਕੋਲ ਅੱਜ ਜ਼ਮੀਨ ਹੀ ਮੌਜੂਦ ਨਹੀਂ ਹੈ। ਪੰਜਾਬ ਦੀ ਪਹੁੰਚ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵੱਡਾ ਭਰਾ ਹੈ ਅਤੇ ਦੋਵੇਂ ਸੂਬੇ ਇਸ ਵਿਵਾਦਪੂਰਨ ਮਸਲੇ ਦਾ ਸੁਖਾਵਾਂ ਹੱਲ ਕੱਢਣ ਲਈ ਇੱਥੇ ਇਕੱਠੇ ਹੋਏ ਹਨ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਅਤੇ ਭਾਰਤ ਸਰਕਾਰ, ਦੋਵੇਂ ਹੀ ਇਸ ਮਸਲੇ ਦਾ ਆਪਸੀ ਸਹਿਮਤੀ ਵਾਲਾ ਹੱਲ ਚਾਹੁੰਦੇ ਹਨ ਪਰ ਚੰਗੀ ਗੱਲ ਇਹ ਹੈ ਕਿ ਦੋਵੇਂ ਸੂਬੇ ਇਸ ਮਸਲੇ ਨੂੰ ਸੁਲਝਾਉਣ ਅਤੇ ਇਸ ਮਸਲੇ ਉਤੇ ਆਪਸੀ ਟਕਰਾਅ ਨੂੰ ਖਤਮ ਕਰਨ ਲਈ ਸਿਰ ਜੋੜ ਕੇ ਬੈਠੇ ਹਨ।





ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵੱਲੋਂ ਕਿਸੇ ਨੂੰ ਵੀ ਉਨ੍ਹਾਂ ਦੇ ਬਣਦੇ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਤਿੰਨ ਦਰਿਆਵਾਂ ਦੇ 34.34 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 14.22 ਐਮ.ਏ.ਐਫ. ਦੀ ਵੰਡ ਹੋਈ ਹੈ ਜੋ 40 ਫੀਸਦੀ ਬਣਦਾ ਹੈ ਜਦਕਿ 60 ਫੀਸਦੀ ਪਾਣੀ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਚਲਾ ਜਾਂਦਾ ਹੈ ਜਦਕਿ ਇਨ੍ਹਾਂ ਦਰਿਆਵਾਂ ਵਿੱਚੋਂ ਕੋਈ ਦਰਿਆ ਵੀ ਇਨ੍ਹਾਂ ਸੂਬਿਆਂ ਵਿੱਚ ਨਹੀਂ ਵਹਿੰਦਾ। ਪੰਜਾਬ ਦੇ ਜਲ ਸੰਕਟ ਉਤੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਮੁੱਖ ਮੰਤਰੀ ਨੇ ਕਿਹਾ, "ਸਤਹੀ ਪਾਣੀ ਦੇ ਘਟਣ ਨਾਲ ਧਰਤੀ ਹੇਠਲੇ ਜਲ ਵਸੀਲਿਆਂ ਉਤੇ ਦਬਾਅ ਵਧ ਰਿਹਾ ਹੈ। ਪੰਜਾਬ ਵਿੱਚ 153 ਬਲਾਕਾਂ ਵਿੱਚੋਂ 115 ਬਲਾਕਾਂ ਦਾ ਪਾਣੀ ਹੱਦ ਤੋਂ ਵੱਧ ਵਰਤਿਆ ਜਾ ਚੁੱਕਿਆ ਹੈ।"ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਕੱਢਣ ਦੀ ਦਰ ਪੂਰੇ ਮੁਲਕ ਵਿੱਚੋਂ ਸਭ ਤੋਂ ਵੱਧ ਹੈ।

ਭਾਈ ਘਨੱਈਆ ਜੀ ਦੀ ਸੱਚੀ ਭਾਵਨਾ ਦਾ ਜ਼ਿਕਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਆਪਣੀਆਂ ਲੋੜਾਂ ਨੂੰ ਦਰਕਿਨਾਰ ਕਰਦਾ ਰਿਹਾ ਹੈ ਅਤੇ 60 ਫੀਸਦੀ ਪਾਣੀ ਗੈਰ-ਰਿਪੇਰੀਅਨ ਸੂਬਿਆਂ ਨੂੰ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਿੰਦਾ ਹੈ।"ਉਨ੍ਹਾਂ ਕਿਹਾ ਕਿ ਪੰਜਾਬ ਆਪਣੇ ਦਰਿਆਵਾਂ ਦਾ ਪਾਣੀ ਬਾਕੀਆਂ ਨਾਲ ਸਾਂਝਾ ਕਰਦਾ ਹੈ ਪਰ ਹੜ੍ਹਾਂ ਦਾ ਨੁਕਸਾਨ ਇਕੱਲੇ ਪੰਜਾਬ ਨੂੰ ਸਹਿਣਾ ਪੈਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਕੋਈ ਵੀ ਫੈਸਲਾ ਲੈਣ ਮੌਕੇ ਪੰਜਾਬ ਦੇ ਹਿੱਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ।

## ਸਵਾਮੀ ਅਵਿਮੁਕਤੇਸ਼ਵਰਾਨੰਦ ਦੇ ਸਮਰਥਨ 'ਚ ਅਸਤੀਫਾ ਦੇਣ ਵਾਲੇ ਅਲੰਕਾਰ ਅਗਨੀਹੋਤਰੀ ਮੁਅੱਤਲ

ਨੈਸ਼ਨਲ ਡੈਸਕ, 27 ਜਨਵਰੀ : ਬਰੇਲੀ ਦੇ ਮਿਉਂਸਪਲ ਮੈਜਿਸਟਰੇਟ ਅਲੰਕਾਰ ਅਗਨੀਹੋਤਰੀ ਨੇ ਸੋਮਵਾਰ ਨੂੰ ਸਰਕਾਰੀ ਨੀਤੀਆਂ, ਖਾਸ ਤੌਰ 'ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੇ ਨਵੇਂ ਨਿਯਮਾਂ ਅਤੇ ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਨਾਲ ਸਬੰਧਤ ਮਾਮਲੇ 'ਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਸੇਵਾ ਤੋਂ ਅਸਤੀਫਾ ਦੇ ਦਿੱਤਾ। ਅਧਿਕਾਰਤ ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੇ ਨਵੇਂ ਨਿਯਮਾਂ ਨੂੰ ਕਾਲਾ ਕਾਨੂੰਨ ਦੱਸਦੇ ਉਨ੍ਹਾਂ ਦੋਸ਼ ਲਾਇਆ ਕਿ ਇਹ ਨਿਯਮ ਕਾਲਜਾਂ ਦੇ ਅਕਾਦਮਿਕ ਮਾਹੌਲ ਨੂੰ ਵਿਗਾੜ ਰਹੇ ਹਨ ਅਤੇ ਇਨ੍ਹਾਂ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਾਤੀ ਆਧਾਰਿਤ ਵਿਤਕਰੇ ਨੂੰ ਰੋਕਣ ਲਈ ਲਿਆਂਦੇ ਗਏ ਇਨ੍ਹਾਂ ਨਵੇਂ ਨਿਯਮਾਂ ਤਹਿਤ ਸੰਸਥਾਵਾਂ ਨੂੰ ਵਿਦਿਆਰਥੀਆਂ, ਖਾਸ ਕਰਕੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਵਿਸ਼ੇਸ਼ ਕਮੇਟੀਆਂ, ਹੈਲਪਲਾਈਨਾਂ ਅਤੇ ਨਿਗਰਾਨੀ ਟੀਮਾਂ ਬਣਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ 2019 ਬੈਚ ਦੇ ਸੂਬਾਈ ਪ੍ਰਸ਼ਾਸਨਿਕ ਸੇਵਾ (ਪੀਸੀਐਸ) ਅਧਿਕਾਰੀ ਅਗਨੀਹੋਤਰੀ ਨੇ ਆਪਣਾ ਅਸਤੀਫ਼ਾ ਰਾਜਪਾਲ ਅਤੇ ਬਰੇਲੀ ਜ਼ਿਲ੍ਹਾ ਮੈਜਿਸਟਰੇਟ ਅਵਿਨਾਸ਼ ਸਿੰਘ ਨੂੰ ਈਮੇਲ ਰਾਹੀਂ ਭੇਜਿਆ ਹੈ। ਆਗੂਆਂ ਨੇ ਇਸ ਘਟਨਾਕ੍ਰਮ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਹ ਅਸਤੀਫਾ ਪ੍ਰਸ਼ਾਸਨਿਕ ਦਬਾਅ ਦਾ ਪ੍ਰਤੀਕ ਹੈ। ਬਰੇਲੀ ਦੇ ਮੇਅਰ ਡਾਕਟਰ ਉਮੇਸ਼ ਗੌਤਮ ਸ਼ਾਮ ਨੂੰ ਅਗਨੀਹੋਤਰੀ ਦੀ ਰਿਹਾਇਸ਼ 'ਤੇ ਪਹੁੰਚੇ। ਆਪਣੇ ਅਸਤੀਫ਼ੇ ਪੱਤਰ ਵਿੱਚ ਅਗਨੀਹੋਤਰੀ ਨੇ ਕਿਹਾ ਕਿ ਜਦੋਂ ਸਰਕਾਰਾਂ ਸਮਾਜ ਅਤੇ ਰਾਸ਼ਟਰ ਨੂੰ ਵੰਡਣ ਵਾਲੀਆਂ ਨੀਤੀਆਂ ਅਪਣਾਉਂਦੀਆਂ ਹਨ, ਤਾਂ ਉਨ੍ਹਾਂ ਨੂੰ ਜਗਾਉਣਾ ਜ਼ਰੂਰੀ ਹੋ ਜਾਂਦਾ ਹੈ। ਕਾਨਪੁਰ ਨਗਰ ਦੇ ਵਸਨੀਕ ਅਗਨੀਹੋਤਰੀ ਪਹਿਲਾਂ ਉਨਾਓ, ਬਲਰਾਮਪੁਰ ਅਤੇ ਲਖਨਊ ਸਮੇਤ ਕਈ ਜ਼ਿਲ੍ਹਿਆਂ ਵਿੱਚ ਐਸਡੀਐਮ ਵਜੋਂ ਸੇਵਾ ਨਿਭਾ ਚੁੱਕੇ ਹਨ ਅਤੇ ਪ੍ਰਸ਼ਾਸਕੀ ਹਲਕਿਆਂ ਵਿੱਚ ਆਪਣੇ ਸਪੱਸ਼ਟ ਵਿਚਾਰਾਂ ਅਤੇ ਸਖ਼ਤ ਕਾਰਜਸ਼ੈਲੀ ਲਈ ਜਾਣੇ ਜਾਂਦੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਗਨੀਹੋਤਰੀ ਨੇ ਕਿਹਾ ਕਿ ਪਿਛਲੇ ਦੋ ਹਫ਼ਤਿਆਂ ਵਿੱਚ ਦੋ ਵੱਡੇ ਨਿੰਦਣਯੋਗ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਹਿਲਾ ਮਾਮਲਾ ਪ੍ਰਯਾਗਰਾਜ ਮਾਘ ਮੇਲੇ ਨਾਲ ਸਬੰਧਤ ਹੈ, ਜਿੱਥੇ ਜੋਤਿਸ਼ ਪੀਠ ਦੇ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ ਦੇ ਨੌਜਵਾਨ ਚੇਲਿਆਂ ਨੂੰ ਮੌਨੀ ਅਮਾਵਸਿਆ 'ਤੇ ਇਸ਼ਨਾਨ ਲਈ ਜਾਂਦੇ ਸਮੇਂ ਵਾਲਾਂ ਤੋਂ ਘਸੀਟਿਆ ਗਿਆ ਅਤੇ ਕੁੱਟਿਆ ਗਿਆ। ਉਨ੍ਹਾਂ ਇਸ ਸਮੁੱਚੀ ਘਟਨਾ ਸਬੰਧੀ ਸਥਾਨਕ ਪ੍ਰਸ਼ਾਸਨ ਦੀ ਭੂਮਿਕਾ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇਹ ਕਾਰਾ ਅਤਿ ਨਿੰਦਣਯੋਗ ਹੈ ਅਤੇ ਅਸਲ ਵਿੱਚ ਇਸ ਮਾਮਲੇ ਵਿੱਚ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਇਸ ਸਮੇਂ ਉਹ ਜਿਸ ਦਰਦ ਅਤੇ ਪੀੜਾ ਵਿੱਚੋਂ ਗੁਜ਼ਰ ਰਹੇ ਹਨ, ਉਸਨੂੰ ਸ਼ਬਦਾਂ ਵਿੱਚ ਪੂਰੀ ਤਰ੍ਹਾਂ ਬਿਆਨ ਕਰਨਾ ਸੰਭਵ ਨਹੀਂ ਹੈ। ਅਗਨੀਹੋਤਰੀ ਨੇ ਸਪੱਸ਼ਟ ਕੀਤਾ ਕਿ ਹੁਣ ਉਹ ਇਸ ਵਿਵਸਥਾ ਦਾ ਹਿੱਸਾ ਨਹੀਂ ਹੋ ਸਕਦੇ, ਕਿਉਂਕਿ ਨਾ ਤਾਂ ਲੋਕਤੰਤਰ ਬਚਿਆ ਹੈ ਅਤੇ ਨਾ ਹੀ ਗਣਰਾਜ, ਹੁਣ ਸਿਰਫ਼ ਬੰਦੂਕਸ਼ਾਹੀ ਬਚੀ ਹੈ। ਉਨ੍ਹਾਂ ਨੇ ਯੂਜੀਸੀ ਦੇ ਨਵੇਂ ਨਿਯਮਾਂ ਨੂੰ ਕਾਲੇ ਕਾਨੂੰਨ ਕਰਾਰ ਦਿੱਤਾ ਅਤੇ ਦੋਸ਼ ਲਗਾਇਆ ਕਿ ਇਹ ਨਿਯਮ ਕਾਲਜਾਂ ਦੇ ਅਕਾਦਮਿਕ ਮਾਹੌਲ ਨੂੰ ਵਿਗਾੜ ਦੇਣਗੇ ਅਤੇ ਇਨ੍ਹਾਂ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਸੋਮਵਾਰ ਦੇਰ ਸ਼ਾਮ ਜ਼ਿਲ੍ਹਾ ਮੈਜਿਸਟਰੇਟ ਦੇ ਘਰ ਤੋਂ ਬਾਹਰ ਆਉਣ ਤੋਂ ਬਾਅਦ ਅਗਨੀਹੋਤਰੀ ਨੇ ਦੱਸਿਆ ਕਿ ਉਹ ਬਰੇਲੀ ਦੇ ਜ਼ਿਲ੍ਹਾ ਮੈਜਿਸਟਰੇਟ ਅਵਿਨਾਸ਼ ਸਿੰਘ ਨੂੰ ਉਨ੍ਹਾਂ ਦੇ ਘਰ ਮਿਲਣ ਗਏ ਸਨ। ਅਗਨੀਹੋਤਰੀ ਨੇ ਕਿਹਾ, ਮੈਨੂੰ ਜ਼ਿਲ੍ਹਾ ਮੈਜਿਸਟਰੇਟ ਦੇ ਘਰ 45 ਮਿੰਟ ਤੱਕ ਬੰਧਕ ਬਣਾਇਆ ਗਿਆ। ਜ਼ਿਲ੍ਹਾ ਮੈਜਿਸਟ?ਰੇਟ ਨੂੰ ਲਖਨਊ ਤੋਂ ਫ਼ੋਨ ਆਇਆ। ਮੇਰੇ ਨਾਲ ਦੁਰਵਿਵਹਾਰ ਕੀਤਾ ਗਿਆ। ਉਸ ਨੇ ਕਿਹਾ, 'ਪੰਡਿਤ ਪਾਗਲ ਹੋ ਗਿਆ'। ਉਸ ਨੂੰ ਸਾਰੀ ਰਾਤ ਬੰਧਕ ਬਣਾ ਕੇ ਰੱਖੋ। ਮੈਂ ਮੀਡੀਆ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਸੀਨੀਅਰ ਪੁਲਸ ਕਪਤਾਨ ਦੇ ਕਹਿਣ 'ਤੇ ਮੇਰੀ ਜਾਨ ਬਚਾਉਣ ਲਈ ਮੈਨੂੰ ਰਿਹਾਅ ਕੀਤਾ ਗਿਆ।" ਅਗਨੀਹੋਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਦੋ ਘੰਟਿਆਂ ਦੇ ਅੰਦਰ ਘਰ ਖਾਲੀ ਕਰਨ ਲਈ ਕਿਹਾ ਗਿਆ ਹੈ। ਇਸ ਦੌਰਾਨ ਜ਼ਿਲ੍ਹਾ ਮੈਜਿਸਟਰੇਟ ਅਵਿਨਾਸ਼ ਸਿੰਘ ਨੇ ਦੱਸਿਆ ਕਿ ਜਦੋਂ ਅਲੰਕਾਰ ਅਗਨੀਹੋਤਰੀ ਉਨ੍ਹਾਂ ਨੂੰ ਮਿਲਣ ਆਏ ਤਾਂ ਜ਼ਿਲ੍ਹਾ ਮੈਜਿਸਟ?ਰੇਟ ਦੀ ਰਿਹਾਇਸ਼ 'ਤੇ ਵਧੀਕ ਜ਼ਿਲ੍ਹਾ ਮੈਜਿਸਟ?ਰੇਟ, ਉਪ ਜ਼ਿਲ੍ਹਾ ਮੈਜਿਸਟ?ਰੇਟ, ਪੁਲਸ ਇਲਾਕਾ ਅਫ਼ਸਰ, ਸੀਨੀਅਰ ਪੁਲਸ ਕਪਤਾਨ ਸਮੇਤ ਸਾਰੇ ਉੱਚ ਅਧਿਕਾਰੀ ਮੌਜੂਦ ਸਨ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਉਸ (ਅਗਨੀਹੋਤਰੀ) ਨੂੰ ਬੰਧਕ ਬਣਾਏ ਜਾਣ ਦਾ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹੈ ਅਤੇ ਕਿਹਾ ਕਿ ਗੱਲਬਾਤ ਦੌਰਾਨ ਉਸ ਨਾਲ ਕੋਈ ਵੀ ਦੁਰਵਿਵਹਾਰ ਜਾਂ ਦੁਰਵਿਵਹਾਰ ਨਹੀਂ ਹੋਇਆ। ਅਗਨੀਹੋਤਰੀ ਦੇ ਅਸਤੀਫੇ ਦੇ ਸਵਾਲ 'ਤੇ ਸਿੰਘ ਨੇ ਕਿਹਾ ਕਿ ਕੋਈ ਟਿੱਪਣੀ ਨਹੀਂ। ਇਸ ਦੌਰਾਨ ਬ੍ਰਾਹਮਣ ਆਗੂ ਸੋਮਵਾਰ ਦੁਪਹਿਰ ਤੋਂ ਹੀ ਬਰੇਲੀ ਦੇ ਸਟੇਟ ਗੈਸਟ ਹਾਊਸ ਵਿੱਚ ਇਕੱਠੇ ਹੋ ਰਹੇ ਹਨ। ਸ਼ਾਮ ਨੂੰ ਬਰੇਲੀ ਦੇ ਮੇਅਰ ਡਾ.ਉਮੇਸ਼ ਗੌਤਮ ਨਗਰ ਮੈਜਿਸਟ?ਰੇਟ ਦੀ ਰਿਹਾਇਸ਼ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਯੂਜੀਸੀ ਦੇ ਨਿਯਮਾਂ ਵਿੱਚ ਕੁਝ ਕਮੀਆਂ ਹਨ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਸਿਟੀ ਮੈਜਿਸਟ?ਰੇਟ ਅਲੰਕਾਰ ਅਗਨੀਹੋਤਰੀ ਦੇ ਅਸਤੀਫੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਅਤੇ ਕਿਹਾ ਕਿ ਅਗਨੀਹੋਤਰੀ ਨਾਲ ਗੱਲ ਕਰਨ ਤੋਂ ਬਾਅਦ ਹੀ ਕੋਈ ਬਿਆਨ ਦਿੱਤਾ ਜਾ ਸਕਦਾ ਹੈ।

## ਸਰਕਾਰ ਦਾ 2032 ਤੱਕ 3-ਨੈਨੋਮੀਟਰ ਚਿਪ ਬਣਾਉਣ ਦਾ ਟੀਚਾ : ਅਸ਼ਵਨੀ ਵੈਸ਼ਨਵ

ਨਵੀਂ ਦਿੱਲੀ, 27 ਜਨਵਰੀ : ਸੂਚਨਾ ਅਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ ਮੰਗਲਵਾਰ ਨੂੰ ਕਿਹਾ ਕਿ ਸਰਕਾਰ ਦਾ ਟੀਚਾ 2032 ਤੱਕ ਆਧੁਨਿਕ ਸਮਾਰਟਫੋਨ ਅਤੇ ਕੰਪਿਊਟਰ ਵਰਗੇ ਉਤਪਾਦਾਂ 'ਚ ਇਸਤੇਮਾਲ ਹੋਣ ਵਾਲੇ 3 ਨੈਨੋਮੀਟਰ ਨੋਡ ਦੇ ਉੱਚ ਤਕਨੀਕ ਵਾਲੇ ਛੋਟੇ ਚਿਪ ਬਣਾਉਣ ਦਾ ਹੈ। ਮੰਤਰੀ ਨੇ ਕਿਹਾ ਕਿ ਡਿਜ਼ਾਈਨ ਆਧਾਰਤ ਪ੍ਰੋਤਸਾਹਨ (ਡੀਐੱਲਆਈ) ਯੋਜਨਾ ਦੇ ਦੂਜੇ ਪੜਾਅ ਦੇ ਅਧੀਨ ਸਰਕਾਰ ਚਿਪ ਦੀਆਂ 6 ਸ਼?ਰੇਣੀਆਂ ਕੰਪਿਊਟ, ਰੇਡੀਓ ਫ?ਰੀਕੁਐਂਸੀ (ਆਰਐੱਫ), ਨੈੱਟਵਰਕਿੰਗ, ਊਰਜਾ, ਸੈਂਸਰ ਅਤੇ ਮੈਮੋਰੀ 'ਤੇ ਧਿਆਨ ਕੇਂਦਰਿਤ ਕਰੇਗੀ। ਇਸ ਨਾਲ ਦੇਸ਼ ਦੀਆਂ ਕੰਪਨੀਆਂ ਨੂੰ 70-75 ਫੀਸਦੀ ਤਕਨਾਲੋਜੀ ਉਤਪਾਦਾਂ ਦੇ ਵਿਕਾਸ 'ਤੇ ਮੁੱਖ ਕੰਟਰੋਲ ਮਿਲ ਸਕੇਗਾ। ਡੀਐੱਲਆਈ ਯੋਜਨਾ ਦੇ ਅਧੀਨ ਚੁਣੀਆਂ ਗਈਆਂ 24 ਚਿਪ ਡਿਜ਼ਾਈਨ ਕੰਪਨੀਆਂ ਨਾਲ ਬੈਠਕ ਤੋਂ ਬਾਅਦ ਮੰਤਰੀ ਨੇ ਕਿਹਾ,"2032 ਤੱਕ ਸਾਡਾ ਟੀਚਾ-3 ਨੈਨੋਮੀਟਰ ਚਿਪ ਦੇ ਡਿਜ਼ਾਈਨ ਅਤੇ ਨਿਰਮਾਣ ਦੇ ਪੱਧਰ ਤੱਕ ਪਹੁੰਚਣਾ ਹੈ। ਡਿਜ਼ਾਈਨ ਦਾ ਕੰਮ ਤਾਂ ਅਸੀਂ ਅੱਜ ਵੀ ਕਰ ਰਹੇ ਹਾਂ ਪਰ ਨਿਰਮਾਣ ਦੇ ਪੱਧਰ 'ਤੇ 3-ਨੈਨੋਮੀਟਰ ਤੱਕ ਪਹੁੰਚਣਾ ਹੋਵੇਗਾ।" ਵੈਸ਼ਨਵ ਨੇ ਕਿਹਾ ਕਿ ਸਰਕਾਰ 6 ਮੁੱਖ ਪ੍ਰਣਾਲੀਆਂ 'ਤੇ ਧਿਆਨ ਦੇਣਾ ਚਾਹੁੰਦੀ ਹੈ ਤਾਂ ਕਿ ਦੇਸ਼ ਦੇ ਪੂਰੇ ਸੈਮੀਕੰਡਕਟਰ ਡਿਜ਼ਾਈਨ ਖੇਤਰ ਵਿਆਪਕ ਰੂਪ ਨਾਲ ਵਿਕਸਿਤ ਕੀਤਾ ਜਾ ਸਕੇ। ਮੰਤਰੀ ਨੇ ਕਿਹਾ,"ਕੰਪਿਊਟ, ਆਰਐੱਫ, ਨੈੱਟਵਰਕਿੰਗ, ਊਰਜਾ, ਸੈਂਸਰ ਅਤੇ ਮੈਮੋਰੀ ਇਨ੍ਹਾਂ 6 ਮੁੱਖ ਸ਼?ਰੇਣੀਆਂ 'ਚ ਅਸੀਂ ਸਿੱਖਿਆ ਜਗਤ ਅਤੇ ਉਦਯੋਗ ਨੂੰ ਨਵੇਂ ਵਿਚਾਰ, ਨਵੀਂ ਸੋਚ ਅਤੇ ਨਵੇਂ ਹੱਲ ਲੈ ਕੇ ਆਉਣ ਲਈ ਉਤਸ਼ਾਹਤ ਕਰਾਂਗੇ। ਜਿਵੇਂ-ਜਿਵੇਂ ਅਸੀਂ 2029 ਵੱਲ ਵਧਾਂਗੇ, ਦੇਸ਼ 'ਚ ਅਜਿਹੇ ਚਿਪ ਦੇ ਡਿਜ਼ਾਈਨ ਅਤੇ ਨਿਰਮਾਣ ਦੀ ਵੱਡੀ ਸਮਰੱਥਾ ਵਿਕਸਿਤ ਹੋ ਜਾਵੇਗੀ, ਜਿਨ੍ਹਾਂ ਦੀ ਲੋੜ ਸਾਡੇ ਦੇਸ਼ 'ਚ ਲਗਭਗ 70-75 ਫੀਸਦੀ ਐਪਲੀਕੇਸ਼ਨਾਂ 'ਚ ਹੁੰਦੀ ਹੈ।" ਉਨ੍ਹਾਂ ਕਿਹਾ ਕਿ ਹਰ ਖੇਤਰ ਨੂੰ ਇਨ੍ਹਾਂ 6 ਤਰ੍ਹਾਂ ਦੇ ਚਿਪ ਦੇ ਕਿਸੇ ਨਾ ਕਿਸੇ ਸੁਮੇਲ ਦੀ ਲੋੜ ਹੋਵੇਗੀ।



## ਬਜਟ ਸੈਸ਼ਨ 2026: ਵਿਰੋਧੀ ਧਿਰ ਵਲੋਂ ਉਠਾਏ ਜਾਣਗੇ ਮਨਰੇਗਾ, ਵਿਦੇਸ਼ ਨੀਤੀ ਸਣੇ ਕਈ ਮੁੱਦੇ

ਨਵੀਂ ਦਿੱਲੀ : ਕਾਂਗਰਸ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਬੁੱਧਵਾਰ ਤੋਂ ਸ਼ੁਰੂ ਹੋਣ ਵਾਲੇ ਸੰਸਦ ਦੇ ਬਜਟ ਸੈਸ਼ਨ ਵਿੱਚ ਮਨਰੇਗਾ, ਮੋਦੀ ਸਰਕਾਰ ਦੀ ਵਿਦੇਸ਼ ਨੀਤੀ, ਅਮਰੀਕੀ ਟੈਰਿਫ, ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ, ਹਵਾ ਪ੍ਰਦੂਸ਼ਣ ਅਤੇ ਕਈ ਹੋਰ ਜਨਤਕ ਹਿੱਤ ਦੇ ਮੁੱਦੇ ਉਠਾਏ ਜਾਣਗੇ। ਅੱਜ ਸਰਕਾਰ ਵੱਲੋਂ ਬੁਲਾਈ ਗਈ ਸਰਬ-ਪਾਰਟੀ ਮੀਟਿੰਗ ਵਿੱਚ ਬਜਟ ਸੈਸ਼ਨ ਬਾਰੇ ਚਰਚਾ ਕੀਤੀ ਗਈ। ਹਾਲਾਂਕਿ ਕਾਂਗਰਸ ਪਾਰਟੀ ਨੇ ਵਿਰੋਧ ਕੀਤਾ ਕਿ ਸਰਕਾਰ ਨੇ ਕੋਈ ਵਿਧਾਨਕ ਏਜੰਡਾ ਪੇਸ਼ ਨਹੀਂ ਕੀਤਾ। ਸਰਕਾਰ ਦਾ ਕਹਿਣਾ ਹੈ ਕਿ ਏਜੰਡੇ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ, ਕਿਉਂਕਿ ਸੈਸ਼ਨ ਦਾ ਪਹਿਲਾ ਹਿੱਸਾ ਰਾਸ਼ਟਰਪਤੀ ਦੇ ਭਾਸ਼ਣ ਅਤੇ ਕੇਂਦਰੀ ਬਜਟ ਲਈ ਧੰਨਵਾਦ ਪ੍ਰਸਤਾਵ 'ਤੇ ਚਰਚਾ 'ਤੇ ਕੇਂਦ੍ਰਿਤ ਹੋਵੇਗਾ। ਰਾਜ ਸਭਾ ਵਿੱਚ ਕਾਂਗਰਸ ਦੇ ਡਿਪਟੀ ਲੀਡਰ ਪ੍ਰਮੋਦ ਤਿਵਾੜੀ ਨੇ ਦੋਸ਼ ਲਗਾਇਆ ਕਿ ਸਰਕਾਰ ਸੰਵਿਧਾਨਕ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੀ ਹੈ।

ਉਨ੍ਹਾਂ ਕਿਹਾ, ਵਿਰੋਧੀ ਧਿਰ ਵਿਦੇਸ਼ ਨੀਤੀ ਦਾ ਮੁੱਦਾ ਵੀ ਉਠਾਏਗੀ। ਸਾਡੀ ਵਿਦੇਸ਼ ਨੀਤੀ ਕਿੱਥੇ ਪਹੁੰਚ ਗਈ ਹੈ? ਕੋਈ ਸਾਡੇ ਨਾਲ ਖੜ੍ਹਾ ਨਹੀਂ ਹੈ। ਸਾਨੂੰ ਇਹ ਵੀ ਨਹੀਂ ਪਤਾ ਕਿ ਕਿਸ ਦਾ ਸਾਥ ਦੇਣਾ ਹੈ, ਕੌਣ ਸਾਡਾ ਸਮਰਥਨ ਕਰੇਗਾ।

ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਦੀ ਆਰਥਿਕ ਨੀਤੀ ਦੀ ਗੱਲ ਆਉਂਦੀ ਹੈ, ਤਾਂ ਰੁਪਿਆ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ। ਤਿਵਾੜੀ ਨੇ ਕਿਹਾ, ਅਮਰੀਕਾ ਵਲੋਂ ਲਗਾਤਾਰ ਟੈਰਿਫ ਲਗਾਇਆ ਜਾ ਰਿਹਾ ਹੈ ਅਤੇ ਰੂਸੀ ਤੇਲ (ਖਰੀਦਣ) ਦਾ ਮੁੱਦਾ ਵੀ ਹੈ। ਦਿੱਲੀ ਅਤੇ ਹੋਰ ਥਾਵਾਂ 'ਤੇ ਅਸੀਂ ਜੋ ਸਭ ਤੋਂ ਭੈੜਾ ਹਵਾ ਪ੍ਰਦੂਸ਼ਣ ਦੇਖਿਆ ਹੈ, ਉਸ ਨੂੰ ਦੇਖਦੇ ਹੋਏ ਅਸੀਂ ਇਸ ਮੁੱਦੇ ਨੂੰ ਵੀ ਉਠਾਵਾਂਗੇ... ਅਸੀਂ ਇੰਦੌਰ ਵਿੱਚ ਦੂਸ਼ਿਤ ਪਾਣੀ ਕਾਰਨ ਹੋਈਆਂ ਮੌਤਾਂ ਦਾ ਮੁੱਦਾ ਵੀ ਉਠਾਵਾਂਗੇ। ਕਾਂਗਰਸ ਨੇਤਾ ਨੇ ਕਿਹਾ ਕਿ ਮਨਰੇਗਾ ਦਾ ਮੁੱਦਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਯੋਜਨਾ ਦੀ ਥਾਂ ਲੈਣ ਵਾਲਾ ਨਵਾਂ ਕਾਨੂੰਨ ਨਾ ਸਿਰਫ਼ ਮਹਾਤਮਾ ਗਾਂਧੀ ਦਾ ਨਾਮ ਆਪਣੇ ਨਾਮ ਤੋਂ ਹਟਾਉਂਦਾ ਹੈ, ਸਗੋਂ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਨੂੰ ਵੀ ਤਬਾਹ ਕਰਦਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਇਸ ਸੈਸ਼ਨ ਦੌਰਾਨ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕਰਨ, ਵੋਟ ਚੋਰੀ ਕਰਨ ਅਤੇ ਬੇਰੁਜ਼ਗਾਰੀ ਦੇ ਮੁੱਦੇ ਵੀ ਉਠਾਏ ਜਾਣਗੇ। ਕਾਂਗਰਸ ਦੇ ਸੰਸਦ ਮੈਂਬਰ ਕੋਡਿਕੁਨਿਲ ਸੁਰੇਸ਼ ਨੇ ਕਿਹਾ ਕਿ ਵਿਰੋਧੀ ਧਿਰ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਨੂੰ ਬਹਾਲ ਕਰਨ ਦੀ ਮੰਗ ਕਰ ਰਹੀ ਹੈ। ਤੇਲਗੂ ਦੇਸ਼ਮ ਪਾਰਟੀ (ਟੀਡੀਪੀ) ਦੇ ਸੰਸਦ ਮੈਂਬਰ ਲਵੂ ਸ਼੍ਰੀਕ੍ਰਿਸ਼ਨ ਦੇਵਰਾਯਾਲੂ ਨੇ ਕਿਹਾ ਕਿ ਭਾਰਤ ਜਿਨ੍ਹਾਂ ਵੱਖ-ਵੱਖ ਮੁਕਤ ਵਪਾਰ ਸਮਝੌਤਿਆਂ 'ਤੇ ਦਸਤਖਤ ਕਰ ਰਿਹਾ ਹੈ, ਉਨ੍ਹਾਂ 'ਤੇ ਚਰਚਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਹੈਦਰਾਬਾਦ ਦੀ ਤਰਜ਼ 'ਤੇ ਅਮਰਾਵਤੀ ਲਈ ਕਾਨੂੰਨੀ ਦਰਜਾ ਦੀ ਮੰਗ ਵੀ ਕੀਤੀ। ਬੀਜੂ ਜਨਤਾ ਦਲ ਦੇ ਸੰਸਦ ਮੈਂਬਰ ਸਸਮਿਤ ਪਾਤਰਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਉੜੀਸਾ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਵਿਗੜਦੀ ਕਾਨੂੰਨ ਵਿਵਸਥਾ ਦਾ ਮੁੱਦਾ ਉਠਾਏਗੀ।

## ਮਾਣਹਾਨੀ ਮਾਮਲਾ: ਅਰਵਿੰਦ ਕੇਜਰੀਵਾਲ ਅਤੇ ਆਤਿਸ਼ੀ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਸੁਣਵਾਈ 21 ਅਪ੍ਰੈਲ ਤੱਕ ਟਲੀ

ਨਵੀਂ ਦਿੱਲੀ, 27 ਜਨਵਰੀ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੀ ਉਸ ਪਟੀਸ਼ਨ 'ਤੇ ਸੁਣਵਾਈ 21 ਅਪ੍ਰੈਲ ਤੱਕ ਮੁਲਤਵੀ ਕਰ ਦਿੱਤੀ ਹੈ, ਜਿਸ 'ਚ ਉਨ੍ਹਾਂ ਨੇ ਆਪਣੇ ਖ਼?ਲਾਫ਼ ਦਰਜ ਮਾਣਹਾਨੀ ਦੇ ਮਾਮਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਇਹ ਮਾਮਲਾ ਵੋਟਰ ਸੂਚੀਆਂ 'ਚੋਂ ਕਥਿਤ ਤੌਰ 'ਤੇ ਨਾਂ ਹਟਾਉਣ ਸਬੰਧੀ ਕੀਤੀਆਂ ਗਈਆਂ ਟਿੱਪਣੀਆਂ ਨਾਲ ਜੁੜਿਆ ਹੋਇਆ ਹੈ। ਜਸਟਿਸ ਐੱਮ. ਐੱਮ. ਸੁੰਦਰੇਸ਼ ਅਤੇ ਐੱਨ. ਕੇ. ਸਿੰਘ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਟਾਲਦਿਆਂ ਕਿਹਾ ਕਿ ਇਸ ਮੁੱਦੇ 'ਤੇ ਵਿਸਤ੍ਰਿਤ ਸੁਣਵਾਈ ਦੀ ਲੋੜ ਹੈ। ਸੀਨੀਅਰ ਵਕੀਲ ਮੀਨਾਕਸ਼ੀ ਅਰੋੜਾ ਨੇ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਇਸ ਮਾਮਲੇ ਨੂੰ ਨਿਯਮਤ ਸੁਣਵਾਈ ਵਾਲੇ ਦਿਨਾਂ (ਮੰਗਲਵਾਰ, ਬੁੱਧਵਾਰ ਜਾਂ ਵੀਰਵਾਰ) 'ਚ ਸੁਣਿਆ ਜਾਵੇ। ਕੀ ਹੈ ਪੂਰਾ ਮਾਮਲਾ? ਭਾਜਪਾ ਦੀ ਦਿੱਲੀ ਇਕਾਈ ਦੇ ਆਗੂ ਰਾਜੀਵ ਬੱਬਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 'ਆਪ' ਆਗੂਆਂ ਨੇ ਦਸੰਬਰ 2018 'ਚ ਇਕ ਪ੍ਰੈਸ ਕਾਨਫਰੰਸ ਦੌਰਾਨ ਭਾਜਪਾ 'ਤੇ ਵੋਟਰ ਸੂਚੀ 'ਚੋਂ ਬਨਿਆ, ਪੂਰਵਾਂਚਲੀ ਅਤੇ ਮੁਸਲਿਮ ਭਾਈਚਾਰਿਆਂ ਦੇ 30 ਲੱਖ ਵੋਟਰਾਂ ਦੇ ਨਾਂ ਹਟਾਉਣ ਦਾ ਗਲਤ ਇਲਜ਼ਾਮ ਲਗਾਇਆ ਸੀ। ਬੱਬਰ ਦਾ ਕਹਿਣਾ ਹੈ ਕਿ ਇਨ੍ਹਾਂ ਦੋਸ਼ਾਂ ਨਾਲ ਭਾਜਪਾ ਦੀ ਸਾਖ ਨੂੰ ਨੁਕਸਾਨ ਪਹੁੰਚਿਆ ਹੈ। ਦੂਜੇ ਪਾਸੇ, ਕੇਜਰੀਵਾਲ ਅਤੇ ਹੋਰ ਆਗੂਆਂ ਦਾ ਦਾਅਵਾ ਹੈ ਕਿ ਉਨ੍ਹਾਂ ਵਿਰੁੱਧ ਕੋਈ ਅਪਰਾਧ ਨਹੀਂ ਬਣਦਾ। ਇਸ ਮਾਮਲੇ 'ਚ ਇਕ ਮੁੱਖ ਕਾਨੂੰਨੀ ਸਵਾਲ ਇਹ ਹੈ ਕਿ ਕੀ ਕੋਈ ਰਾਜਨੀਤਿਕ ਪਾਰਟੀ ਜਾਂ ਉਸ ਦਾ ਨੁਮਾਇੰਦਾ ਫੌਜਦਾਰੀ ਜਾਬਤਾ (CrPC) ਦੀ ਧਾਰਾ 199 ਦੇ ਤਹਿਤ ਪੀੜਤ ਵਿਅਕਤੀ ਦੀ ਪਰਿਭਾਸ਼ਾ 'ਚ ਆਉਂਦਾ ਹੈ। ਹਾਲਾਂਕਿ, ਦਿੱਲੀ ਹਾਈ ਕੋਰਟ ਨੇ ਪਹਿਲਾਂ ਇਹ ਕਹਿ ਕੇ ਪਟੀਸ਼ਨ ਖਾਰਜ ਕਰ ਦਿੱਤੀ ਸੀ ਕਿ ਇਹ ਇਲਜ਼ਾਮ ਪਹਿਲੀ ਨਜ਼ਰੇ ਮਾਣਹਾਨੀ ਵਾਲੇ ਹਨ ਅਤੇ ਭਾਜਪਾ ਨੂੰ ਬਦਨਾਮ ਕਰਕੇ ਸਿਆਸੀ ਲਾਹਾ ਲੈਣ ਦੇ ਇਰਾਦੇ ਨਾਲ ਲਗਾਏ ਗਏ ਸਨ।





## Elon Musk ਦੀ Starlink ਨੂੰ ਭਾਰਤ 'ਚ ਵੱਡਾ ਝਟਕਾ ! 424 ਸਰਵਿਸ 'ਤੇ ਫਸਿਆ ਪੇਚ, ਜਾਣੋ ਪੂਰਾ ਮਾਮਲਾ

ਨਵੀਂ ਦਿੱਲੀ, 27 ਜਨਵਰੀ : ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਦੀ ਸੈਟੇਲਾਈਟ ਇੰਟਰਨੈੱਟ ਸੇਵਾ 'ਸਟਾਰਲਿੰਕ' ਦਾ ਭਾਰਤ ਵਿੱਚ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਲੋਕਾਂ ਨੂੰ ਵੱਡਾ ਝਟਕਾ ਲੱਗਾ ਹੈ। ਭਾਰਤ ਵਿੱਚ ਸਟਾਰਲਿੰਕ ਦੀਆਂ ਸੇਵਾਵਾਂ ਸ਼ੁਰੂ ਹੋਣ ਵਿੱਚ ਹੋਰ ਦੇਰੀ ਹੋ ਰਹੀ ਹੈ ਕਿਉਂਕਿ 424 (Direct-to-Device) ਕਨੈਕਟੀਵਿਟੀ ਵਰਗੀ ਅਡਵਾਂਸ ਤਕਨਾਲੋਜੀ ਨੂੰ ਲੈ ਕੇ ਮਾਮਲਾ ਅਟਕ ਗਿਆ ਹੈ। ਸੂਤਰਾਂ ਅਨੁਸਾਰ, ਸਟਾਰਲਿੰਕ ਨੂੰ ਭਾਰਤ ਵਿੱਚ ਆਪਣੀਆਂ ਸੇਵਾਵਾਂ ਦੇ ਵਿਸਥਾਰ ਲਈ ਸਪੇਸ ਰੈਗੂਲੇਟਰ IN-SPACe ਤੋਂ 424 ਕਨੈਕਟੀਵਿਟੀ ਵਰਗੀਆਂ ਤਕਨੀਕਾਂ ਲਈ ਨਵੀਂ ਮਨਜ਼ੂਰੀ ਲੈਣੀ ਹੋਵੇਗੀ।

ਵਰਤਮਾਨ ਵਿੱਚ, ਕੰਪਨੀ ਨੂੰ ਭਾਰਤ ਵਿੱਚ ਕੇਵਲ 'ਬੇਸਿਕ ਬ੍ਰੌਡਬੈਂਡ ਫਰਾਮ ਸਪੇਸ' ਸੇਵਾਵਾਂ ਪ੍ਰਦਾਨ ਕਰਨ ਦੀ ਹੀ ਇਜਾਜ਼ਤ ਮਿਲੀ ਹੈ, ਜਿਸ ਕਾਰਨ ਪੂਰੀ ਸੇਵਾ ਦੇ ਰੋਲਆਊਟ ਵਿੱਚ ਦੇਰੀ ਹੋ ਰਹੀ ਹੈ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟਾਰਲਿੰਕ ਨੇ ਭਾਰਤ ਵਿੱਚ ਸੇਵਾਵਾਂ ਸ਼ੁਰੂ ਕਰਨ ਲਈ Gen-A ਅਤੇ Gen-2 ਸੈਟੇਲਾਈਟ ਕੌਨਸਟੇਲੇਸ਼ਨ ਦੀ ਮਨਜ਼ੂਰੀ ਮੰਗੀ ਸੀ। ਹਾਲਾਂਕਿ, IN-SPACe ਨੇ ਕੰਪਨੀ ਦੀ Gen-2 ਦੀ ਮੰਗ ਨੂੰ ਖਾਰਜ ਕਰ ਦਿੱਤਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ Gen-2 ਵਿੱਚ ਵਰਤੇ ਜਾਣ ਵਾਲੇ ਕੁਝ ਫ?ਰੀਕੁਐਂਸੀ ਬੈਂਡ ਅਤੇ ਫੀਚਰਸ ਫਿਲਹਾਲ ਭਾਰਤੀ ਨਿਯਮਾਂ ਦੇ ਅਨੁਕੂਲ ਨਹੀਂ ਹਨ। ਅਧਿਕਾਰੀਆਂ ਅਨੁਸਾਰ, ਭਾਰਤ ਵਿੱਚ ਅਜੇ ਕੁਝ ਸਪੈਕਟਰਮ ਬੈਂਡਾਂ ਦੀ ਵਰਤੋਂ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। 'ਇਕਨਾਮਿਕ ਟਾਈਮਜ਼' ਦੀ ਰਿਪੋਰਟ ਅਨੁਸਾਰ, IN-SPACe ਦੇ ਚੇਅਰਮੈਨ ਪਵਨ ਕੁਮਾਰ ਗੋਇਨਕਾ ਨੇ ਸਪੱਸ਼ਟ ਕੀਤਾ ਹੈ ਕਿ ਸਟਾਰਲਿੰਕ ਨੂੰ Gen-2 ਲਈ ਕਲੀਅਰੈਂਸ ਨਹੀਂ ਮਿਲੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਕੰਪਨੀ ਨੇ 3 ਤੋਂ 4 ਸਾਲ ਪਹਿਲਾਂ ਅਰਜ਼ੀ ਦਿੱਤੀ ਸੀ, ਉਦੋਂ 424 ਤਕਨੀਕ ਇੰਨੀ ਵਿਕਸਿਤ ਨਹੀਂ ਸੀ। ਹੁਣ ਜਦੋਂ Gen-2 ਵਿੱਚ 424 ਸਮੇਤ ਕਈ ਅਡਵਾਂਸ ਫੀਚਰਸ ਸ਼ਾਮਲ ਹਨ, ਤਾਂ ਕੰਪਨੀ ਨੂੰ ਇਨ੍ਹਾਂ ਸੇਵਾਵਾਂ ਲਈ ਨਵੇਂ ਸਿਰੇ ਤੋਂ ਅਰਜ਼ੀ ਦੇਣੀ ਪਵੇਗੀ। ਇਸ ਦੇਰੀ ਕਾਰਨ ਭਾਰਤੀ ਯੂਜ਼ਰਸ ਨੂੰ ਹਾਈ-ਸਪੀਡ ਸੈਟੇਲਾਈਟ ਇੰਟਰਨੈੱਟ ਦੀ ਵਰਤੋਂ ਕਰਨ ਲਈ ਅਜੇ ਹੋਰ ਇੰਤਜ਼ਾਰ ਕਰਨਾ ਪਵੇਗਾ। ਹੁਣ ਸਭ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹਨ ਕਿ ਏਲਨ ਮਸਕ ਦੀ ਕੰਪਨੀ ਕਦੋਂ ਨਵੀਂ ਅਰਜ਼ੀ ਦਿੰਦੀ ਹੈ ਅਤੇ ਸਰਕਾਰ ਵੱਲੋਂ ਉਸ ਨੂੰ ਕਦੋਂ ਹਰੀ ਝੰਡੀ ਮਿਲਦੀ ਹੈ।



## ਹਰਿਆਣਾ ਪ੍ਰਸ਼ਾਸਨ 'ਚ ਵੱਡਾ ਫੇਰਬਦਲ: ਸੁਧੀਰ ਰਾਜਪਾਲ ਗ੍ਰਹਿ ਸਕੱਤਰ ਨਿਯੁਕਤ, ਕਈ ਸੀਨੀਅਰ IAS ਅਧਿਕਾਰੀਆਂ ਦੇ ਹੋਏ ਤਬਾਦਲੇ

ਚੰਡੀਗੜ੍ਹ, 27 ਜਨਵਰੀ : ਹਰਿਆਣਾ ਸਰਕਾਰ ਨੇ ਪ੍ਰਸ਼ਾਸਨਿਕ ਪੱਧਰ 'ਤੇ ਵੱਡਾ ਫੇਰਬਦਲ ਕਰਦੇ ਹੋਏ ਮੰਗਲਵਾਰ ਨੂੰ ਕਈ ਸੀਨੀਅਰ ਭਾਰਤੀ ਪ੍ਰਸ਼ਾਸਨਿਕ ਸੇਵਾ (IAS) ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀਆਂ ਦੇ ਹੁਕਮ ਜਾਰੀ ਕੀਤੇ ਹਨ। ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਜਾਰੀ ਕੀਤੇ ਗਏ ਇਨ੍ਹਾਂ ਹੁਕਮਾਂ ਅਨੁਸਾਰ ਪੰਜ ਤੋਂ ਛੇ ਸੀਨੀਅਰ ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਸੁਧੀਰ ਰਾਜਪਾਲ: 1990 ਬੈਚ ਦੇ ਸੀਨੀਅਰ ਅਧਿਕਾਰੀ ਸੁਧੀਰ ਰਾਜਪਾਲ ਨੂੰ ਨਿਆਂ ਵਿਭਾਗ 'ਚ ਗ੍ਰਹਿ, ਜੇਲ੍ਹ, ਅਪਰਾਧਿਕ ਜਾਂਚ ਅਤੇ ਪ੍ਰਸ਼ਾਸਨ ਦੇ ਵਧੀਕ ਮੁੱਖ ਸਕੱਤਰ (ACS) ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਹ ਵਾਤਾਵਰਣ, ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ ਵਧੀਕ ਮੁੱਖ ਸਕੱਤਰ ਦਾ ਚਾਰਜ ਵੀ ਸੰਭਾਲਣਗੇ। ਸੁਮਿਤਾ ਮਿਸ਼ਰਾ: ਸੁਧੀਰ ਰਾਜਪਾਲ ਦੀ ਤਰ੍ਹਾਂ 1990 ਬੈਚ ਦੀ ਅਧਿਕਾਰੀ ਸੁਮਿਤਾ ਮਿਸ਼ਰਾ, ਜੋ ਪਹਿਲਾਂ ਗ੍ਰਹਿ ਅਤੇ ਨਿਆਂ ਵਿਭਾਗਾਂ ਦਾ ਕਾਰਜਭਾਰ ਦੇਖ ਰਹੇ ਸਨ, ਨੂੰ ਹੁਣ ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਵਿੱਚ ਵਧੀਕ ਮੁੱਖ ਸਕੱਤਰ ਅਤੇ ਵਿੱਤੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਅਤੇ ਆਯੂਸ਼ ਵਿਭਾਗਾਂ ਦਾ ਵਧੀਕ ਮੁੱਖ ਸਕੱਤਰ ਬਣਾਇਆ ਗਿਆ ਹੈ, ਜੋ ਪਹਿਲਾਂ ਸੁਧੀਰ ਰਾਜਪਾਲ ਕੋਲ ਸਨ। ਅਰੁਣ ਕੁਮਾਰ ਗੁਪਤਾ: ਉਹ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵਜੋਂ ਆਪਣਾ ਕੰਮ ਜਾਰੀ ਰੱਖਣਗੇ, ਪਰ ਹੁਣ ਉਨ੍ਹਾਂ ਨੂੰ ਵਿੱਤ ਅਤੇ ਯੋਜਨਾ ਵਿਭਾਗਾਂ ਦੇ ਵਧੀਕ ਮੁੱਖ ਸਕੱਤਰ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਸਾਕੇਤ ਕੁਮਾਰ: ਉਨ੍ਹਾਂ ਨੂੰ ਉਨ੍ਹਾਂ ਦੀਆਂ ਮੌਜੂਦਾ ਡਿਊਟੀਆਂ ਦੇ ਨਾਲ-ਨਾਲ ਸ਼ਹਿਰੀ ਸਥਾਨਕ ਬਾਡੀ ਵਿਭਾਗ 'ਚ ਕਮਿਸ਼ਨਰ ਅਤੇ ਸਕੱਤਰ ਅਤੇ ਕੁਰੂਕਸ਼ੇਤਰ ਵਿਕਾਸ ਬੋਰਡ 'ਚ ਮੈਂਬਰ ਸਕੱਤਰ ਵਜੋਂ ਤਾਇਨਾਤ ਕੀਤਾ ਗਿਆ ਹੈ। ਰਾਮ ਕੁਮਾਰ ਸਿੰਘ: ਉਨ੍ਹਾਂ ਨੂੰ ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦਾ ਵਿਸ਼ੇਸ਼ ਸਕੱਤਰ ਅਤੇ ਪੰਚਕੂਲਾ ਮੈਟਰੋਪੋਲੀਟਨ ਡਿਵੈਲਪਮੈਂਟ ਅਥਾਰਟੀ ਦਾ ਵਧੀਕ ਮੁੱਖ ਕਾਰਜਕਾਰੀ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ।



### ਲੀਹ ਤੋਂ ਲਹਿ ਗਏ ਮਾਲਗੱਡੀ ਦੇ 2 ਡੱਬੇ ! ਜਾਨੀ ਨੁਕਸਾਨ ਤੋਂ ਰਿਹਾ ਬਚਾਅ

ਨੈਸ਼ਨਲ ਡੈਸਕ, 27 ਜਨਵਰੀ : ਓਡੀਸ਼ਾ ਦੇ ਕੋਰਾਪੁਟ ਜ਼ਿਲ੍ਹੇ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸੋਮਵਾਰ ਰਾਤ ਇੱਕ ਮਾਲਗੱਡੀ ਦੇ ਦੋ ਡੱਬੇ ਪਟਰੀ ਤੋਂ ਉਤਰ ਗਏ ਸਨ। ਇੱਕ ਅਧਿਕਾਰੀ ਨੇ ਮੰਗਲਵਾਰ ਨੂੰ ਇਸ ਹਾਦਸੇ ਦੀ ਜਾਣਕਾਰੀ ਸਾਂਝੀ ਕੀਤੀ। ਜਾਣਕਾਰੀ ਅਨੁਸਾਰ ਇਹ ਹਾਦਸਾ ਸੋਮਵਾਰ ਰਾਤ ਲਗਭਗ 11:35 ਵਜੇ ਵਾਪਰਿਆ। ਜਿਸ ਸਮੇਂ ਇਹ ਹਾਦਸਾ ਵਾਪਰਿਆ, ਉਸ ਸਮੇਂ ਸਮਾਨ ਨਾਲ ਲੱਦੀ ਹੋਈ ਇਹ ਮਾਲਗੱਡੀ ਜਗਦਲਪੁਰ ਤੋਂ ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼) ਵੱਲ ਜਾ ਰਹੀ ਸੀ। ਰਾਹਤ ਦੀ ਗੱਲ ਇਹ ਰਹੀ ਕਿ ਇਸ ਹਾਦਸੇ ਵਿੱਚ ਕਿਸੇ ਦੇ ਵੀ ਹਤਾਹਤ ਹੋਣ ਜਾਂ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਰੇਲਵੇ ਅਧਿਕਾਰੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਹਾਦਸੇ ਕਾਰਨ ਮੁਸਾਫ਼ਰ ਟ?ਰੇਨਾਂ ਦੀ ਆਵਾਜਾਈ 'ਤੇ ਕੋਈ ਪ੍ਰਭਾਵ ਨਹੀਂ ਪਿਆ ਹੈ। ਹਾਦਸੇ ਤੋਂ ਤੁਰੰਤ ਬਾਅਦ ਰੇਲਵੇ ਵਿਭਾਗ ਵੱਲੋਂ ਪਟਰੀ ਦੀ ਮੁਰੰਮਤ ਅਤੇ ਬਹਾਲੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਤਾਂ ਜੋ ਰੂਟ ਨੂੰ ਪੂਰੀ ਤਰ੍ਹਾਂ ਸਾਫ਼ ਕੀਤਾ ਜਾ ਸਕੇ। ਅਧਿਕਾਰੀਆਂ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

### ਬੰਦੂਕਾਂ ਦੀ ਦੁਕਾਨ 'ਤੇ ਹੋ ਗਿਆ ਧਮਾਕਾ ! ਸੜਕ 'ਤੇ ਆ ਡਿੱਗੇ ਲੋਕ

ਨੈਸ਼ਨਲ ਡੈਸਕ, 27 ਜਨਵਰੀ : ਮੱਧ ਪ੍ਰਦੇਸ਼ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਗਣਤੰਤਰ ਦਿਵਸ ਦੀ ਸ਼ਾਮ ਨੂੰ ਰਤਲਾਮ ਸ਼ਹਿਰ ਵਿੱਚ ਇੱਕ ਬੰਦੂਕਾਂ ਦੀ ਦੁਕਾਨ ਵਿੱਚ ਹੋਏ ਜ਼ਬਰਦਸਤ ਧਮਾਕੇ ਕਾਰਨ ਤਿੰਨ ਲੋਕ ਗੰਭੀਰ ਰੂਪ ਵਿੱਚ ਝੁਲਸ ਗਏ। ਇਹ ਹਾਦਸਾ ਸ਼ਹਿਰ ਦੇ ਵਿਅਸਤ ਚਾਂਦਨੀ ਚੌਕ ਖੇਤਰ ਵਿੱਚ ਵਾਪਰਿਆ, ਜਿਸ ਤੋਂ ਬਾਅਦ ਇਲਾਕੇ ਵਿੱਚ ਅਫਰਾ-ਤਫਰੀ ਮਚ ਗਈ। ਮੁਢਲੀ ਜਾਣਕਾਰੀ ਅਨੁਸਾਰ, ਲੱਕੜਪੀਠਾ ਰੋਡ 'ਤੇ ਸਥਿਤ ਇਸ ਦੁਕਾਨ ਵਿੱਚ ਵੈਲਡਿੰਗ ਦਾ ਕੰਮ ਚੱਲ ਰਿਹਾ ਸੀ। ਵੈਲਡਿੰਗ ਦੌਰਾਨ ਨਿਕਲੀ ਚੰਗਿਆੜੀ ਕਾਰਨ ਦੁਕਾਨ ਵਿੱਚ ਪਏ ਬਾਰੂਦ ਨੇ ਅੱਗ ਫੜ ਲਈ, ਜਿਸ ਕਾਰਨ ਭਿਆਨਕ ਧਮਾਕਾ ਹੋਇਆ। ਇਸ ਹਾਦਸੇ ਵਿੱਚ ਦੁਕਾਨ ਮਾਲਕ ਯੂਸੁਫ ਅਲੀ, ਵੈਲਡਿੰਗ ਕਾਰੀਗਰ ਸ਼ੇਖ ਰਫੀਉਦੀਨ ਅਤੇ ਉਸ ਦਾ ਸਾਥੀ ਨਾਜ਼ਿਰ ਬੁਰੀ ਤਰ੍ਹਾਂ ਝੁਲਸ ਗਏ ਹਨ। ਧਮਾਕਾ ਇੰਨਾ ਭਿਆਨਕ ਸੀ ਕਿ ਇਹ ਲੋਕ ਦੁਕਾਨ ਤੋਂ ਬਾਹਰ ਸੜਕ 'ਤੇ ਆ ਡਿੱਗੇ। ਜ਼ਖ਼ਮੀਆਂ ਨੂੰ ਪਹਿਲਾਂ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਪਰ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਮੈਡੀਕਲ ਕਾਲਜ ਅਤੇ ਬਾਅਦ ਵਿੱਚ ਇੰਦੌਰ ਰੈਫਰ ਕਰ ਦਿੱਤਾ ਗਿਆ ਹੈ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਮੌਕੇ 'ਤੇ ਪਹੁੰਚੀ। ਪੁਲਸ ਅਤੇ ਫੋਰੈਂਸਿਕ ਲੈਬ ਦੇ ਅਧਿਕਾਰੀਆਂ ਨੇ ਮੌਕੇ ਤੋਂ ਖਾਲੀ ਕਾਰਤੂਸ ਅਤੇ ਬਾਰੂਦ ਬਰਾਮਦ ਕੀਤਾ ਹੈ। ਪੁਲਸ ਨੇ ਦੁਕਾਨ ਦੇ ਅੰਦਰ ਮੌਜੂਦ ਵੱਡੀ ਮਾਤਰਾ ਵਿੱਚ ਬੰਦੂਕਾਂ ਅਤੇ ਹੋਰ ਸਮੱਗਰੀ ਨੂੰ ਜ਼ਬਤ ਕਰ ਲਿਆ ਹੈ।

### ਹਾਲੇ ਨਹੀਂ ਹਟੇਗਾ ਮੀਂਹ ! ਮੌਸਮ ਵਿਭਾਗ ਨੇ ਉੱਤਰੀ ਭਾਰਤ ਲਈ ਜਾਰੀ ਕੀਤਾ ਅਲਰਟ

ਨੈਸ਼ਨਲ ਡੈਸਕ, 27 ਜਨਵਰੀ : ਅੱਜ ਸਵੇਰ ਤੋਂ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਹਲਕੀ ਬਾਰਿਸ਼ ਹੋ ਰਹੀ ਹੈ, ਉੱਥੇ ਹੀ ਪੂਰੇ ਉੱਤਰੀ ਭਾਰਤ ਵਿੱਚ ਜਨਵਰੀ ਦੇ ਅੰਤਿਮ ਹਫ਼ਤੇ ਦੌਰਾਨ ਮੌਸਮ ਇੱਕ ਵਾਰ ਫਿਰ ਕਰਵਟ ਲੈਣ ਵਾਲਾ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ 27 ਅਤੇ 28 ਜਨਵਰੀ ਨੂੰ ਉੱਤਰ ਪ੍ਰਦੇਸ਼, ਪੰਜਾਬ ਅਤੇ ਦਿੱਲੀ-ਹਰਿਆਣਾ ਦੇ ਇਲਾਕਿਆਂ ਵਿੱਚ ਭਾਰੀ ਬਾਰਿਸ਼ ਅਤੇ ਤੇਜ਼ ਹਵਾਵਾਂ ਚੱਲਣ ਦਾ ਹਾਈ ਅਲਰਟ ਜਾਰੀ ਕੀਤਾ ਹੈ, ਜਦਕਿ ਮੌਸਮ ਵਿਗਿਆਨੀਆਂ ਅਨੁਸਾਰ, ਪੱਛਮੀ ਹਵਾਵਾਂ ਦੇ ਪ੍ਰਭਾਵ ਅਤੇ ਉੱਤਰੀ ਪਾਕਿਸਤਾਨ ਦੇ ਉੱਪਰ ਬਣੇ ਘੱਟ ਦਬਾਅ ਵਾਲੇ ਖੇਤਰ ਕਾਰਨ ਮੌਸਮ ਵਿੱਚ ਇਹ ਤਬਦੀਲੀ ਆ ਰਹੀ ਹੈ।

## UGC ਦੇ ਨਵੇਂ ਨਿਯਮਾਂ 'ਤੇ ਦੇਸ਼ ਭਰ 'ਚ ਹੰਗਾਮਾ, ਸੁਪਰੀਮ ਕੋਰਟ ਪੁੱਜਾ ਵਿਵਾਦ, ਜਾਣੋ ਪੂਰਾ ਮਾਮਲਾ

ਨਵੀਂ ਦਿੱਲੀ, 27 ਜਨਵਰੀ : ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ("73) ਵੱਲੋਂ ਜਾਰੀ ਕੀਤੇ ਗਏ ਨਵੇਂ ਨਿਯਮਾਂ ਨੂੰ ਲੈ ਕੇ ਦੇਸ਼ ਭਰ ਵਿੱਚ ਹੰਗਾਮਾ ਮਚਿਆ ਹੋਇਆ ਹੈ। ਇਨ੍ਹਾਂ ਨਿਯਮਾਂ ਵਿਰੁੱਧ ਅੱਜ ਦਿੱਲੀ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਦੂਜੇ ਪਾਸੇ, ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਜਲਦੀ ਹੀ ਇਸ ਵਿਵਾਦ 'ਤੇ ਸਥਿਤੀ ਸਪੱਸ਼ਟ ਕਰਨ ਲਈ ਤੱਥ (Facts) ਜਾਰੀ ਕਰੇਗੀ ਅਤੇ ਇਹ ਭਰੋਸਾ ਦਿੱਤਾ ਗਿਆ ਹੈ ਕਿ ਇਨ੍ਹਾਂ ਨਿਯਮਾਂ ਦੀ ਕਿਸੇ ਵੀ ਕੀਮਤ 'ਤੇ ਦੁਰਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ। UGC ਨੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਜਾਤੀਗਤ ਭੇਦਭਾਵ ਨੂੰ ਰੋਕਣ ਅਤੇ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ ÓPromotion of Equity in Higher Education Institutions Regulations, 2026' ਲਾਗੂ ਕੀਤੇ ਹਨ। ਇਨ੍ਹਾਂ ਨਿਯਮਾਂ ਤਹਿਤ ਹਰ ਯੂਨੀਵਰਸਿਟੀ ਅਤੇ ਕਾਲਜ ਵਿੱਚ ਇੱਕ 'ਇਕੁਇਟੀ ਕਮੇਟੀ' ਬਣਾਉਣੀ ਲਾਜ਼ਮੀ ਹੋਵੇਗੀ। ਇਹ ਕਮੇਟੀ SC, ST ਅਤੇ OBC ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਸੁਣੇਗੀ ਅਤੇ ਤੈਅ ਸਮੇਂ ਅੰਦਰ ਉਨ੍ਹਾਂ ਦਾ ਨਿਪਟਾਰਾ ਕਰੇਗੀ। ਇਸ ਕਮੇਟੀ ਵਿੱਚ SC-ST, OBC, ਦਿਵਿਆਂਗ ਅਤੇ ਔਰਤਾਂ ਦਾ ਹੋਣਾ ਲਾਜ਼ਮੀ ਕੀਤਾ ਗਿਆ ਹੈ। ਇਨ੍ਹਾਂ ਨਿਯਮਾਂ ਦਾ ਸਭ ਤੋਂ ਵੱਧ ਵਿਰੋਧ ਸਵਰਨ (ਜਨਰਲ ਕੈਟੇਗਰੀ) ਦੇ ਵਿਦਿਆਰਥੀਆਂ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਨਿਯਮ ਸਵਰਨਾਂ ਦੇ ਵਿਰੁੱਧ ਹਨ ਕਿਉਂਕਿ ਇਨ੍ਹਾਂ ਵਿੱਚ ਸਿਰਫ SC, ST ਅਤੇ OBC ਵਿਰੁੱਧ ਭੇਦਭਾਵ ਦੀ ਗੱਲ ਕੀਤੀ ਗਈ ਹੈ ਅਤੇ ਜਨਰਲ ਕੈਟੇਗਰੀ ਦੇ ਵਿਦਿਆਰਥੀਆਂ ਨੂੰ ਭੇਦਭਾਵ ਦਾ ਸ਼ਿਕਾਰ ਮੰਨਿਆ ਹੀ ਨਹੀਂ ਗਿਆ। ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਨ੍ਹਾਂ ਨਿਯਮਾਂ ਦੀ ਵਰਤੋਂ ਕਰਕੇ ਕੋਈ ਵੀ ਵਿਦਿਆਰਥੀ ਸਵਰਨਾਂ ਨੂੰ ਫਸਾਉਣ ਲਈ ਝੂਠੀ ਸ਼ਿਕਾਇਤ ਕਰ ਸਕਦਾ ਹੈ, ਜਿਸ ਨਾਲ ਭੇਦਭਾਵ ਘਟਣ ਦੀ ਬਜਾਏ ਵਧ ਸਕਦਾ ਹੈ। ਇਹ ਵਿਵਾਦ ਹੁਣ ਸੁਪਰੀਮ ਕੋਰਟ ਦੀਆਂ ਬਰੂਹਾਂ ਤੱਕ ਵੀ ਪਹੁੰਚ ਗਿਆ ਹੈ। ਪਟੀਸ਼ਨਕਰਤਾਵਾਂ ਨੇ ਚੀਫ਼ ਜਸਟਿਸ ਦੇ ਸਾਹਮਣੇ ਇਸ ਮਾਮਲੇ ਦੀ ਜਲਦ ਸੁਣਵਾਈ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਨਿਯਮ "73 ਐਕਟ ਅਤੇ ਉੱਚ ਸਿੱਖਿਆ ਵਿੱਚ ਬਰਾਬਰ ਮੌਕਿਆਂ ਦੀ ਭਾਵਨਾ ਦੇ ਵਿਰੁੱਧ ਹਨ। UGC ਮੁਤਾਬਕ ਪਿਛਲੇ ਪੰਜ ਸਾਲਾਂ ਵਿੱਚ SC/ST/OBC ਵਰਗ ਵਿਰੁੱਧ ਭੇਦਭਾਵ ਦੀਆਂ ਸ਼ਿਕਾਇਤਾਂ ਵਿੱਚ 118.4% ਦਾ ਵਾਧਾ ਹੋਇਆ ਹੈ। ਸਾਲ 2019-20 ਵਿੱਚ 173 ਸ਼ਿਕਾਇਤਾਂ ਸਨ, ਜੋ 2023-24 ਵਿੱਚ ਵਧ ਕੇ 378 ਹੋ ਗਈਆਂ ਹਨ, ਜਿਸ ਕਾਰਨ ਇਹ ਨਵੇਂ ਨਿਯਮ ਜ਼ਰੂਰੀ ਹੋ ਗਏ ਸਨ। ਸਰਕਾਰ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਬਜਟ ਸੈਸ਼ਨ ਤੋਂ ਪਹਿਲਾਂ ਇਸ ਨੂੰ ਸਿਆਸੀ ਮੁੱਦਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਨ੍ਹਾਂ ਨਿਯਮਾਂ ਦਾ ਉਦੇਸ਼ ਕਿਸੇ ਵਰਗ ਦੇ ਖਿਲਾਫ ਹੋਣਾ ਨਹੀਂ, ਸਗੋਂ ਸਾਰੇ ਵਿਦਿਆਰਥੀਆਂ ਅਤੇ ਸਟਾਫ ਲਈ ਇੱਕ ਸੁਰੱਖਿਅਤ ਮਾਹੌਲ ਬਣਾਉਣਾ ਹੈ। ਸਰਕਾਰ ਮੁਤਾਬਕ ਨਿਯਮਾਂ ਨੂੰ ਲੈ ਕੇ ਭਰਮ ਫੈਲਾਇਆ ਜਾ ਰਿਹਾ ਹੈ, ਜਿਸ ਨੂੰ ਦੂਰ ਕਰਨ ਲਈ ਜਲਦੀ ਹੀ ਵਿਸਤ੍ਰਿਤ ਸਪੱਸ਼ਟੀਕਰਨ ਜਾਰੀ ਕੀਤਾ ਜਾ ਸਕਦਾ ਹੈ।